इस तरह Opposition को आप दबाना चाहते हैं। आप हम से चाहते हैं कि हम पुलिस के काम की तारीफ़ करें। हम उन के अच्छे कामों की तारीफ़ करने के लिये तैयार हैं मगर जब वह ज़्यादतियां करें तो हम तारीफ कैसे करें ? (इस मौके पर घंटी बजी) मेरा ख्याल था कि मेरे लिये १० मिनट रखे गये हैं मगर मैं अब दो एक मिनट में ही एक दो बातें कहना चाहता हूं।

जहां पर हमारी सरकार की कुछ बातों की तारीफ़ की गई है उस में ट्रांसपोर्ट की Nationalisation भी शामिल है। इस के बारे में हमारी प्रदेश कांग्रेस के प्रधान ज्ञानी गुरमुख सिंह मुसाफ़िर और श्रीमती सीता देवी ने बहुत मुख़ालफ़त की है। मैं अर्ज़ करना चाहता हूं कि किसी तरह से उन शरणार्थियों को आबाद किया जाये जिन्होंने आज़ादी की जंग में बड़ी कुरबानी दी। ट्रांसपोर्ट की Nationalisation की तजवीज़ से मुझे बहस नहीं। हमारे सामने तो एक और तजवीज़ है। और यह है Text Books को nationalise करना। इस वक्त मेरे सामने 50 किताबें हैं। मेरी यह शिकायत नहीं कि बच्चों के लिये किताबें समय पर क्यों नहीं मिलीं। मगर मेरी शिकायत यह है कि यह 50 किताबें हिंदी और पंजाबी की हैं। लेकिन मुझे बड़े अफ़सोस के साथ कहना पड़ता है कि इन में सैंकड़ों ग़लतियां हैं। इस को Nationalisation कहा जाता है।

वज़ीर साहिब, ट्रांसपोर्ट वालों से चंदे लें, दावतें उड़ायें. मुझे इस पर कोई एतराज़ नहीं। लेकिन यह हमारे बच्चों की तालीम का सवाल है। जनाबे आली, मैं बजट की बहस के दौरान में एक एक किताब और उस की गलतियों पर बहस करूंगा। अब वक्त की तंगी के बाइस इन को छोड़ कर एक बहुत ज़रूरी बात का ज़िक्र करता हूं। आप जानते हैं कि जिस इलाके से मैं और चौधरी यासीन खां साहिब मैम्बर हैं वहां गो कशी के ख़िलाफ़ एक भारी आन्दोलन चल रहा है। उस के बारे में हमारी सरकार ने इस एडरेस में कुछ नहीं बताया कि इस बारे में क्या कुछ किया जायगा, कितना रुपया इस काम के लिये रखा गया है। और क्या कुछ करने का इरादा है।

प्रोफैसर शेर सिंह (झज्जर): अध्यक्ष महोदय ! जब ज़मींदारा पार्टी के सदस्य खड़े हुए तो मेरा ख्याल था कि वे पार्टी भाव से बालातर रह कर बात करेंगे। लेकिन उन की बातें सुन कर मैं तो यही कहूंगा कि यह जो वावेला डेढ़ महीने से रोहतक में हो रहा है वह सब पार्टी बाजी के सिवाये कुछ नहीं है। हमारे ज़िला में जलूस निकला और मज़ाहरा हुआ। उस में सिवाये जाट कालिज के विद्यार्थियों और उस पार्टी के, जिस का इस कालिज पर अधिकार है, कोई नहीं था। देहातों से तो लोग आ न सके. विद्यार्थियों को ही उकसा कर रोहतक में जलूस निकाला गया। मैं पूछता हूं कि क्या इस कालिज के सिवा वहां कोई आबादी नहीं ? क्या किसी और को मां-बहनों की इज्जत का कोई ख्याल नहीं था ? क्या इन विद्यार्थियों के सिवा वह जलूस निकालने वाला कोई न रहा था ?

फिर Bar Association का नाम लिया गया है कि वह तो पार्टीबाजी से ऊंची है। लेकिन अगर आप वकीलों के नामों को पढ़ें तो मालूम होगा कि हर एक वकील का किसी न किसी पार्टी से ताल्लुक है और वे सब सरकार की विरोधी पार्टियां हैं, और Inquiry के Chairman साहिब तो एक पार्टी की मुफ्त वकालत भी करते रहे हैं। अगर Inquiry ही करनी थी तो दूसरी पार्टियों के लोगों को भी शामिल कर लिया जाता। आखिर हमारे दिल में भी मां–बहिनों का दर्द है। क्या उन की इज्जत के वही ठेकेदार हैं?

फिर इस सिलसिले में कुछ बड़े आदमियों के नाम लिये गये हैं। स्वामी स्वतन्त्रानन्द जी को मैं भी पन्द्रह बीस साल से जानता हूं। जब वे रोहतक आये तो मुझे बुलाया और मैंने उन से असल बात पूछी तो उन्होंने फ़रमाया कि हमने खुद तो किसी देवी से कुछ नहीं पूछा। अलबत्ता मारपीट की शिकायत हम से ज़रूर की गई है। उन्होंने चार आदमियों के नाम बताये। वे लोगों को अंगूठे दिखाते थे कि देखो हम आराम से बैठे हैं क्योंकि पुलिस उन के घरों में बैठी थी। चुनांचि लोगों ने कहा कि अगर पुलिस वाले इन चार आदमियों को भी पीट देते तो फिर सब की तसल्ली हो जाती। अब मैं पूछता हूं कि जितनी ज्यादती मेरे दोस्त कहते हैं अगर उतनी ही सचमुच हुई होती तो लोग किस तरह कह देते कि इन चार को पीट देते तो हमारी तसल्ली हो जाती। देवियों के अपमान को कोई कैसे भुला सकता है? बहन लक्ष्मी देवी का भी नाम लिया गया है। और उन्होंने लिया है जो उन को हराने के ज़िम्मेदार थे। मैंने उन से भी सब कुछ पूछा। जो बयान उन्होंने लिये थे वे भी पढ़े। उन्होंने कहा कि यह बातें हम से कहीं गईं लेकिन जिन बहिनों ने ये बातें कहीं उन का डाकूओं से सम्बन्ध है।

श्री सिरी चन्द : क्या सम्बन्ध है?

प्रोफेसर शेर सिंह : आप बहनों के मुंह और गाल काटने का ज़िक्र कर सकते हैं। मैं ऐसी बातें नहीं कर सकता। आप ही बता दें किस का किस से क्या सम्बन्ध है।

श्री सिरी चन्द : इन में से एक तो काले की बहिन है। अब मैं पूछता हूं कि क्या उस के साथ पुलिस की ज़बरदस्ती इसलिये ठीक और जाइज़ है कि वह बेचारी एक मफ़रूर की बहिन है?

प्रोफेसर शेर सिंह : बुरा सलूक किसी से भी हो, बुरा है। ठीक है, परन्तु देखना तो यह है कि वह सत्य है या नहीं। अब दूसरे गांव की सुनिये। वहां कुछ वकील साहिबान गये थे मगर सिर्फ़ आध घंटा ठहरे। हम दो तीन घंटे वहां रहे। सब से पूछ ताछ की। किसी ने भी हमें कोई चोट नहीं दिखाई। यही कहा कि अंदर की मार मारी है। उन को ठीक मान कर भी जब तक किसी का नाम न लिया जाए और कोई सबूत न हो, कुछ कार्यवाही करना मुश्किल है। परन्तु यदि ऐसा हुआ तो अच्छा नहीं हुआ। लोगों का माल लूटने की बात नहीं। आपने यह भी कहा है कि पुलिस ने वहां से 5 लाख का सामान लूटा। मगर हम से उन लोगों ने यही कहा कि जितना माल लिया वह सब सुनार की दुकान पर तुलवाया गया। हमने भरी पंचायत में पूछा कि क्या कोई ऐसा माल भी था जो फहरिस्त में दर्ज न किया गया था। हमें

[प्रोफ़ैसर शेर सिंह]

यकीन दिलाया गया कि वह तमाम माल जो वहां से ले जाया गया फ़हरिस्त में दर्ज था। हमने औरतों के बारे भी मालूमात हासिल की। हम से किसी ऐसी हरकत का किसी ने ज़िक्र नहीं किया जो हमारे मित्रों ने यहां पर बयान की हैं। मैं मानता हूं कि पुलिस के खिलाफ़ यह दो संगीन इलज़ाम हो सकते हैं। एक फ़हरिस्त में किसी माल का दर्ज न करना और माल घरों से ले जाना और दूसरे स्त्रियों के साथ बलात्कार किया जाना। यदि यह दो इलज़ाम पुलिस के खिलाफ़ साबत कर दिये जायें तो हम सब से पहले Police के खिलाफ़ आवाज़ उठायेंगे और जब तक अपराधियों को पूरी सज़ा नहीं मिलती आराम से न बैठेंगे। हम देवी माताओं की बेइज्ज़ती किसी सूरत में बर्दाश्त नहीं कर सकते। देवियों की बेइज्ज़ती हमारी और हमारे सारे राष्ट्र की बेइज्ज़ती है। हमने भारी पंचायत में (रावड़ा गांव की) स्त्रियों के बलात्कार के सम्बन्ध में की गई शिकायतों की, कि घरों में मारा, जांच करने के पश्चात् कहा कि हमें किसी देवी ने नहीं कहा कि बलात्कार हुआ और कहा तो वह विश्वास के लायक नहीं। और कोई शिकायत उन्हें हो तो बताने के लिये कहा और अन्त में अपना विचार सुनाया कि दोनों संगीन इलज़ामों में कोई सचाई नहीं है। लेकिन हमने रोहतक में जलसा किया और लोगों को अपनी तमाम मालूमात बताई। हमने कहा कि जिस शख्स को भी इन बातों के बारे में कुछ शक है वह बेशक हमारे साथ चले और अपनी तसल्ली कर ले। कोई भी हमारे साथ चलने को तैयार नहीं हुआ।

स्पीकर साहिब, मैं पंडित श्री राम जी शर्मा की बेशक तारीफ़ करता हूं कि उन के यहां कहने के अनुसार वे मफ़रूरों की रोक थाम के लिये हमेशा काम करते रहे हैं। कल जब उन्होंने यह बताया कि वे वज़ीरे आज़म को रोहतक से गुंडा गर्दी दूर करने के लिये लिखते रहे, हमारा मन बहुत प्रसन्न हुआ। मैं उन को इस काम पर बधाई देता हूं। लेकिन मुझे हैरानी है कि मेरे दूसरे दोस्त आप गुंडों के खिलाफ़ तकरीरें करने के लिये कैसे खड़े हो गये। वह उस समय कहां थे जब डाकू देवियों की बेइज्ज़ती करते रहते थे और पांच पांच सौ रुपया ले कर लोगों का खून कर दिया जाता था? बात केवल पार्टीबाज़ी की है। इस प्रान्त में आप से पहले बोलने पर कोई पाबन्दी नहीं थी। विधान सभा का अधिवेशन भी हुआ। परन्तु इस पर कभी भी उन्होंने एक शब्द नहीं कहा। अब समाज विरोधी कार्यवाहियां और मनुष्यों की हत्या करने वालों के विरुद्ध सरकार ने कार्यवाही की तो वावेला मचा दिया। मैं समझता हूं कि इस बार पंडित श्री राम जी शर्मा ने भी ठीक काम नहीं किया। उन्होंने कहा है कि वे बयानात लेने इस लिये नहीं गये कि इस काम को पार्टी बाज़ी न समझा जाये। मैं समझता हूं कि उन्हें खुद जा कर सब बातों का पता करना चाहिये था। और इस कार्यवाही पर जो उन की पहली इच्छा के अनुसार हुई, सरकार को बधाई भी देनी चाहिये थी।

एक बात मैं Police Department के सामने रखना चाहता हूं हमारी Police का पिछला Record ऐसा है कि लोगों का उन पर विश्वास नहीं। आप लोग ख्याल करते हैं कि यह भले आदमियों की नहीं, बदमाशों की Protection करते हैं। मैं कहता हूं कि Police को ऐसा रवैया इख्तियार करना चाहिये कि लोगों का यह Impression दूर हो जाये। यह बात विभाग के लिये कोई शान की बात नहीं। क्योंकि लोगों पर कुछ ऐसा बुरा प्रभाव है कि पुलिस के विरोध में कही गई झूठी

बातों पर भी वे विश्वास कर लेते हैं। इस सम्बन्ध में भी, मैंने गांव में भ्रमण करते हुए जगह २ लोगों से यही सुना कि पुलिस ने बड़ा अत्याचार किया। पुलिस को लोगों की सेवा करके ऐसा वातावरण बनाना चाहिये कि उन के सम्बन्ध में कही गई झूठी बात और अतिशयोक्ति पर लोग विश्वास न करें।

ਸਰਦਾਰ ਸ਼ਮਸ਼ੇਰ ਸਿੰਘ (ਲੁਧਿਆਣਾ ਸਦਰ) : ਸਪੀਕਰ ਸਾਹਿਬ ! ਆਪ ਜੀ ਦੀ ਬੜੀ ਮਿਹਰਬਾਨੀ ਹੈ ਕਿ ਮੈਨੂੰ ਵੀ ਵਕਤ ਦਿਤਾ ਗਿਆ ਹੈ। ਮੈਂ ਆਪ ਜੀ ਦਾ ਬਹੁਤ ਵਕਤ ਨਹੀਂ ਲਵਾਂਗਾ। ਮੈਂ ਗਵਰਨਰ ਸਾਹਿਬ ਦੇ Address ਦੇ ਪਿਛਲੇ ਹਿੱਸੇ ਦੇ ਬਾਰੇ ਕੁਝ ਕਹਿਣਾ ਹੈ। ਉਨ੍ਹਾਂ ਨੇ ਇਸ਼ਾਰਾ ਕੀਤਾ ਹੈ ਕਿ U.S. ਅਤੇ ਪਾਕਿਸਤਾਨ ਦੇ Pact ਦੇ ਕਾਰਨ ਸਾਨੂੰ ਇਕੱਠਾ ਹੋ ਜਾਣਾ ਚਾਹੀਦਾ ਹੈ ਤਾਂ ਜੋ ਖਤਰੇ ਦਾ ਮੁਕਾਬਲਾ ਇਕੱਠੇ ਹੋਕੇ ਕਰੀਏ। ਮੇਰਾ ਇਹ ਵਿਚਾਰ ਹੈ ਕਿ ਸਿਰਫ ਇਹ ਗਲ ਕਹਿ ਦੇਣ ਨਾਲ ਤਾਂ ਅਸੀਂ ਇਕੱਠੇ ਹੋ ਨਹੀਂ ਜਾਵਾਂਗੇ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਗੱਲ ਲਈ ਕੋਈ ਠੋਸ ਕਾਰਵਾਈ ਕਰੇ ਜਿਸ ਨਾਲ Leftist Groups ਦਾ ਸਹਿਯੋਗ ਮਿਲੇ। ਸਾਨੂੰ ਚਾਹੀਦਾ ਹੈ ਕਿ Party Politics ਵਿਚੋਂ ਨਿਕਲ ਕੇ ਇਕੱਠੇ ਹੋਣ ਲਈ ਆਪ ਜਨਤਾ ਵਿਚ ਵਿਸ਼ਵਾਸ ਪੈਦਾ ਕਰੀਏ।

ਦੂਜੀ ਗਲ ਇਹ ਹੈ ਕਿ ਸਾਡਾ ਸੂਬਾ ਸਰਹੱਦੀ ਸੂਬਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਵਿਚ Martial Spirit ਪੈਦਾ ਕਰੇ। ਇਹ ਕਿਹਾ ਜਾ ਸਕਦਾ ਹੈ ਕਿ Defence ਕੇਂਦਰੀ ਸਰਕਾਰ ਦਾ ਕੰਮ ਹੈ। ਆਜ਼ਾਦ ਦੇਸ਼ ਦੇ ਸ਼ਹਿਰੀ ਦਾ ਫ਼ਰਜ਼ ਹੈ ਕਿ ਦੇਸ਼ ਦੀ ਰਖਿਆ ਕਰੇ। ਪਰ ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਵੀ ਤਾਂ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ। ਹੋਰ ਨਹੀਂ ਤਾਂ ਲੋਕਾਂ ਨੂੰ Arms ਦੇ Licence ਹੀ ਆਮ ਦੇ ਦਿਤੇ ਜਾਣ। Licence ਦੇਣ ਦੇ ਇਖ਼ਤਿਆਰ ਪੰਚਾਇਤਾਂ ਨੂੰ ਜਿਨ੍ਹਾਂ ਦੇ ਬਾਰੇ ਇਨ੍ਹਾਂ ਦਿਨਾਂ ਵਿਚ ਬੜਾ ਚਰਚਾ ਹੋ ਰਿਹਾ ਹੈ, ਦੇ ਦਿਤੇ ਜਾਣ। ਸਾਨੂੰ Party Politics ਵਿਚੋਂ ਨਿਕਲਣਾ ਚਾਹੀਦਾ ਹੈ ਅਤੇ ਹੁਣ ਤੋਂ ਹੀ ਪੂਰੇ ਮਨ ਨਾਲ ਤਿਆਰੀ ਕਰਨੀ ਚਾਹੀਦੀ ਹੈ ਤਾਂ ਜੋ Border ਟੱਪਣ ਵੇਲੇ ਦੁਸ਼ਮਣ ਕਈ ਵਾਰੀ ਸੋਚੇ। ਉਸ ਨੂੰ ਇਹ ਦਿਸੇ ਕਿ ਜੇ ਮੈਂ ਲਤ ਦੂਸਰੇ ਪਾਸੇ ਰਖੀ ਤਾਂ ਖਤਮ ਹੋ ਜਾਵਾਂਗਾ।

श्रीमती शन्नो देवी (अमृतसर शहर, पश्चिम): स्पीकर साहिब ! चूंकि समय बहुत थोड़ा है इसलिये अगर मैं इस हाउस की किसी मुश्किल को हल करने का सबब न बन सकूं तो कम से कम हाउस में मुश्किल पैदा करने का सबब भी नहीं बनना चाहती। जैसा कि मुझ से पेश्तर बोलने वाले भाई ने अपने विचार आप के सामने रखे हैं मैं गवर्नर महोदय के ऐड्रैस (Address) में जो आखिर का पैरा 19 है उस की तरफ़ ईवान के मैम्बरों का ध्यान दिलाना चाहती हूं। आम आदमी तो छोटी छोटी बातों पर लड़ना जानते हैं लेकिन सियासतदान, बहादुर और देशभक्त—चाहे वह पुरुष या स्त्रियां हों—समय की की आवश्यकता को पहचानते हैं। मैं चाहती थी कि डिप्टी लीडर सरदार प्रताप सिंह मेरे नजदीक आ जाते और मेरे विचारों को सुनते। अमृतसर में पाकिस्तान यू० एस० ऐ० गठ जोड़ की Meeting में जो सरदार प्रताप सिंह ने Address की थी और जिस के सभापति हमारे असैम्बली के सदर थे; उन्होंने बड़ी खुशी का इजहार किया था और उन्होंने कहा था कि हमें आपस के मत-भेद खत्म कर के संगठित होकर दुश्मन का मुकाबला करना चाहिये। स्पीकर साहिब ! मैं आप की वसातत से इस ईवान के मैम्बरों

[श्रीमती शन्नो देवी]

को कहना चाहती हूं कि बड़ी से बड़ी खूबसूरत अमारत की अगर बुनयाद की ईंटें हिल जायें तो वह अमारत गिर जाती है। मुझे इस सिलसिले में पंजाबी का एक मुहावरा याद आ गया है—

"खान पीन नूं वखरे ते लड़न भिड़न नूं इकट्ठे"

अगर आज इस ईवान का कोई मैम्बर यह सोचे कि मैं किसी दूसरे को गिरा कर ऊंचा हो जाऊं या फुलां व्यक्ति मेरे विचारों से सहमत नहीं होता इसलिये इसे हटा दिया जाये तो यह नहीं हो सकता। जब मुश्किल से हासिल की गई आजादी को किसी तरफ़ से खतरे के आसार दिखाई देते हों तो पंजाब के लोग एक किनाराकश हो कर अलग नहीं बैठ सकते। जब तक मेरा इस पार्टी से सम्बन्ध है मैं भी गवर्नमैण्ट हूं और इस बात से कोई भी इनकार नहीं कर सकता। अगर यह कहा जाये कि सात आदमियों की गवर्नमेंट है तो यह ग़लत बात है। मैं और आप गवर्नमैण्ट हैं। अगर सरकारी बैंचों पर बैठे हुए लोग सोच लें कि चाहे वह गलती करें तो भी वह मज़बूत रह सकते हैं तो यह ग़लत बात है। स्पीकर साहिब ! मैं इस मौके का फ़ायदा उठा कर भाइयों को चेतावनी देना चाहती हूं और अपनी बहिनों को भी कहना चाहती हूं कि अगर किसी वक़्त हमारे देश पर आक्रमण होने का डर हो तो हमें उसका मुकाबला करने के लिये हमेशा तैयार रहना चाहिये। पंडित जवाहर लाल नेहरू का नाम हम लेते हैं। महात्मा गांधी का चित्र हमारे सामने है और उन का आचरण हमारे सामने है अगर हम उन के बताये हुए मार्ग पर नहीं चलते तो काम खराब हो जायगा। हमें पूरी पूरी कोशिश करनी चाहिये ताकि जो आज़ादी हम ने मुश्किल से हासल की है उसे परमात्मा न करे कि कोई आंच आ जाये। स्पीकर साहिब ! मैं कहना चाहती हूं कि हमारी गवर्नमैण्ट कोई कायर गवर्नमैण्ट नहीं है। हमारी गवर्नमैण्ट कोई भूली हुई गवर्नमैण्ट नहीं है। हमारी गवर्नमेंट कोई नादानों की गवर्नमेंट नहीं—है हमारी गवर्नमैण्ट निकम्मे आदमियों की इकट्ठी की हुई गवर्नमैण्ट नहीं है। हमारी गवर्नमैण्ट बहुत सियाने और बुद्धिमान लोगों की गवर्नमैण्ट है। जब गवर्नर साहिब के ऐड्रैस (Address) पर कल बहस हुई तो मुझे यह कहते हुए शर्म आती है और अफ़सोस होता है कि हमारे ईवान में बहस का मियार बहुत गिर गया है। मुझे अफ़सोस से कहना पड़ता है कि कि हमारे Constitutional Head अर्थात् गवर्नर साहिब जिन की मार्फ़त गवर्नमैण्ट का संदेश इस हाउस में दिया जाता है और जिन्होंने यहां आकर गवर्नमैण्ट की नीति का खाका हमारे सामने पेश किया उन का अगर हम मुनासिब एहतराम न करें तो यह हमारे इखलाक की बुलंदी नहीं है। मैंने मन में सोचा कि किस तरह तसवीर खेंच कर दिखाई जा रही है और बहिनों का चरित्र बताया जा रहा है। अगर यह गवर्नमेंट निकम्मी गवर्नमेंट नहीं है तो इसे इन मामलात की जांच करने के लिये एक Enquiry Committee मुकर्रर करनी चाहिये। अगर उस ने यह फैसला दिया कि कुछ नहीं हुआ तो हम सुबकदोश होंगे और हमारी गवर्नमैण्ट का मुंह उज्जवल होगा। अगर हमारी गवर्नमैण्ट की ग़लती साबत हुई तो हमें मानने से कोई इन्कार नहीं होगा। स्पीकर साहिब ! मैं उन मैम्बरों में से नहीं हूं कि जब वह बोलने लगें तो Services को गालियां दें। लेकिन इस के साथ २ मैं यह भी समझती हूं कि सारे के सारे अफ़सर पापी नहीं हैं। मैं पुलिस का एक वाकिया सुनाना चाहती हूं। मैं पुलिस के

अफ़सर का नाम नहीं लूंगी। अगर आप अपनी Files खोल कर देखें तो आप को पता लग जायगा। बटवारे के बाद जब लोग दीवाने हुए थे तो लाहौर से बेगम फ़ातिमा जो Abducted Girls को बरामद करने के काम पर मुकर्रर हुई थी ने जालन्धर जाना था। मैंने भी लाहौर से फ़िरोज़पुर जाना था। मैंने उसे कहा कि मेरे साथ चलो। आप को अगर कोई मारेगा तो मुझे पहिले मारेगा। जिस वक्त हम Abducted Women को बरामद करने के काम में बाहर गये तो चार पांच बहिनें रो कर हमारे गले लिपट गईं। मैं समझती हूं कि अगर देश की किसी औरत की बेइज्जती होती है तो सारे राष्ट्र की बेइज्ज़ती होती है। वह रोई और अपना किस्सा सुनाया। पुलिस वाले उन्हें लाये और ला कर उन्हें थाना में रखा गया। मैं आगे बयान नहीं कर सकती कि उन के साथ क्या सलूक किया गया। मैंने उनका सारा किस्सा सुना और पुलिस के बड़े अफ़सरों के पास गई। Face is the index of mind. मैंने उन की कहानी पुलिस अफ़सरों को सुनाई।

अध्यक्ष महोदय : मैं माननीय सदस्या को बता दूं कि उन के लिये तीन चार मिनट का समय बाकी है।

श्रीमती शन्नो देवी : मैं कहना चाहती हूं कि अगर मेरी गवर्नमैण्ट ने Enquiry Committee न बिठाई तो मैं जाती हैसीयत से दूध का दूध और पानी का पानी कर के दिखा दूंगी। इस के अलावा यहां पर स्वामी स्वतन्त्रानन्द का नाम लिया गया है। मैं बहिन लक्ष्मी को बहुत देर से जानती हूं। मैं खुद गांव में जाऊंगी और उन अफ़सरों को मिलूंगी जो अगवा-शुदा औरतों को बरामद करने के काम में लगे हुए हैं। मैं जानती हूं कि हमारी गवर्नमैण्ट ऐसी औरतों को बरामद करने के लिये एड़ी चोटी का ज़ोर लगा रही है। अगर पुलिस अफ़सर जो Recovery करने पर लगे हुए हैं, औरतों पर अत्याचार करें तो मैं बरदाश्त नहीं कर सकती। इस लिये मैं गवर्नमैण्ट से कहना चाहती हूं कि वह एक Impartial Enquiry Committee ज़रूर बिठाए। अगर कोई अफ़सर कसूरवार है तो उसे ज़रूर सज़ा मिलनी चाहिये और अगर कोई कसूरवार न हो तो कहो कि लोग पार्टीबाज़ी की बिना पर बातें करते हैं। हमारे डिप्टी लीडर साहिब बहुत होशियार हैं। मैं उन्हें फिर याद दिलाना चाहती हूं कि अमृतसर Meeting में उन्होंने जो कुछ कहा था उसे याद करें। हमें मुतहिदा महाज़ बना कर दुश्मन के साथ लड़ना है। मुझे यह देख कर दुःख होता है कि सरदार प्रताप सिंह इन बैंचों पर बैठे हों और श्री किदार नाथ सहगल मुख़ालिफ़ बैंचों पर। इसलिये हमें चाहिये कि हम आपस में मिल जायें।

"लड़न दी रात आवे पर बिछड़न दी रात न आवे"

मेरा समय हो गया है। मैं अपने सारे Point छोड़ कर अपने Opposition वाले भाइयों से अपील करना चाहती हूं कि वह सब इकट्ठे हो जायें। यद्यपि जो कुछ भाई साहिब ने अब कहा है उस के बाद किसी अपील की गुंजायश नहीं रही। लोगों में इस समय इत्तहाद इतहाद का जज़्बा है। पिछले दिनों अमृतसर में वह भारी वर्षा होते रहने के बावजूद हज़ारों की गिनती में इकट्ठे हुए थे। उन में कम्युनिस्ट, सोशलिस्ट, संघी भंगी (हंसी) सब मौजूद थे क्योंकि वह सब कहते थे कि हम पाकिस्तान की फ़ौजी ताकत को तोड़ देंगे। इसलिये मैं कहती हूं कि जब तक आप इकट्ठे नहीं होंगे जब तक आप अपने दिलों की

[श्रीमती शन्नोदेवी]

कदूरत दूर नहीं करेंगे और Power हासिल करने के मनसूबे नहीं छोड़ेंगे, आप लोगों की भलाई और पंजाब की बेहतरी नहीं कर सकेंगे ।

ਸਰਦਾਰ ਚੰਨਣ ਸਿੰਘ ਧੂਤ (ਟਾਂਡਾ) : ਸਪੀਕਰ ਸਾਹਿਬ ! ਗਵਰਨਰ ਸਾਹਿਬ ਨੇ ਆਪਣੇ ਇਸ ਐਡਰੇਸ (Address) ਵਿਚ ਕਿਹਾ ਹੈ —

> "Law and order have, however, to be maintained to enable the citizens to work in an atmosphere of peace, and I am glad to say that our position in this respect is on the whole satisfactory and hopeful."

ਸਪੀਕਰ ਸਾਹਿਬ! ਇਸ ਐਡਰੇਸ ਵਿਚ ਕਿਹਾ ਗਿਆ ਹੈ ਕਿ Law and Order ਦੀ ਪੋਜ਼ੀਸ਼ਨ ਬੜੀ ਤਸੱਲੀਬਖਸ਼ ਹੈ । ਰੋਹਤਕ ਜ਼ਿਲੇ ਵਾਲੀਆਂ ਗੱਲਾਂ ਬਾਰੇ ਮੈਂ ਹੁਣ ਨਹੀਂ ਕਹਿਣਾ ਚਾਹੁੰਦਾ। ਮੈਂ ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਹੀ ਚੀਜ਼ ਬਾਰੇ ਕਾਂਗ੍ਰਸੀ ਭਰਾ ਦੋ ਗੱਲਾਂ ਕਰ ਰਹੇ ਹਨ । ਸਰਕਾਰ ਨੇ ਇਕ ਸਵਾਲ ਦੇ ਉੱਤ੍ਰ ਵਿਚ ਦਸਿਆ ਹੈ ਕਿ ਪੁਲਿਸ Custody ਵਿਚ ਪਿਛਲੇ ਸਾਲ 13 ਆਂਦਮੀ ਮਾਰੇ ਗਏ ਅਤੇ ਜਿਹੜੇ ਪੁਲਿਸ ਨਾਲ En-Counters ਵਿਚ ਮਾਰੇ ਗਏ ਉਨ੍ਹਾਂ ਦਾ ਪਤਾ ਨਹੀਂ । ਇਸੇ ਤਰ੍ਹਾਂ ਦਫ਼ਾ 107 ਅਤੇ 151 ਦੇ Cases 54,000 ਚੱਲੇ ਹਨ ਅਤੇ ਦਫ਼ਾ 109 ਦੇ 106 ਚੱਲੇ ਹਨ । ਇਨ੍ਹਾਂ ਗੱਲਾਂ ਦੇ ਬਾਵਜੂਦ ਸਰਕਾਰ ਕਹਿੰਦੀ ਹੈ ਕਿ Law and Order ਦੀ ਹਾਲਤ ਚੰਗੀ ਹੈ । ਪੰਜਾਬ ਦਾ ਕੋਈ ਜ਼ਿਲਾ ਹੋਵੇਗਾ ਜਿੱਥੇ ਦਫ਼ਾ 144 ਨਾ ਲੱਗੀ ਹੋਵੇ । ਇਸ ਅਸੈਂਬਲੀ ਹਾਲ ਦੇ ਬਾਹਰ ਵੀ ਦਫ਼ਾ 144 ਲੱਗੀ ਹੋਈ ਹੈ । ਸਰਕਾਰ ਲੋਕਾਂ ਨੂੰ ਕਿਧਰੇ ਇਕੱਠਾ ਨਹੀਂ ਹੋਣ ਦੇਣਾ ਚਾਹੁੰਦੀ ।

ਅਰਥ ਮੰਤ੍ਰੀ: ਇਹ ਤੁਹਾਡੀ ਵਜ੍ਹਾਂ ਕਰਕੇ ਹੈ ।

ਸਰਦਾਰ ਚੰਨਨ ਸਿੰਘ ਧੂਤ : ਡਾਕੂ ਮਿਨਿਸਟਰ ਰਖਦੇ ਹਨ ਅਤੇ ਵਜ੍ਹਾ ਸਾਡੀ ਕਰਕੇ ਹੈ ।

ਸ੍ਰੀ ਸਪੀਕਰ : ਬੁਰਾ ਨਾ ਮੰਨੋ ਤਾਂ ਜ਼ੁੰਮੇਵਾਰੀ ਨਾਲ ਗਲ ਕਰੋ ।

ਸਰਦਾਰ ਚੰਨਨ ਸਿੰਘ ਧੂਤ : ਜ਼ੁੰਮੇਵਾਰੀ ਜਿੰਨੀ ਉਨ੍ਹਾਂ ਦੀ ਹੈ ਓਨੀ ਹੀ ਸਾਡੀ ਹੈ ।

ਸ੍ਰੀ ਸਪੀਕਰ : ਤੁਹਾਡੀ ਜ਼ਿਆਦਾ ਹੈ ।

ਸਰਦਾਰ ਚਨਨ ਸਿੰਘ ਧੂਤ : ਫੇਰ ਇਸ ਐਡਰੇਸ ਵਿਚ ਇਹ ਵੀ ਨਹੀਂ ਦੱਸਿਆ ਗਿਆ ਕਿ ਅਗਵਾ ਦੀਆਂ ਵਾਰਦਾਤਾਂ ਘਟ ਹੋ ਗਈਆਂ ਹਨ । ਜਗਾਧਰੀ ਵਾਲਾ ਮਸਲਾ ਕਿਸੇ ਤੋਂ ਛੁਪਿਆ ਹੋਇਆ ਨਹੀਂ । ਜਾਲੰਧਰ ਵਿਚ ਪੁਲਿਸ ਬੀਕਾਨੇਰ ਤੋਂ ਇਕ ਅਗਵਾ ਕੀਤੀ ਹੋਈ ਹਰੀਜਨ ਲੜਕੀ ਲਿਆਈ। ਪਰ ਜਿਸ ਆਦਮੀ ਨੇ ਉਹ ਲੜਕੀ ਅਗ਼ਵਾਂ ਕੀਤੀ ਸੀ ਉਸ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ ਕਿਉਂਕੇ ਉਹ ਇਕ ਕਾਂਗ੍ਰਸੀ ਦਾ ਭਰਾ ਹੈ।

Chief Parliamentary Secretary : On a point of order. I stated on the floor of the House that the man has been prosecuted. He is making a misrepresentation of facts.

ਸਰਦਾਰ ਚੰਨਣ ਸਿੰਘ ਧੂਤ : ਇਹ ਗ਼ਲਤ ਬਿਆਨੀ ਕਰਦੇ ਹਨ। ਸਾਡੇ ਚੀਫ਼ ਮਿਨਿਸਟਰ ਸਾਹਿਬ ਇਥੇ ਕਹਿੰਦੇ ਸਨ ਕਿ ਗਵਰਨਰ ਦੇ ਐਡਰੇਸ ਤੇ ਵਾਕਆਊਟ(walk out) ਕਰਨ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਰੋਹਤਕ ਦੇ ਮਾਮਲੇ ਨੂੰ ਛੱਡ ਦਿਓ। ਇਹ documents ਜਿਹੜੇ ਮੇਰੇ ਪਾਸ ਹਨ, ਇਨ੍ਹਾਂ ਨੂੰ ਪੜ੍ਹ ਕੇ ਹਰੇਕ ਨੂੰ ਸ਼ਰਮ ਆਉਂਦੀ ਹੈ। ਇਨ੍ਹਾਂ ਕਾਗਜ਼ਾਂ ਤੋਂ ਪਤਾ ਲਗਦਾ ਹੈ ਕਿ ਇਕ ਕਾਂਗ੍ਰਸੀ ਨੇ ਇਕ ਲੜਕੀ ਨੂੰ ਕੱਢਿਆ ਅਤੇ ਉਸ ਨੂੰ rape ਕੀਤਾ। ਉਹ ਕਾਂਗੜੇ ਦਾ ਇਕ M.L.A. ਹੈ। ਇਨ੍ਹਾਂ documents ਵਿਚ ਪੁਲਿਸ ਦੀ enquiry ਦੀ ਰਿਪੋਰਟ ਹੈ ਅਤੇ ਡਾਕਟਰ ਦਾ ਸਰਟੀਫੀਕੇਟ ਵੀ ਹੈ। ਇਸ ਲੜਕੀ ਨੂੰ ਬਰਾਮਦ ਕਰਨ ਵਿਚ ਕਾਮਰੇਡ ਰਾਮ ਚੰਦਰਾ ਦਾ ਹੱਥ ਹੈ।

Mr. Speaker : It is not in good taste to say that.

ਸਰਦਾਰ ਚੰਨਣ ਸਿੰਘ ਧੂਤ : Good taste ਇਨ੍ਹਾਂ ਚੀਜ਼ਾਂ ਵਿਚ ਹੋ ਹੀ ਕਿਸ ਤਰ੍ਹਾਂ ਸਕਦਾ ਹੈ ?

ਸ੍ਰੀ ਸਪੀਕਰ : ਇਹ ਸਰਦਾਰ ਪਰਤਾਪ ਸਿੰਘ ਨੂੰ ਦੇ ਦਿਓ। ਉਹ ਆਪੇ action ਲੈਣਗੇ।

ਸਰਦਾਰ ਚੰਨਣ ਸਿੰਘ ਧੂਤ : ਫਿਰ, ਪਰਧਾਨ ਜੀ, ਸਰਕਾਰ ਨੇ Security Act ਦੇ ਅਧੀਨ 25 ਮੁਖਾਲਫ਼ ਅਖ਼ਬਾਰਾਂ ਵਿਰੁਧ ਮੁਕਦਮੇ ਚਲਾਏ ਹਨ। ਸਾਡੇ ਨਵੇਂ ਚੁਣੇ ਦੋ M.L.A. ਵੀ ਜੇਲ੍ਹ ਵਿਚ ਹਨ। ਸਰਕਾਰ ਨੇ ਉਨ੍ਹਾਂ ਤੋਂ ਬਦਲਾ ਲੈਣ ਦੀ ਸਪਿਰਟ (spirit) ਵਿਚ ਉਨ੍ਹਾਂ ਨੂੰ C class ਵਿਚ ਰੱਖਿਆ ਹੋਇਆ ਹੈ। ਇਨ੍ਹਾਂ ਚੀਜ਼ਾਂ ਤੋਂ law and order ਦੀ ਹਾਲਤ ਦਾ ਪਤਾ ਲਗਦਾ ਹੈ।

अध्यक्ष महोदय : समय काफी हो चुका है। पहले ही 30 मिनट सरदार उज्जल सिंह ने अनायत किये हैं और 15 मिनट मैंने दे दिये हैं। अब केवल सरदार वरयाम सिंह की तकरीर होगी जिन से मैं गुजारश करूंगा कि वह ठीक 5.30 बजे बैठ जायें।

ਸਰਦਾਰ ਵਰਿਆਮ ਸਿੰਘ (ਅੰਮ੍ਰਿਤਸਰ) : ਪ੍ਰਧਾਨ ਜੀ ! Opposition Benches ਵਲੋਂ ਸਰਦਾਰ ਅਜਮੇਰ ਸਿੰਘ ਨੇ ਇਕ ਬੜੀ ਕੰਮ ਦੀ ਗਲ ਕੀਤੀ ਹੈ। ਉਨ੍ਹਾਂ ਨੇ ਮੁਲਕ ਨੂੰ ਖਤਰੇ ਦੇ ਪੇਸ਼ੇ ਨਜ਼ਰ ਇਤਿਹਾਦ ਦੀ ਪੇਸ਼ਕਸ਼ ਕੀਤੀ ਹੈ ਤਾਂ ਜੋ ਦੁਸ਼ਮਨ ਨਾਲ ਚੰਗੀ ਤਰ੍ਹਾਂ ਨਾਲ ਨਿਪਟਿਆ ਜਾ ਸਕੇ। ਗਵਰਨਰ ਸਾਹਿਬ ਨੇ ਵੀ ਆਪਣੇ ਐਡਰੇਸ ਵਿਚ ਇਹ ਖ਼ਾਹਸ਼ ਪਰਗਟ ਕੀਤੀ ਹੈ ਕਿ ਖਤਰੇ ਦੇ ਪੇਸ਼ੇ ਨਜ਼ਰ ਸਾਨੂੰ ਸਭ ਨੂੰ ਇਕਠੇ ਹੋ ਜਾਣਾ ਚਾਹੀਦਾ ਹੈ ਅਤੇ ਆਪਣੀ ਫੁਟ ਦੂਰ ਕਰਨੀ ਚਾਹੀਦੀ ਹੈ। ਮੇਰੇ ਮਿਤਰ ਨੇ ਐਡਰੇਸ ਦਾ ਇਕ ਪੈਰਾ ਪੜ੍ਹਿਆ ਸੀ। ਮੈਂ ਉਨ੍ਹਾਂ ਦਾ ਧਿਆਨ ਅਗਲੇ ਪੈਰੇ ਵਲ ਦਿਵਾਉਂਦਾ ਹਾਂ। ਉਸ ਵਿਚ ਕਿਹਾ ਹੈ ਕਿ ਜਦੋਂ ਮੁਲਕ ਤਕਸੀਮ ਹੋਇਆ ਤਾਂ ਬੜੇ ਉਤਾਰ ਚੜ੍ਹਾ ਹੋਏ। ਉਨ੍ਹਾਂ ਤੋਂ ਸਾਨੂੰ ਸਬਕ ਲੈਣਾ ਚਾਹੀਦਾ ਹੈ। ਸਾਨੂੰ ਨਿਕੀਆਂ ਨਿਕੀਆਂ ਗਲਾਂ ਵਿਚ ਪੈਕੇ ਦੁਸ਼ਮਨ ਨੂੰ ਇਹ ਵੇਖਣ ਦਾ ਮੌਕਾ ਨਹੀਂ ਦੇਣਾ ਚਾਹੀਦਾ ਕਿ ਇਨ੍ਹਾਂ ਦੇ ਘਰ ਵਿਚ ਫੁਟ ਹੈ।

[ਸਰਦਾਰ ਵਰਿਆਮ ਸਿੰਘ]

ਪ੍ਰਧਾਨ ਜੀ ! ਇਸ ਤੋਂ ਅਗੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਅਜਮੇਰ ਸਿੰਘ ਹੋਰਾਂ ਨੇ ਆਪਣੀ ਸਪੀਚ ਵਿਚ ਕਿਹਾ ਹੈ ਕਿ ਉਹ ਕਾਂਗਰਸ ਸਰਕਾਰ ਨਾਲ ਮਿਲਕੇ ਕੰਮ ਕਰਨਾ ਚਾਹੁੰਦੇ ਹਨ । ਮੈਂ ਪੂਰੇ ਜ਼ੋਰ ਨਾਲ ਕਹਿੰਦਾ ਹਾਂ ਕਿ ਉਹ ਗਵਰਨਰ ਸਾਹਿਬ ਨਾਲੋਂ ਵੀ ਜ਼ਿਆਦਾ ਮੁਬਾਰਕਬਾਦ ਦੇ ਹਕਦਾਰ ਹੋਣਗੇ ਜੇਕਰ ਉਹ ਫ਼ਿਰਕਾਦਾਰਾਨਾ ਨਜ਼ਰੀਏ ਨੂੰ ਛੱਡ ਕੇ Seculer ਨਜ਼ਰੀਆ ਅਪਨਾਨ ਅਤੇ ਇਕ ਨੇਸ਼ਨ (Nation) ਬਨਾਉਣ ਵਾਸਤੇ ਆਪਣੇ ਤੰਗ ਨਜ਼ਰੀਏ ਨੂੰ ਤਰਕ ਕਰ ਦੇਣ ।

ਪ੍ਰਧਾਨ ਜੀ ! ਜੇਕਰ ਉਹ ਵਾਕਈ ਦਿਲੋਂ ਵਜੋਂ ਕੌਮੀ ਏਕਤਾ ਅਤੇ ਦੇਸ਼ ਰਖਿਆ ਲਈ ਸਾਂਝਾ ਮੋਰਚਾ ਬਨਾਉਣ ਅਤੇ ਆਪਣੇ ਤੰਗ ਨਜ਼ਰੀਏ ਨੂੰ ਛਡਣ ਵਾਸਤੇ ਤਿਆਰ ਹਨ ਤਾਂ ਮੈਂ ਉਨ੍ਹਾਂ ਨੂੰ ਜੀ ਆਇਆਂ ਆਖਦਾ ਹਾਂ ਅਤੇ ਅਸੀਂ ਸਾਰੇ ਪਿਛਲਾ ਸਭ ਕੁਝ ਭੁਲ ਕੇ ਉਨ੍ਹਾਂ ਦੇ ਨਾਲ ਮਿਲਕੇ ਕੰਮ ਕਰਨ ਲਈ ਤਿਆਰ ਹਾਂ ।

ਇਸ ਤੋਂ ਅਗੇ ਸਰਦਾਰ ਅਜਮੇਰ ਸਿੰਘ ਹੋਰਾਂ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਦੇਸ਼ ਦੇ ਪਿਛਲੇ ਵੰਡਾਰੇ ਤੋਂ ਸਬਕ ਲੈਣਾ ਚਾਹੀਦਾ ਹੈ । ਜਿਹੜੇ ਬੁਰੇ ਨਤੀਜੇ ਉਸ ਵੰਡ ਤੋਂ ਨਿਕਲੇ ਹਨ ਉਨ੍ਹਾਂ ਨੂੰ ਨਹੀਂ ਭੁਲਾਉਣੇ ਚਾਹੀਦੇ ਅਤੇ ਦੇਸ਼ ਦੀ ਹੋਰ ਵੰਡ ਕਰਾਉਣ ਦੀ ਖ਼ਾਹਿਸ਼ ਦਿਲੋਂ ਕਢਣੀ ਪੈਂਦੀ ਹੈ । ਅਤੇ ਹਿੰਦੂ ਸਿਖ ਦੋਨਾਂ ਨੂੰ ਮਿਲਕੇ ਦੇਸ਼ ਦੀਆਂ ਔਕੜਾਂ ਅਤੇ ਸਮਸਿਆਵਾਂ ਨੂੰ ਹਲ ਕਰਨਾ ਚਾਹੀਦਾ ਹੈ । ਜੇਕਰ ਉਹ ਇਹ ਗਲਾਂ ਮੰਨ ਜਾਣ ਤਾਂ ਉਹ ਮੁਬਾਰਿਕ ਦੇ ਮੁਸਤਹਿਕ ਹੋਣਗੇ ਅਤੇ ਅਸੀਂ ਉਨ੍ਹਾਂ ਨਾਲ ਮਿਲਕੇ ਕੰਮ ਕਰਨ ਵਿਚ ਫ਼ਖ਼ਰ ਕਰਾਂਗੇ । ਸਾਡੀ ਬਾਰਡਰ ਸਟੇਟ ਹੈ ਅਤੇ ਦੁਸ਼ਮਨ ਦੀ ਨਜ਼ਰ ਸਭ ਤੋਂ ਪਹਿਲੇ ਇਸ ਉਪਰ ਪੈਂਦੀ ਹੈ । ਇਸ ਕਰਕੇ ਸਾਨੂੰ ਜ਼ਿਆਦਾ ਇਹਤਯਾਤ ਰਖਣ ਦੀ ਜ਼ਰੂਰਤ ਹੈ । ਸਾਡੀਆਂ ਸਫਾਂ ਵਿਚ ਪਿਆ ਵਖੇਵਾਂ ਦੁਸ਼ਮਨ ਨੂੰ ਸਮਾਂ ਦੇਂਦਾ ਹੈ ਕਿ ਉਹ ਸਾਡੇ ਦੇਸ਼ ਵਲ ਬੁਰੀਆਂ ਨਜ਼ਰਾਂ ਰਖੇ ।

ਪ੍ਰਧਾਨ ਜੀ ! ਮੇਰੇ ਵੀਰ ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਨੇ ਕਿਹਾ ਹੈ ਕਿ ਅਮਰੀਕਾ-ਪਾਕਿਸਤਾਨ ਦੇ ਗਠਜੋੜ ਦੇ ਵਿਰੁਧ ਉਨ੍ਹਾਂ ਦੀ ਪਾਰਟੀ ਨੇ ਆਪਣਾ ਮਿਲਵਰਤਨ ਪੰਡਤ ਜਵਾਹਰ ਲਾਲ ਜੀ ਨੂੰ ਪੇਸ਼ ਕੀਤਾ ਹੈ । ਮੈਂ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ, ਲੇਕਿਨ ਉਨ੍ਹਾਂ ਨੂੰ ਇਹ ਜ਼ਰੂਰ ਅਰਜ਼ ਕਰ ਦੇਵਾਂਗਾ ਕਿ ਕ੍ਰਿਪਾ ਕਰਕੇ ਆਪਣਾ ਇਤਬਾਰ ਪੈਦਾ ਕਰੋ । ਉਨ੍ਹਾਂ ਦਾ ਪਿਛਲਾ ਵਰਤਾਰਾ ਇਹ ਸਾਬਤ ਕਰਦਾ ਹੈ ਕਿ ਉਹ ਆਪਣਾ ਇਤਬਾਰ ਕਾਇਮ ਨਹੀਂ ਰਖ ਸਕੇ । ਮੈਨੂੰ ਡਰ ਹੈ ਕਿ ਚੂੰਕਿ ਉਨ੍ਹਾਂ ਦੀ ਨੁਕੇਲ [illegible], ਕਲ ਜੇਕਰ ਰੂਸ ਲੜਾਈ ਵਿਚ ਸ਼ਾਮਲ ਹੋਵੇ ਤਦ ਉਹ ਆਪਣਾ ਇਹ ਮਿਲਵਰਤਨ ਕਾਇਮ ਰਖ ਭੀ ਸਕੇਗਾ ਕਿ ਨਹੀਂ ? ਇਸ ਕਰਕੇ ਮੈਂ ਉਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਉਹ ਆਪਣਾ ਕੌਮੀ ਨਜ਼ਰੀਆ ਆਪਣੇ ਦੇਸ਼ ਦੇ ਅਨਕੂਲ ਅਪਨਾਉਣ ਜਿਸ ਨਾਲ ਦੇਸ਼ ਦੀ ਉਨਤੀ ਤੇ ਪਕਿਆਈ ਹੋ ਸਕੇ ।

ਇਸ ਤੋਂ ਅਗੇ ਮੇਰੇ ਵੀਰ ਨੇ ਕਿਹਾ ਹੈ ਕਿ ਗਵਰਨਰ ਦੇ Address ਵਿਚ ਸਭ ਅੱਛਾ, ਸਭ ਅੱਛਾ ਲਿਖਿਆ ਹੋਇਆ ਹੈ ਲੇਕਿਨ ਕੁਝ ਵੀ ਅੱਛਾ ਨਹੀਂ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਹੈ ਸਭ ਅਛਾ ਪਰ ਜੇਕਰ ਕਿਸੇ ਨੂੰ ਨਜ਼ਰ ਨਹੀਂ ਆਉਂਦਾ ਤਾਂ ਇਹ ਸਾਡਾ ਨਹੀਂ ਉਸਦੀ ਆਪਣੀ ਐਨਕ ਦਾ ਕਸੂਰ ਹੈ ਜਿਸ ਵਿਚੋਂ ਉਨ੍ਹਾਂ ਨੂੰ ਚਾਰੇ ਪਾਸੇ ਹਨੇਰ ਹੀ ਹਨੇਰ ਨਜ਼ਰ ਆਉਂਦਾ ਹੈ । ਪ੍ਰਧਾਨ ਜੀ ! ਅਸੀਂ ਨਵਾਂ ਪੰਜਾਬ ਬਣਾ ਰਹੇ ਹਾਂ । ਅਸੀਂ ਇਕ ਨਵੇਂ

ਪੰਜਾਬ ਦੀ ਹਿਸਟਰੀ ਲਿਖ ਰਹੇ ਹਾਂ । ਇਹ ਤਵਾਰੀਖ ਕਿਸੇ ਕਾਗ਼ਜ਼ ਪਰ ਨਹੀਂ ਸਗੋਂ ਹਮਾਲੀਆ ਦੇ ਸੀਨੇ ਪਰ ਭਾਖੜੇ ਡੈਮ ਵਰਗੇ ਮਹਾਂ ਅਸਥੰਮ ਦੇ ਰੂਪ ਵਿਚ ਲਿਖੀ ਹੋਵੇਗੀ, ਜੋ ਆਪਣੇ ਦਿਲ ਵਿਚੋਂ ਕਢਕੇ ਦਿਤੇ ਪਾਣੀ ਰਾਹੀਂ ਉਜਾੜਾਂ ਤੇ ਬੰਜਰ ਜ਼ਮੀਨਾਂ ਨੂੰ ਆਬਾਦ ਕਰਕੇ ਤੇ ਫਰਹਾਦ ਬਾਵਾਂ ਪਰ ਮੰਡੀਆਂ ਬਣਾਕੇ ਦੇਸ਼ ਨੂੰ ਮਾਲਾ ਮਾਲ ਕਰ ਸਕੇਗਾ । ਬਿਜਲੀ ਰਾਹੀਂ ਚਲਦੇ ਕਾਰਖਾਨੇ, ਪਾਤਾਲ ਚੋਂ ਖਿਚਕੇ ਬਾਹਰ ਲਿਆਂਦਾ ਟਯੂਬਵੈਲਾਂ ਦਾ ਪਾਣੀ ਉਸਾਰੂ ਚਸ਼ਮੇ ਬਣਕੇ, ਸੱਚਰ ਕੈਰੋਂ ਵਜ਼ਾਰਤ ਅਤੇ ਕੈਰੋਂ ਦੀਆਂ ਘਾਲਣਾ ਤੇ ਮਿਹਨਤ ਦੇ ਕਿੱਸੇ ਬਿਆਨ ਕਰਨਗੇ । ਚੰਡੀਗੜ੍ਹ ਦਾ ਖੂਬਸੂਰਤ ਤੇ ਬੇਮਿਸਾਲ ਸ਼ਹਿਰ ਜਿਸ ਦੀਆਂ ਧੁੰਮਾਂ ਸਾਰੀ ਦੁਨੀਆਂ ਵਿਚ ਪਈਆਂ ਹੋਈਆਂ ਹਨ ਮੂੰਹ ਖੋਹਲਕੇ ਸਾਡੀਆਂ ਮਿਹਨਤਾਂ ਤੇ ਸਫਲਤਾ ਬਾਰੇ ਦਸੇਗਾ, ਜਿਸਤੇ ਕੌਮ ਮਾਨ ਕਰੇਗੀ । ਇਸ ਕਰਕੇ ਸਭ ਅਛਾ ਹੈ । ਪਰ ਜੇਕਰ ਮੇਰੇ ਭਾਈ ਐਨਕ ਬਦਲਣ ਤਾ ਉਨ੍ਹਾਂ ਨੂੰ ਵੀ ਸਭ ਅਛਾ ਨਜ਼ਰ ਆਵੇਗਾ ।

ਪ੍ਰਧਾਨ ਜੀ ! ਜਦ ਕਲ ਗਵਰਨਰ ਸਾਹਿਬ ਦੇ Address ਉਪਰ Motion of Thanks ਪੇਸ਼ ਕੀਤਾ ਗਿਆ ਤਾਂ ਪੰਡਤ ਸ੍ਰੀ ਰਾਮ ਸ਼ਰਮਾ ਜਿਹੜੇ ਕਿ ਸਾਡੇ ਵਿਚੋਂ ਨਿਕਲ ਕੇ ਨਵੇਂ ਨਵੇਂ ਹੀ Opposition ਵਲ ਗਏ ਹਨ, ਕਹਿਣ ਲਗੇ ਕਿ ਦੋ ਸਾਲਾਂ ਤੋਂ ਇਹੋ Montion of Thanks ਬੇਕਾਰ ਚਲ ਰਿਹਾ ਹੈ ਅਤੇ ਉਸ ਉਪਰ ਸਪੀਚਾਂ ਰਾਹੀਂ ਮੁਬਾਰਕਬਾਦ ਦੀਆਂ ਝੜੀਆਂ ਲਾਈਆਂ ਜਾਂਦੀਆਂ ਹਨ । ਇਹ ਸਭ ਬੇਕਾਰ ਹਨ । ਪ੍ਰਧਾਨ ਜੀ ! ਇਹੀ ਹਾਊਸ, ਇਹੀ ਮੈਂਬਰ ਸਾਹਿਬਾਨ, ਇਹੀ Motion of Thanks, ਇਹੀ ਇਨਸਾਨ, ਜਦੋਂ ਇਹ ਵਜ਼ਾਰਤ ਦੀ ਕੁਰਸੀ ਪਰ ਇਸ ਪਾਸੇ ਬੈਠੇ ਤਦ ਇਹ ਲੜੀਆਂ ਬੇਕਾਰ ਨਹੀਂ ਸਨ । ਹੁਣ ਇਹ ਇਸ ਲਈ ਬੇਕਾਰ ਹੋ ਗਈਆਂ ਹਨ ਕਿਉਂਕਿ ਉਹ ਖੁਦ ਬੇਕਾਰ ਹੋ ਗਏ ਹਨ ।

ਮੈਂ ਪੰਡਿਤ ਜੀ ਨੂੰ ਦੇਸ਼ ਭਗਤ ਸਮਝਦਾ ਸਾਂ । ਲੇਕਿਨ ਹੁਣ ਜਦੋਂ ਉਨ੍ਹਾਂ ਨੂੰ ਫ਼ਿਰਕਾਦਾਰ ਕਮਿਊਨਿਸਟਾਂ ਨਾਲ ਬਗ਼ਲਗੀਰ ਹੁੰਦਿਆਂ ਵੇਖਦਾ ਹਾਂ ਤੇ ਮੈਨੂੰ ਇਕ ਸ਼ੇਅਰ ਯਾਦ ਆ ਜਾਂਦਾ ਹੈ —

ਕਿਆ ਖ਼ਬਰ ਥੀ ਇਨਕਲਾਬੇ ਆਸਮਾਨ ਹੋ ਜਾਏਗਾ ।
ਯਾਰ ਕਾ ਮਿਲਨਾ ਨਸੀਬੇ ਦੁਸ਼ਮਨਾਂ ਹੋ ਜਾਏਗਾ ।

Mr. Speaker : No insinuation please ਤੁਸੀਂ ਜਾਣ ਜਾਣ ਕੇ ਕਿਉਂ ਇਸ ਤਰਾਂ ਦੀਆਂ ਗਲਾਂ ਕਰਦੇ ਹੋ ।

ਸਰਦਾਰ ਵਰਿਆਮ ਸਿੰਘ : ਸਪੀਕਰ ਸਾਹਿਬ ! ਮੈਂ ਜਨਾਬ ਦਾ ਹੁਕਮ ਮੰਨਦਾ ਹੋਇਆ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ Opposition Party ਨੂੰ ਤਾਂ ਵਾਧੂ ਤੇ ਬੇਸੁਰੀ ਨੁਕਤਾਚੀਨੀ ਕਰਨ ਦੀ ਆਦਤ ਹੀ ਪਈ ਹੋਈ ਹੈ । consolidation of holdings ਦਾ ਮਹਿਕਮਾ ਅਜਿਹਾ ਹੈ ਜਿਸ ਦੇ ਨਾਲ ਕਿ ਸਾਰੇ ਜ਼ਿਮੀਦਾਰਾਂ ਨੂੰ ਬਹੁਤ ਫ਼ਾਇਦਾ ਹੋਇਆ ਹੈ । ਉਨ੍ਹਾਂ ਦੀਆਂ ਸਾਰੀਆਂ ਜ਼ਮੀਨਾਂ ਇਕਠੀਆਂ ਕਰ ਦਿਤੀਆਂ ਗਈਆਂ ਹਨ । ਇਹ ਵਾਹੀ ਕਰਨ ਦਾ ਅਤੇ ਪੈਦਾਵਾਰ ਵਧਾਉਣ ਦਾ ਸਭ ਤੋਂ ਚੰਗਾ ਤਰੀਕਾ ਹੈ । ਕਈ ਅਜਿਹੇ ਵੀ ਤੁਹਾਨੂੰ ਮਿਲਣਗੇ ਜੋ ਇਸ ਬਾਰੇ ਵਿਚ ਕਹਿੰਦੇ ਹਨ ਕਿ ਸਰਕਾਰ ਨੇ ਕੀ ਕੀਤਾ ਹੈ । ਅਗੇ ਅਸੀਂ ਪਿਛੋਂ ਚੜ੍ਹਦੇ ਵਲ ਜਾਂਦੇ ਸਾਂ ਤਾਂ ਲੋਕਾਂ ਦੀਆਂ ਪੈਲੀਆਂ ਵਿਚੋਂ ਡੰਗਰ ਚਰਾ ਲਿਆਉਂਦੇ ਸਾਂ ਅਤੇ ਜੇ ਲਹਿੰਦੇ ਵਲ ਜਾਂਦੇ

[ਸਰਦਾਰ ਵਰਿਆਮ ਸਿੰਘ]

ਸਾਂ ਤਾਂ ਲੋਕਾਂ ਦੀਆਂ ਪੇਲੀਆਂ ਵਿਚੋਂ ਡੰਗਰ ਰਜਾ ਲੈਂਦੇ ਸਾਂ। ਹੁਣ ਸਾਨੂੰ ਇਕੋ ਥਾਂ ਬਨ੍ਹ ਦਿਤਾ ਗਿਆ ਹੈ। ਇਹ ਕਦੇ ਵੀ ਨਹਿਰਾਂ ਦੇ ਵਾਧੇ, ਫ਼ਸਲਾਂ ਦੀ ਉਨਤੀ ਤੇ ਭਾਖੜੇ ਦੇ ਬੰਦ ਦੀ ਉਸਾਰੀ ਬਾਰੇ ਉਤਸ਼ਾਹ ਭਰੀਆਂ ਗਲਾਂ ਨਹੀਂ ਕਰਦੇ, ਸਗੋਂ ਇਸ ਹਾਊਸ ਵਿਚ ਇਸ ਢੰਗ ਦੇ ਨਾਲ ਪੁਛਣਗੇ ਕਿ ਨਹਿਰਾਂ ਦੀ ਪੁਟਾਈ ਤੇ ਖੁਦਾਈ ਕਿੰਨੀ ਜ਼ਮੀਨ ਖਰਾਬ ਹੋਈ ਹੈ? ਇਹ ਨਹੀਂ ਵੇਖਦੇ ਕਿ ਇਨ੍ਹਾਂ ਸਕੀਮਾਂ ਨਾਲ ਲੋਕਾਂ ਨੂੰ ਕਿਨਾਂ ਫਾਇਦਾ ਪਹੁੰਚਿਆ ਹੈ। ਇਹਨਾਂ ਦੇ ਇਸ ਘੋਖੇ ਵਤੀਰੇ ਤੋਂ ਮੈਨੂੰ ਇਕ ਮਿਸਾਲ ਯਾਦ ਆਈ ਹੈ। ਕਿਸੇ ਨੇਕ ਆਦਮੀ ਨੇ ਆਪਣੇ ਯਾਰ ਨੂੰ ਪੁਛਿਆ ਕਿ ਮੈਂ ਰਸਤੇ ਤੇ ਖੂਹ ਲਵਾਉਣਾ ਚਾਹੁੰਦਾ ਹਾਂ ਤਾਂ ਜੋ ਰਾਹੀਆਂ ਨੂੰ ਤਕਲੀਫ਼ ਨਾਂ ਹੋਵੇ ਅਤੇ ਉਹ ਪਾਣੀ ਪੀ ਸਕਣ। ਤਾਂ ਉਹ ਕਹਿਣ ਲਗਾ ਕਿ ਛੱਡ ਯਾਰ ਖੂਹ ਨਾ ਲਵਾਈਂ, ਕੋਈ ਅੰਨ੍ਹਾ ਇਸ ਵਿਚ ਡਿਗ ਪਏਗਾ। ਇਹ ਵਿਰੋਧੀ ਦਲ ਵਾਲ ਸਾਡੀ ਸਰਕਾਰ ਨੂੰ ਉਨਤੀ ਭਰੇ ਉਸਾਰੂ ਪ੍ਰੋਗ੍ਰਾਮ ਤੋਂ ਲਾਂਭੇ ਨਹੀਂ ਲੈ ਜਾ ਸਕਦੇ। ਉਨ੍ਹਾਂ ਦਾ ਇਹ ਢੰਗ ਠੀਕ ਨਹੀਂ ਹੈ। ਸਾਡੀ ਸਰਕਾਰ ਇਨ੍ਹਾਂ ਚੰਦ ਅੰਧਿਆਂ ਦੀ ਖਾਤਰ ਲਖਾਂ ਲੋਕਾਂ ਦੇ ਮੁਫਾਦ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ ਅਤੇ ਭਲਾਈ ਦੀ ਸਕੀਮਾਂ ਨੂੰ ਹਥ ਵਿਚੋਂ ਨਹੀਂ ਛਡ ਸਕਦੀ।

ਪ੍ਰਧਾਨ ਜੀ! ਪਿਛਲੇ ਸਾਲ ਸਭ ਤੋਂ ਉੱਤਮ ਕਾਰਜ ਸਾਡੀ ਸਰਕਾਰ ਨੇ ਪੰਚਾਇਤੀ ਰਾਜ ਕਾਇਮ ਕਰਕੇ ਕੀਤਾ ਸੀ ਅਤੇ ਇਸ ਸਾਲ judiciary ਨੂੰ executive ਨਾਲੋਂ ਜੁਦਾ ਕਰਨ ਲਗੀ ਹੈ। ਅਤੇ ਚਾਹੁੰਦੀ ਹੈ ਕਿ ਜਲਦੀ ਤੋਂ ਜਲਦੀ decentralization of administration ਹੋਵੇ। ਜਿਸ ਨਾਲ ਇਸ ਰਾਜ ਦੀ ਵਸੋਂ ਨੂੰ ਸਸਤਾ ਤੇ ਛੇਤੀ ਇਨਸਾਫ਼ ਮਿਲ ਸਕੇਗਾ। ਪ੍ਰਧਾਨ ਜੀ! ਇਨ੍ਹਾਂ ਸਭ ਗਲਾਂ ਦੇ ਪੇਸ਼ੇਨਜ਼ਰ ਮੈਂ ਸ੍ਰੀ ਰਾਮ ਕਿਸ਼ਨ ਦੀ ਤਹਿਰੀਕ ਦੀ ਤਾਈਦ ਕਰਦਾ ਹਾਂ ਅਤੇ ਗਵਰਨਰ ਸਾਹਿਬ ਨੂੰ ਵਧਾਈ ਦਿੰਦਾ ਹਾਂ।

ਅਰਥ ਮੰਤਰੀ (ਸਰਦਾਰ ਉੱਜਲ ਸਿੰਘ): ਸਪੀਕਰ ਸਾਹਿਬ! ਜਿਸ ਹਾਲਤ ਵਿਚ ਸਾਡੇ ਮੁਖ ਮੰਤਰੀ ਜੀ ਨੂੰ ਅਜ ਦੀ ਅਸੈਂਬਲੀ ਦੀ ਬੈਠਕ ਵਿਚੋਂ ਗੈਰ ਹਾਜ਼ਿਰ ਹੋਣਾ ਪਿਆ ਹੈ ਉਸ ਦੇ ਲਈ ਸਾਰਿਆਂ ਨੂੰ ਬੜਾ ਅਫਸੋਸ ਹੈ।

ਪੰਡਤ ਸ਼੍ਰੀਰਾਮ ਸ਼ਰਮਾਂ: ਵਾਕਈ ਹਮ ਸਭਕੋ ਉਸ ਪਰ ਬਹੁਤ ਸਖਤ ਅਫਸੋਸ ਹੈ।

ਅਰਥ ਮੰਤਰੀ: ਸਪੀਕਰ ਸਾਹਿਬ! ਮੈਨੂੰ ਅਫ਼ਸੋਸ ਹੈ ਕਿ ਮੈਂ ਕਲ ਅਸੈਂਬਲੀ ਵਿਚ ਬਹੁਤੀ ਦੇਰ ਨਹੀਂ ਸਾਂ ਬੈਠ ਸਕਿਆ। ਕਈ ਵਜੂਹਾਤ ਦੇ ਕਾਰਨ ਮੈਂ ਦੂਜੇ ਪਾਸੇ ਮਸਰੂਫ਼ ਸਾਂ। ਇਸਲਈ ਬਹੁਤ ਸਾਰਿਆਂ ਇਹੋ ਜਿਹੇ ਮਾਨਯੋਗ ਮੈਂਬਰਾਂ ਦੀਆਂ ਤਕਰੀਰਾਂ ਜਿਨ੍ਹਾਂ ਵਿਚ ਉਨ੍ਹਾਂ ਨੇ ਕਈਆਂ ਗੱਲਾਂ ਵਲ ਸਰਕਾਰ ਦਾ ਧਿਆਨ ਦਿਵਾਇਆ ਸੀ ਜਾਂ ਉਸਦੇ ਕੰਮਾਂ ਪਰ ਕਰੜੀ ਨੁਕਤਾਚੀਨੀ ਕੀਤੀ ਸੀ ਉਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਨਾਲ ਨਹੀਂ ਸੁਣ ਸਕਿਆ। ਫਿਰ ਵੀ, ਜਿਨ੍ਹਾਂ ਗੱਲਾਂ ਦਾ ਮੈਨੂੰ ਪਤਾ ਲਗਿਆ ਹੈ ਯਾਂ ਜਿਹੜੀਆਂ ਮੇਰੇ ਧਿਆਨ ਵਿਚ ਆਈਆਂ ਹਨ, ਉਨ੍ਹਾਂ ਦਾ ਜਵਾਬ ਦੇਣ ਦੀ ਮੈਂ ਕੋਸ਼ਿਸ਼ ਕਰਾਂਗਾਂ।

ਮਾਨਯੋਗ ਗਵਰਨਰ ਸਾਹਿਬ ਨੇ ਜਿਹੜਾ ਭਾਸ਼ਨ ਇਸ ਹਾਊਸ ਵਿਚ ਦਿਤਾ ਉਸ ਤੇ ਬਹਿਸ ਕਰਦਿਆਂ ਹੋਇਆਂ ਬਹੁਤ ਸਾਰਿਆਂ ਮੈਂਬਰਾਂ ਨੇ ਆਪਣਾ ਬਹੁਤ ਸਾਰਾ ਸਮਾਂ ਰੋਹਤਕ

ਵਿਚ ਹੋਈਆਂ ਘਟਨਾਵਾਂ ਉਤੇ ਲਗਾਇਆ ਹੈ । ਇਸ ਸਾਰੇ ਮਾਮਲੇ ਤੇ ਗਵਰਨਮੈਂਟ ਨੇ ਜੋ ਕੁਝ ਕੀਤਾ ਹੈ ਉਸ ਦੇ ਬਾਰੇ ਆਪਣੀ ਤਕਰੀਰ ਵਿਚ ਸਭ ਤੋਂ ਪਿਛੋਂ ਕਹਾਂਗਾ ਅਤੇ ਜੋ ਜੋ ਵੀ ਨੁਕਤਾ ਚੀਨੀ ਇਸ ਘਟਨਾ ਨੂੰ ਲੈਕੇ ਮਾਨਯੋਗ ਮੈਂਬਰਾਂ ਨੇ ਇਨ੍ਹਾਂ ਦੋ ਦਿਨਾਂ ਵਿਚ ਕੀਤੀ ਹੈ, ਉਸ ਦਾ ਜਵਾਬ ਦੇਵਾਂਗਾ । ਇਸ ਤੋਂ ਪਹਿਲਾਂ ਮੇਰੇ ਭਰਾਵਾਂ ਨੇ ਹੋਰ ਜਿਹੜੀਆਂ ਗੱਲਾਂ ਵਲ ਸਰਕਾਰ ਦਾ ਧਿਆਨ ਦਵਾਇਆ ਹੈ ਉਨ੍ਹਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਜਵਾਬ ਦੇਵਾਂਗਾ ।

ਇਸ ਤਰ੍ਹਾਂ ਦੇ ਐਡਰੈਸਾਂ ਵਿਚ ਜਿਹੜੇ ਕਿ ਸੂਬਿਆਂ ਦੇ ਰਾਜਪਾਲਾਂ ਜਾਂ ਦੇਸ਼ ਦੇ ਰਾਸ਼ਟਰਪਤੀ ਰਾਹੀਂ ਵਿਧਾਨ ਸਭਾਵਾਂ ਵਿਚ ਦਿਤੇ ਜਾਂਦੇ ਹਨ, ਸੂਬਿਆਂ ਅਤੇ ਦੇਸ਼ ਦੀਆਂ ਖ਼ਾਸ ਖ਼ਾਸ ਹਾਲਤਾਂ ਵੱਲ ਸੰਕੇਤ ਕੀਤਾ ਜਾਂਦਾ ਹੈ । ਇਸ ਐਡਰੈਸ (Address) ਵਿਚ ਵੀ ਖਾਸ ਤੌਰ ਤੇ ਉਨ੍ਹਾਂ ਚੁਣੀਆਂ ਹੋਈਆਂ ਚੰਗੀਆਂ ਗੱਲਾਂ ਦਾ ਵਰਨਣ ਕੀਤਾ ਗਿਆ ਹੈ ਜਿਹੜੀਆਂ ਕਿ ਸਾਡੀ ਸਰਕਾਰ ਨੇ ਸੂਬੇ ਦੀ ਬਿਹਤਰੀ ਲਈ ਕੀਤੀਆਂ ਯਾਂ ਕਰਨ ਦਾ ਇਰਾਦਾ ਰਖਦੀ ਹੈ । ਮੈਂ, ਸਪੀਕਰ ਸਾਹਿਬ, ਹੈਰਾਨ ਹਾਂ ਕਿ ਇਸ ਹਾਊਸ ਵਿਚ ਜਿੰਨੇ ਵੀ ਮਾਨਯੋਗ ਮੈਂਬਰਾਂ ਨੇ ਤਕਰੀਰਾਂ ਕੀਤੀਆਂ ਉਨ੍ਹਾਂ ਖਾਸ ਗੱਲਾਂ ਵਲ ਕਿਸੇ ਦਾ ਵੀ ਧਿਆਨ ਨਹੀਂ ਗਿਆ ਅਤੇ ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਉਹ ਕਿਹੋ ਜਹੀਆਂ ਹਨ ਜਾਂ ਕਿਹੋ ਜਹੀਆਂ ਹੋਣੀਆਂ ਚਾਹੀਦੀਆਂ ਹਨ। ਇਸ ਐਡਰੈਸ ਨੂੰ ਮੁਖ ਰਖਕੇ ਜੋ ਕੋਈ ਗੱਲਾਂ ਕਹੀਆਂ ਗਈਆਂ ਹਨ ਤਾਂ ਉਹ ਸਾਰੀਆਂ ਦੀਆਂ ਸਾਰੀਆਂ ਦੇਸ਼ ਦੇ ਹਾਲਾਤ ਅਤੇ ਉਥੋਂ ਦੀਆਂ ਘਟਨਾਵਾਂ ਦੇ ਬਾਰੇ ਸਨ । ਕਿਸੇ ਵੀ ਮੈਂਬਰ ਨੇ ਇਹ ਨਹੀਂ ਕਿਹਾ ਕਿ ਜਿਹੜੀ ਤਰੱਕੀ ਮੁਲਕ ਵਿਚ ਹੋਈ ਹੈ ਅਤੇ ਜਿਸ ਦਾ ਸੰਕੇਤ ਇਸ ਭਾਸ਼ਨ ਵਿਚ ਕੀਤਾ ਗਿਆ ਹੈ ਯਾ ਜੋ ਕੁਝ ਇਸ ਸਰਕਾਰ ਨੇ ਮੁਲਕ ਲਈ ਕਰਨਾ ਹੈ, ਉਹ ਠੀਕ ਹੈ ਜਾਂ ਉਸ ਵਿਚ ਕੋਈ ਕਮੀ ਹੈ । ਮੈਂ ਸਮਝਦਾ ਹਾਂ ਕਿ ਸਾਡਾ ਇਹ ਫ਼ਰਜ਼ ਹੋਣਾ ਚਾਹੀਦਾ ਹੈ ਕਿ ਆਪਣੇ ਦੇਸ਼ ਦੀ ਤਰੱਕੀ ਲਈ ਜਿਹੜੀਆਂ ਵੀ ਚੰਗੀਆਂ ਗਲਾਂ ਹੋਣ ਉਨ੍ਹਾਂ ਨੂੰ ਪੂਰਾ ਕਰਨ ਲਈ ਅਸੀਂ ਹਰ ਮੁਮਕਿਨ ਕੋਸ਼ਿਸ਼ ਕਰੀਏ। ਪਰ ਮੈਨੂੰ ਬੜੇ ਅਫ਼ਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਬਹੁਤ ਸਾਰੀ ਨੁਕਤਾਚੀਨੀ ਜਿਹੜੀ ਇਨ੍ਹਾਂ ਦੋਵਾਂ ਦਿਨਾਂ ਵਿਚ ਸਰਕਾਰ ਦੀ ਪਾਲਿਸੀ ਉਪਰ ਕੀਤੀ ਗਈ, ਉਹ ਬਹੁਤ ਸਾਰੀ ਭੁਲੇਖੇ ਵਿਚ ਪਾਉਣ ਵਾਲੀ ਹੈ । ਮੇਰੇ ਕਹਿਣ ਦਾ ਇਹ ਮਤਲਬ ਨਹੀਂ ਕਿ ਜੋ ਕੁਝ ਉਨ੍ਹਾਂ ਨੇ ਕਿਹਾ ਉਹ ਬਗੈਰ ਸੋਚੇ ਸਮਝੇ ਕਿਹਾ । ਪਰ ਮੈਨੂੰ ਇੰਜ ਮਲੂਮ ਹੁੰਦਾ ਹੈ ਜਿਵੇਂ ਉਨ੍ਹਾਂ ਦੇ ਆਪਣੇ ਦਿਲਾਂ ਵਿਚ ਉਨ੍ਹਾਂ ਗਲਾਂ ਬਾਰੇ ਕੋਈ ਭੁਲੇਖਾ ਹੈ ।

ਸਭ ਤੋਂ ਪਹਿਲਾਂ ਮੈਂ ਆਪਣੇ ਵੀਰ ਸਰਦਾਰ ਫ਼ਕੀਰ ਸਿੰਘ ਦੀਆਂ ਗਲਾਂ ਦਾ ਜ਼ਿਕਰ ਕਰਦਾ ਹਾਂ । ਉਨ੍ਹਾਂ ਨੇ ਦੋ ਤਿੰਨ ਗਲਾਂ ਕਹੀਆਂ ਹਨ । ਸਭ ਤੋਂ ਪਹਿਲਾਂ ਉਨ੍ਹਾਂ ਨੇ ਇਹ ਆਖਿਆ ਕਿ ਠੀਕ ਹੋਵੇਗਾ ਕਿ ਮੁਲਕ ਵਿਚ ਅਗੇ ਨਾਲੋਂ ਜ਼ਿਆਦਾ ਅਮਨ ਕਾਇਮ ਹੈ । ਜੁਰਮ ਘਟ ਗਏ ਹਨ ਪਰ ਮੇਰੇ ਲੁਧਿਆਣੇ ਜ਼ਿਲੇ ਵਿਚ ਦਿਨ ਦਿਹਾੜੇ ਜਿਸ ਬੁਰੀ ਤਰਾਂ ਨਾਲ ਡਾਕਾ ਪਿਆ ਉਸ ਦੇ ਡੇ ਨਾਲ ਲੋਕੀ ਆਰਾਮ ਨਾਲ ਸੌਂ ਵੀ ਨਹੀਂ ਸਕਦੇ । ਜੋ ਹਾਲਤ ਉਨ੍ਹਾਂ ਨੇ ਦਸੀ ਹੈ ਮੈਂ ਹੈਰਾਨ ਹਾਂ ਕਿ ਇਹ ਸਚਮੁਚ ਅਸਲੀਅਤ ਹੈ ਯਾਂ ਉਨ੍ਹਾਂ ਦੇ ਆਪਣੇ ਮਨ ਦੇ ਹੀ ਭਾਵ ਹਨ । ਇਸ ਵਿਚ ਕੋਈ ਸ਼ਕ ਨਹੀਂ ਕਿ ਲੁਧਿਆਣੇ ਵਿਚ ਦਿਨ ਦਿਹਾੜੇ ਇਕ ਡਾਕਾ ਪਿਆ । ਡਾਕੂ ਬਹੁਤ ਹੁਸ਼ਿਆਰ ਸਨ—ਉਹ ਦੌੜ ਗਏ । ਪਰ, ਪ੍ਰਧਾਨ ਜੀ, ਆਪ ਨੂੰ ਇਹ ਵੀ ਸੁਣ ਕੇ ਖੁਸ਼ੀ ਹੋਵੇਗੀ ਕਿ ਸਾਡੀ ਪੁਲਸ ਵੀ ਬੜੀ ਹੁਸ਼ਿਆਰ ਨਿਕਲੀ—ਜੋ ਨਾ ਸਿਰਫ਼ ਉਨ੍ਹਾਂ ਨੇ ਡਾਕੂਆਂ ਦਾ ਪਿੱਛਾ ਹੀ ਕੀਤਾ ਬਲਕਿ ਉਨ੍ਹਾਂ ਨੂੰ ਪਕੜਕੇ ਗ੍ਰਿਫ਼ਤਾਰ ਵੀ ਕਰ ਲਿਆ। ਇਸ ਤੋਂ ਇਲਾਵਾ ਪੁਲਿਸ ਨੇ ਡਾਕੂਆਂ ਦੇ ਦੋ ਹੋਰ ਗੈਂਗ (gang) ਪਕੜੇ ਉਨ੍ਹਾਂ ਦੇ ਕਾਰਣ ਲੋਕਾਂ ਦੇ ਮਨ ਵਿਚ ਜਿਹੜਾ ਡਰ ਅਤੇ ਖਲਬਲੀ ਮਚੀ ਹੋਈ ਸੀ, ਉਹ ਭੈ ਅਤੇ ਡਰ ਹੁਣ ਦੂਰ ਹੋ ਚੁਕਿਆ ਹੋਇਆ ਹੈ ।

ਸਰਦਾਰ ਅੱਛਰ ਸਿੰਘ ਛੀਨਾ : ਬਾਕੀਆਂ ਜ਼ਿਲਿਆਂ ਦੇ ਬਾਰੇ ਕੀ ਹਾਲ ਹੈ ?

ਅਰਥ ਮੰਤਰੀ : ਜਿਥੇ ਜਿਥੇ ਡਾਕੂਆਂ ਦਾ ਪਤਾ ਲਗਦਾ ਹੈ ਓਥੇ ਓਥੇ ਪੁਲਿਸ ਉਨ੍ਹਾਂ ਨੂੰ ਕਾਬੂ ਕਰਨ ਵਿਚ ਲਗੀ ਹੋਈ ਹੈ। ਉਨ੍ਹਾਂ ਡਾਕੂਆਂ ਨੂੰ ਜਿਹੜੇ ਕਿ ਲੋਕਾਂ ਨੂੰ ਤੰਗ ਕਰਦੇ ਹਨ ਅਤੇ ਲੁਟ ਮਾਰ ਕਰਦੇ ਹਨ ਪੁਲਿਸ ਮੂੰਗਾਂ ਵਾਂਗ ਉਨ੍ਹਾਂ ਨੂੰ ਉਖਾੜ ਦਿੰਦੀ ਹੈ। [Cheers]

ਫਿਰ ਉਨ੍ਹਾਂ ਨੇ ਇਹ ਕਿਹਾ ਕਿ ਸਰਕਾਰ ਆਪਣੇ ਧੜੇ ਤੋਂ ਅਲਾਵਾ ਦੂਜਿਆਂ ਧੜਿਆਂ ਨੂੰ ਬਿਲਕੁਲ ਖ਼ਤਮ ਕਰਨਾ ਚਾਹੁੰਦੀ ਹੈ। ਅਗੇ ਚਲਕੇ ਉਨ੍ਹਾਂ ਨੇ ਇਹ ਸ਼ਿਕਾਇਤ ਕੀਤੀ ਕਿ ਚੂੰਕਿ ਟਰਾਂਸਪੋਰਟ ਵਿਚ ਬਹੁਤ ਸਾਰੇ ਅਪਰੇਟਰ ਸਿੱਖ ਹਨ ਇਸ ਲਈ ਇਸ ਇਦਾਰੇ ਨੂੰ nationalise ਕਰਕੇ ਸਰਕਾਰ ਸਿੱਖਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੀ ਹੈ। ਇਸ ਤੋਂ ਅਲਾਵਾ ਜੋ 1155 ਨੂੰ 1115 ਰਖਕੇ ਸਰਦਾਰ ਸਾਹਿਬ ਨੇ ਇਹ ਫ਼ਰਮਾਇਆ ਕਿ ਇਸ ਤਰਾਂ ਕਰਨ ਨਾਲ ਸਰਕਾਰ ਦੀ ਫ਼ਿਰਕਾਦਾਰਾਨਾ ਜ਼ਹਿਨੀਅਤ ਸਾਫ਼ ਪ੍ਰਗਟ ਹੋ ਰਹੀ ਹੈ। ਪ੍ਰਧਾਨ ਜੀ ! ਸਾਡੇ ਉਪਰ ਇਹ ਇਲਜ਼ਾਮ ਲਾਂਦਿਆਂ ਹੋਇਆਂ ਸ਼ਾਇਦ ਉਹ ਇਹ ਗਲ ਭੁਲ ਗਏ ਹਨ ਕਿ ਅਜ ਤੋਂ ਤਿੰਨ ਸਾਲ ਪਹਿਲੋਂ ਜਦੋਂ ਇਸ ਚੀਜ਼ ਦਾ ਫ਼ੈਸਲਾ ਕੀਤਾ ਗਿਆ ਤਾਂ ਇਹ ਫ਼ੈਸਲਾ ਕਰਨ ਵਾਲੇ ਵਜ਼ੀਰ ਉਹੀ ਗਿਆਨੀ ਕਰਤਾਰ ਸਿੰਘ ਜੀ ਸਨ ਜਿਹੜੇ ਕਿ ਇਸ ਵੇਲੇ ਅਕਾਲੀ ਦਲ ਦੇ ਮੋਢੀ ਹਨ ਅਤੇ ਜਿਨ੍ਹਾਂ ਨੂੰ ਹੁਣ ਇਸ ਪਾਰਟੀ ਦਾ ਦਿਲ ਅਤੇ ਦਿਮਾਗ ਸਮਝਿਆ ਜਾਂਦਾ ਹੈ। ਦੂਜੇ ਅੱਖਰਾਂ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੀ ਨੈਸ਼ਨਲਾਈਜ਼ੇਸ਼ਨ (nationalisation) ਦੀ ਸਕੀਮ ਦਾ ਅਰੰਭ ਸੰਨ 1950 ਵਿਚ ਗਿਆਨੀ ਜੀ ਦੇ ਮਨਿਸਟਰ ਹੋਣ ਵੇਲੇ ਹੀ ਹੋਇਆ ਸੀ। (*Hear hear*) ਇਸ ਲਈ ਮੈਂ ਸਮਝਦਾ ਹਾਂ ਕਿ ਜੇ ਗਿਆਨੀ ਜੀ ਨੇ ਇਸ ਸਕੀਮ ਨੂੰ ਕੇਵਲ ਸਿੱਖਾਂ ਨੂੰ ਹੀ ਨੁਕਸਾਨ ਪਹੁੰਚਾਣ ਲਈ ਅਰੰਭ ਕੀਤਾ ਸੀ ਤਾਂ ਇਸ ਦਾ ਜਵਾਬ ਉਹੀ ਦੇ ਸਕਦੇ ਹਨ। ਪ੍ਰੰਤੂ ਮੈਂ ਸਾਫ਼ ਸ਼ਬਦਾਂ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜੇ ਕਿਸੇ ਵੀ ਚੀਜ਼ ਨੂੰ ਨੈਸ਼ਨਲਾਈਜ਼ ਕਰਾਂਗੇ ਤਾਂ ਉਸ ਵਿਚ ਫ਼ਿਰਕਾਦਾਰੀ ਦਾ ਕੋਈ ਭਾਵ ਨਹੀਂ ਹੋਵੇਗਾ। [*Cheers*]

ਸਰਦਾਰ ਅਛਰ ਸਿੰਘ ਛੀਨਾ : ਉਸ ਵੇਲੇ ਤਾਂ ਉਹ ਕਾਂਗਰਸੀ ਸਨ।

ਅਰਥ ਮੰਤਰੀ : ਪਰ ਨਾਲ ਸਿਖ ਵੀ ਤੇ ਸਨ। ਉਹ ਸਿੱਖ ਕੌਮ ਦੇ interest ਨੂੰ ਚੰਗੀ ਤਰਾਂ ਨਾਲ ਜਾਣਦੇ ਸਨ। ਫੇਰ, ਪ੍ਰਧਾਨ ਜੀ, ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਭਾਰਤ ਵਿਚ ਪੰਜਾਬ ਕੋਈ ਪਹਿਲਾ ਸੂਬਾ ਹੀ ਨਹੀਂ ਜਿਥੇ ਕਿ ਟਰਾਂਸਪੋਰਟ ਦੀ ਨੈਸ਼ਨਲਾਈਜ਼ੇਸ਼ਨ ਕੀਤੀ ਜਾ ਰਹੀ ਏ। ਮਦਰਾਸ, ਬੰਬਈ, ਉੱਤਰ ਪ੍ਰਦੇਸ਼, ਬਿਹਾਰ ਵਗੈਰਾ ਹਰ ਸੂਬੇ ਵਿਚ ਇਸ ਤੋਂ ਵੀ ਜ਼ਿਆਦਾ ਪੈਮਾਨੇ ਤੇ ਮੋਟਰ ਟਰਾਂਸਪੋਰਟ (Motor Transport) ਨੂੰ ਨੈਸ਼ਨਲਾਈਜ਼ ਕੀਤਾ ਗਿਆ ਹੈ ਅਤੇ ਕੀਤਾ ਜਾ ਰਿਹਾ ਹੈ। ਮੇਰੇ ਮਿੱਤਰ ਨੂੰ ਪਤਾ ਹੈ ਕਿ ਉਥੇ ਤਾਂ ਹਿੰਦੂ ਜਾਂ ਸਿੱਖ ਦਾ ਕੋਈ ਸਵਾਲ ਹੀ ਨਹੀਂ। ਫ਼ਿਰਕਾਦਾਰੀ ਨੂੰ ਤਾਂ ਸਾਡੇ ਮੁਲਕ ਦਾ ਵਿਧਾਨ ਬਿਲਕੁਲ ਨਹੀਂ ਮੰਨਦਾ। ਇਸਲਈ ਜੋ ਵੀ ਪਬਲਿਕ ਮੁਫ਼ਾਦ—ਲੋਕ ਭਲਾਈ ਬਾਰੇ ਸਰਕਾਰ ਕਦਮ ਉਠਾਏਗੀ ਉਸ ਵਿਚ ਦੇਸ਼ ਦੀ ਆਮ ਬੇਹਤਰੀ ਅਤੇ ਤਰੱਕੀ ਦਾ ਹੀ ਖਿਆਲ ਰਖਿਆ ਜਾਵੇਗਾ। ਇਸਲਈ ਮੈਂ ਇਹ ਸਮਝਦਾ ਹਾਂ ਕਿ ਉਨ੍ਹਾਂ ਨੇ ਜਿਹੜਾ ਇਲਜ਼ਾਮ ਇਸ ਸੰਬੰਧ ਵਿਚ ਸਰਕਾਰ ਤੇ ਲਾਇਆ ਹੈ ਉਹ ਬਿਲਕੁਲ ਨਾਜਾਇਜ਼ ਅਤੇ ਨਾਵਾਜਬ ਹੈ।

ਅਸੀਂ ਟ੍ਰਾਂਸਪੋਰਟ ਨੂੰ ਕਿਓਂ ਨੇਸ਼ਨਲਾਈਜ਼ ਕੀਤਾ ? ਅੱਜ ਤੋਂ ਤਿੰਨ ਸਾਲ ਪਹਿਲੋਂ ਜਦੋਂ ਇਹ ਸਕੀਮ ਸ਼ੁਰੂ ਕੀਤੀ ਜਾਣ ਵਾਲੀ ਸੀ ਤਾਂ operators ਨੇ ਇਹ ਮੁਤਾਲਬਾ ਕੀਤਾ ਕਿ ਅਜੇ ਦੋ ਤਿੰਨ ਸਾਲ ਲਈ ਇਸ ਨੂੰ postpone ਕਰ ਦਿਉ । ਸੋ, ਅਸੀਂ ਉਨ੍ਹਾਂ ਦਾ ਉਹ ਮੁਤਾਲਬਾ ਮੰਨ ਲਿਆ । ਹੁਣ ਉਹ ਸਮਾਂ ਖ਼ਤਮ ਹੋ ਚੁਕਿਆ ਹੈ । ਸਪੀਕਰ ਸਾਹਿਬ ! ਨੇਸ਼ਨਲਾਈਜ਼ੇਸ਼ਨ ਦੀ ਹੁਣ ਤਕ ਜਿਤਨੀ ਥੋੜੀ ਬਹੁਤ ਸਕੀਮ ਚਲ ਰਹੀ ਹੈ ਉਸ ਵਿਚੋਂ ਜੇ ਸਾਨੂੰ ਕੋਈ ਫਾਇਦਾ ਨ ਹੁੰਦਾ ਤਾਂ ਫਿਰ ਮੇਰੇ ਦੋਸਤ ਇਸ ਨੂੰ criticise ਕਰ ਸਕਦੇ ਸਨ ਤੇ ਉਸ ਹਾਲਤ ਵਿਚ ਇਨ੍ਹਾਂ ਵੱਲੋਂ ਕੀਤੀ ਗਈ ਅਲੋਚਨਾ ਜਾਇਜ਼ ਹੁੰਦੀ। ਪਰ, ਪ੍ਰਧਾਨ ਜੀ, ਜੇ ਮੈਂ ਆਪਦੇ ਸਾਹਮਣੇ ਕੁਝ ਅੰਕੜੇ ਰਖਾਂ ਤਾਂ ਆਪ ਨੂੰ ਵੀ ਪਤਾ ਲਗ ਜਾਵੇਗਾ ਕਿ ਇਸ ਵਿਚ ਸਾਨੂੰ ਨਫ਼ਾ ਹੋਇਆ ਹੈ ਜਾਂ ਨੁਕਸਾਨ। ਇਹ ਅੰਕੜੇ ਇੰਜ ਹਨ :---

ਕੁਲ ਸਰਮਾਇਆ ..	62,50,000	ਰੁਪਏ
ਹੁਣ ਤਕ ਹੋਇਆ ਖਾਲਸ ਮੁਨਾਫ਼ਾ	29,99,929	,,
ਡੇਪ੍ਰੀਸੀਏਸ਼ਨ (ਰੀਜ਼ਰਵ)	17,73,000	,,
ਸੂਦ ਲਈ ਕਢਿਆ ਗਿਆ .. ਰੁਪਿਆ	4,11,246	,,

ਇਸ ਤਰ੍ਹਾਂ ਨਾਲ 62,50,000 ਰੁਪਏ ਦੇ ਸਰਮਾਏ ਦੇ ਨਾਲ ਸਾਨੂੰ ਅਜ ਤਿਕਨ ਕੋਈ 52,34,000 ਰੁਪਏ ਦਾ ਫਾਈਦਾ ਹੋਇਆ ਹੈ । ਇਸ ਤਰ੍ਹਾਂ ਨਾਲ ਅਸੀ ਇਹ ਵੀ ਖ਼ਿਆਲ ਰਖਿਆ ਹੈ ਕਿ ਸਰਕਾਰ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨ ਹੋਵੇ । ਜਿਥੋਂ ਤਕ ਬਾਕੀ ਰਹਿ ਗਈ ਟਰਾਂਸਪੋਰਟ ਦੀ ਨੇਸ਼ਨਲਾਈਜ਼ੇਸ਼ਨ ਦਾ ਸਵਾਲ ਹੈ ਉਸ ਬਾਰੇ ਸਾਡੀ ਇਹੋ ਕੋਸ਼ਿਸ਼ ਹੋਵੇਗੀ ਕਿ ਕਿਸੇ ਨੂੰ ਵੀ ਕੋਈ ਨੁਕਸਾਨ ਨ ਹੋਵੇ । ਇਸ ਮਾਮਲੇ ਵਿਚ ਸਰਕਾਰ ਪੂਰਾ ਮੁਆਵਜ਼ਾ ਦੇਣ ਦੇ ਮਾਮਲੇ ਨੂੰ ਵੀ ਨਜ਼ਰਅੰਦਾਜ਼ ਨਹੀ ਕਰੇਗੀ । ਸਰਕਾਰ ਦਾ ਇਹ ਪੂਰਾ ਨਿਸ਼ਚਾ ਹੈ ਕਿ ਇਸ ਮਾਮਲੇ ਸੰਬੰਧੀ ਕੋਈ ਵੀ ਕੰਮ ਖ਼ਿਲਾਫ਼ ਨ ਕੀਤਾ ਜਾਵੇ ਜਿਸ ਵਿਚ ਦੋਵੇਂ ਪਾਰਟੀਆ ਆਪਸ ਵਿਚ ਰਾਜ਼ੀ ਨਾ ਹੋਣ । ਇਸ ਵਿਚ ਲੁਕਾ ਛੁਪਾ ਵਾਲੀ ਕੋਈ ਗਲ ਨਹੀਂ ।

ਇਸ ਤੋਂ ਅਲਾਵਾ, ਸਪੀਕਰ ਸਾਹਿਬ, ਉਨ੍ਹਾਂ ਨੇ ਇਕ ਹੋਰ ਗੱਲ ਵਲ ਸਰਕਾਰ ਦਾ ਧਿਆਨ ਦਿਵਾਓਂਦਿਆਂ ਹੋਇਆਂ ਕਾਫ਼ੀ ਕੁਝ ਕਿਹਾ । ਉਨ੍ਹਾਂ ਨੇ ਆਖਿਆ ਕਿ ਜਦੋਂ ਸ਼੍ਰੀਮਤੀ ਸੀਤਾ ਦੇਵੀ ਐਮ. ਐਲ. ਏ. ਅਤੇ ਪੰਡਤ ਅਮਰਨਾਥ ਵਿਦਿਆਲੰਕਾਰ ਨੇ picketing ਕੀਤੀ ਤਾਂ ਉਨ੍ਹਾਂ ਨੂੰ ਤੇ ਹਵਾਲਾਤ ਵਿਚ ਥੋੜੀ ਦੇਰ ਰਖ ਕੇ ਬਾਹਰ ਛਡ ਦਿਤਾ ਗਿਆ ਪਰ ਜਦੋਂ pearl hosiery ਦੇ ਸਿਲਸਿਲੇ ਵਿਚ ਪਿਕਟਿੰਗ ਕੀਤੀ ਗਈ ਤਾਂ ਉਨ੍ਹਾਂ ਨਾਲ ਬਿਲਕੁਲ ਉਲਟਾ ਸਲੂਕ ਕੀਤਾ ਗਿਆ । ਮੇਰੇ ਦੋਸਤ ਆਪ ਵਕੀਲ ਹਨ ਇਸਲਈ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਨ੍ਹਾਂ ਦੋਨਾਂ ਕੇਸਾਂ ਵਿਚ ਵਰਤੋਂ ਵਿਚ ਲਿਆਈ ਗਈ ਲੀਗਲ ਪੋਜ਼ੀਸ਼ਨ ਨੂੰ ਸਮਝ ਕੇ ਇਹ ਕਹਿਣਾ ਹੀ ਨਹੀਂ ਸੀ ਚਾਹੀਦਾ । ਇਸ ਸਿਲਸਿਲੇ ਵਿਚ ਮੈਂ ਉਨ੍ਹਾਂ ਦੀ ਸੂਚਨਾ ਲਈ ਇਹ ਦਸ ਦਿਆਂ ਕਿ ਜਦੋਂ ਕੋਈ ਵੀ ਆਦਮੀ ਕਨੂੰਨ ਦੀ ਉਲੰਘਣਾ ਕਰਦਾ ਹੈ—ਉਹ ਚਾਹੇ ਮੇਰੀ ਭੈਣ ਸ਼੍ਰੀਮਤੀ ਸੀਤਾ ਦੇਵੀ ਹੋਵੇ ਜਾਂ ਪੰਡਿਤ ਅਮਰਨਾਥ ਵਿਦਿਆਲੰਕਾਰ—ਉਸ ਨੂੰ ਉਸ ਦੀ ਜਾਤ ਜਾਂ ਉਸਦੇ ਪਾਰਟੀ ਦਾ ਮੈਂਬਰ ਹੋਣ ਦਾ ਕੋਈ ਖਿਆਲ ਨ ਕਰਦਿਆਂ ਹੋਇਆਂ ਜ਼ਰੂਰ ਗਿਰਫਤਾਰ ਕੀਤਾ ਜਾਵੇਗਾ ਅਤੇ ਕਾਨੂੰਨ ਦੇ ਅਨੁਸਾਰ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ (*Cheers*) ਇਹ ਹੀ ਤਰੀਕਾ ਸ਼੍ਰੀਮਤੀ ਸੀਤਾ ਦੇਵੀ ਅਤੇ ਪੰਡਿਤ ਅਮਰਨਾਥ ਜੀ ਦੇ ਕੇਸ ਵਿਚ ਵਰਤਿਆ ਗਿਆ ਸੀ ।

[ਅਰਥ ਮੰਤਰੀ]

ਫੇਰ ਇਸ ਗਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਸਰਕਾਰ ਨੇ ਉਹਨਾਂ ਨੂੰ ਛਡ ਕਿਓਂ ਦਿਤਾ ਜਦ ਕਿ ਉਨ੍ਹਾਂ ਕਾਨੂੰਨ ਦੀ ਉਲੰਘਣਾ ਕੀਤੀ ਸੀ। ਮੈਂ ਅਰਜ਼ ਕਰਦਾ ਹਾਂ ਕਿ ਪਹਿਲਾਂ ਤਾਂ ਸਰਕਾਰ ਨੇ ਇਸ ਲਈ ਉਨ੍ਹਾਂ ਨੂੰ ਪਕੜਿਆਂ ਕਿਓਂ ਕਿ ਅਮਨ ਵਿਚ ਭੰਗ ਪੈਣ ਦਾ ਡਰ ਪੈਦਾ ਹੋ ਗਿਆ ਸੀ, ਲੇਕਿਨ ਬਾਅਦ ਦੇ ਵਿਚ ਪਾਰਟੀ ਦੇ ਵਰਕਰਾਂ ਦਾ ਆਪਸ ਵਿਚ ਸਮਝੌਤਾ ਹੋ ਗਿਆ ਸੀ ਤੇ ਉਹ tribunal ਦੇ ਪਾਸ ਆਪਣਾ ਕੇਸ ਭੇਜਣ ਨੂੰ ਤਿਆਰ ਹੋ ਗਏ ਸਨ। ਉਨ੍ਹਾਂ ਨੇ ਇਸ ਗਲ ਦਾ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੇ ਪਿਕਟਿੰਗ ਅਮਨ ਵਿਚ ਖਲੱਲ ਪਾਉਣ ਲਈ ਨਹੀ ਸੀ ਕੀਤੀ। ਇਸ ਲਈ, ਸਪੀਕਰ ਸਾਹਿਬ, ਉਨ੍ਹਾਂ ਨੂੰ ਛੋੜਨ ਛੋੜ ਦਿਤਾ ਗਿਆ ਸੀ। ਨਾਲ ਹੀ ਉਨ੍ਹਾਂ ਮਜ਼ਦੂਰ ਵਰਕਰਾਂ ਨੂੰ ਵੀ ਛੋੜ ਦਿਤਾ ਗਿਆ ਸੀ ਜਿਨ੍ਹਾਂ ਦਾ ਮੁਦਆ ਅਮਨ ਵਿਚ ਖ਼ਲੱਲ ਪਾਉਣ ਦੇ ਸਿਵਾਇ ਹੋਰ ਕੁਝ ਨਹੀਂ ਸੀ। ਕੇਵਲ ਚੰਦ ਇਕ ਉਹ ਮਜਦੂਰ ਨਹੀ ਛਡੇ ਗਏ ਸੀ ਜਿਨ੍ਹਾਂ ਕੋਲੋਂ ਅਮਨ ਭੰਗ ਹੋਨ ਦਾ ਖ਼ਤਰਾ ਸੀ। (*Interruption*). ਉਨ੍ਹਾਂਦੇ ਛੋੜਨੇ ਦੀ ਇਕ ਇਹ ਵੀ ਵਜ੍ਹਾ ਸੀ ਕਿ ਸਰਕਾਰ ਨਹੀਂ ਚਾਹੁੰਦੀ ਸੀ ਕਿ ਖ਼ਾਹਮਖਾਹ, ਉਨ੍ਹਾਂ ਉਤੇ ਮੁਕੱਦਮੇ ਚਲਾਏ ਜਾਨ ਅਤੇ ਸਰਕਾਰੀ ਖ਼ਜ਼ਾਨੇ ਉਤੇ ਭਾਰ ਪਾਇਆ ਜਾਵੇ (*Interruption*)।

Mr. Speaker : You need not address those who interrupt you but address the Chair.

ਅਰਥ ਮੰਤਰੀ : ਮੈਂ ਇਨ੍ਹਾਂ ਨੂੰ ਇਹ ਦਸ ਰਿਹਾ ਹਾਂ ਕਿ ਉਨ੍ਹਾਂ ਮਜ਼ਦੂਰਾਂ ਨੂੰ ਛੋੜ ਦਿਤਾ ਗਿਆ ਸੀ ਜਿਨ੍ਹਾਂ ਨੇ ਇਹ ਕਹਿ ਦਿਤਾ ਸੀ ਕਿ ਉਨ੍ਹਾਂ ਦਾ ਮਕਸਦ ਅਮਨ ਭੰਗ ਕਰਨਾ ਜਾਂ ਜੰਤਾ ਵਿਚ ਝਗੜੇ ਪੈਦਾ ਕਰਨਾ ਨਹੀਂ ਸੀ। ਕੇਵਲ ਉਨ੍ਹਾਂ ਨੂੰ ਨਹੀ ਸੀ ਛਡਿਆ ਗਿਆ ਜਿਨ੍ਹਾਂ ਦਾ ਮਕਸਦ ਝਗੜੇ ਪੈਦਾ ਕਰਨਾ ਸੀ। (*Interruptions*).

Mr. Speaker : Order, order.

ਅਰਥ ਮੰਤਰੀ : ਫਿਰ, ਸਪੀਕਰ ਸਾਹਿਬ, ਪਰੋਫੇਸਰ ਮੋਤਾ ਸਿੰਘ ਨੇ ਇਹ ਕਹਾ ਹੈ ਕਿ ਇਹ ਸਰਕਾਰ ਬੜੀਆਂ ਰਿਆਇਤਾਂ ਕਰਦੀ ਹੈ ਅਤੇ ਵਜ਼ੀਰ ਅਫ਼ਸਰਾਂ ਅਗੇ ਸਿਫ਼ਾਰਸ਼ਾਂ ਕਰਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦੇ ਪਾਸ ਚਿਠੀਆਂ ਹਨ। ਮੈਨੂੰ ਇਸ ਗਲ ਦੀ ਸਮਝ ਨਹੀਂ ਆਈ ਕਿ ਜਦੋਂ ਉਹ ਹਾਈ ਕਮਾਨ ਦੇ ਪਾਸ ਸ਼ਿਕਾਇਤਾਂ ਲੈ ਕੇ ਗਏ ਸਨ ਤਾਂ ਉਹ ਚਿਠੀਆਂ ਕਿਉਂ ਨਹੀ ਸਨ ਲੈ ਗਏ। ਸਪੀਕਰ ਸਾਹਿਬ ! ਮੈਂ ਇਹ ਦਾਵ੍ਹੇ ਨਾਲ ਕਹਿ ਸਕਦਾ ਹਾਂ ਕਿ ਸਾਡੇ ਵਿਚੋਂ ਕਿਸੇ ਵੀ ਮੰਤਰੀ ਨੇ Public Services Commission ਦੇ ਮੈਂਬਰਾਂ ਅਗੇ ਚਾਹੇ ਉਹ ਪਿਛਲੇ ਮੈਂਬਰ ਸਨ ਚਾਹੇ ਮੌਜੂਦਾ ਮੈਂਬਰ ਹਨ ਕਿਸੇ ਨੂੰ ਸਿਫ਼ਾਰਸ਼ੀ ਚਿੱਠੀ ਨਹੀ ਲਿਖੀ। ਇਹ ਗਲ ਉਨ੍ਹਾਂ ਕੋਲੋਂ ਪੁਛੀ ਜਾ ਸੱਕਦੀ ਹੈ। ਇਹ ਗੱਲ ਵਖਰੀ ਹੈ ਕਿ ਕੋਈ ਚੀਜ਼ for comments ਭੇਜੀ ਗਈ ਹੋਵੇ। ਮੈਂ ਇਹ ਕਹਿ ਸਕਦਾ ਹਾਂ ਕਿ ਸਾਡੇ ਵਿਚੋਂ ਕੋਈ ਇਕ ਜਿਹਾ ਆਦਮੀ ਨਹੀਂ ਜਿਹੜਾ ਸਿਫ਼ਾਰਸ਼ਾਂ ਕਰੇ। (*At this stage there were interruptions*).

Mr. Speaker: Order, order.

ਅਰਥ ਮੰਤਰੀ : ਫਿਰ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸਾਡੀ ਸਰਕਾਰ ਨੇ national workers ਪੈਨਸ਼ਨਾਂ ਦੇਣ ਵਿਚ ਵੀ ਰਿਆਇਤਾਂ ਕਰ ਰਹੀ ਹੈ। ਇਸ ਗਲ ਵਿਚ ਵੀ ਪਾਰਟੀ

ਬਾਕੀ ਦਾ ਖਿਆਲ ਰਖਿਆ ਜਾਂਦਾ ਹੈ। ਇਸ ਬਾਰੇ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਕਿਸੇ ਨਾਲ ਰਿਆਇਤ ਨਹੀਂ ਕੀਤੀ ਗਈ। ਮੈਂ ਇਸ ਗਲ ਦੀ ਤਸੱਲੀ ਲਾਲਾ ਜਗਤ ਨਰਾਇਣ ਹੋਰਾਂ ਕੋਲੋਂ ਕਰ ਲਈ ਹੈ। ਇਸ ਵੇਲੇ ਪੈਨਸ਼ਨ ਦੇ ਦੋ ਕੇਸ ਚਲ ਰਹੇ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਵਿਚੋਂ ਇਕ ਤਾਂ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਦੂਜੇ ਉਪਰ ਵਿਚਾਰ ਹੋ ਰਿਹਾ ਹੈ।

ਸਪੀਕਰ ਸਾਹਿਬ ! ਮੈਂ ਇਨ੍ਹਾਂ ਮਾਨਯੋਗ ਮਿਤਰਾਂ ਅਗੇ ਅਰਜ਼ ਕਰਦਾ ਹਾਂ ਕਿ ਉਹ ਇਨ੍ਹਾਂ ਛੋਟੀ ਛੋਟੀ ਗਲਾਂ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ ਜਾਂ ਜਿਹੜੀਆਂ ਬਿਲਕੁਲ ਬੇ ਬੁਨਿਆਦ ਹੁੰਦੀਆਂ ਹਨ, ਜ਼ਿਕਰ ਨਾ ਕੀਤਾ ਕਰਨ। ਸਾਨੂੰ ਨਿਕੀਆਂ ੨ ਗਲਾਂ ਵਿਚ ਨਹੀਂ ਪੈਣਾ ਚਾਹੀਦਾ। ਇਨ੍ਹਾਂ ਨਿਕੀਆਂ ੨ ਗਲਾਂ ਨੂੰ ਹਾਊਸ ਵਿਚ ਲਿਆ ਕੇ ਝਗੜਾ ਕਰਨਾ ਚੰਗੀ ਗਲ ਨਹੀਂ ਜਾਪਦੀ ਕਿਉਂ ਜੋ ਇਨ੍ਹਾਂ ਚੀਜ਼ਾਂ ਦਾ ਕੋਈ ਵਜ਼ਨ ਨਹੀਂ ਹੁੰਦਾ।

ਫਿਰ, ਸਪੀਕਰ ਸਾਹਿਬ, ਮੇਰੇ ਮਿਤ੍ਰ ਸ੍ਰੀ ਮੂਲ ਚੰਦ ਜੈਨ ਨੇ ਦੋ ਚਾਰ ਗਲਾਂ ਕਹੀਆਂ ਹਨ। ਉਹ ਭਾਵੇਂ ਚੰਗੀਆਂ ਗਲਾਂ ਹਨ ਪਰ ਉਨ੍ਹਾਂ ਵਿਚੋਂ ਵੀ ਬਹੁਤ ਸਾਰੀਆਂ ਇਹੋ ਜਿਹੀਆਂ ਹਨ ਜਿਹੜੀਆਂ ਗਲਤ ਫੈਹਮੀ ਤੇ ਮਬਨੀ ਹਨ। ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਸਰਕਾਰ ਦੀ Administration ਕੰਮ ਕਰਦੀ ਹੈ। ਜੇਕਰ ਕੋਈ ਅਫ਼ਸਰ ਗਲਤੀ ਕਰ ਦੇਂਦਾ ਹੈ ਤਾਂ ਉਸ ਦਾ ਇਹ ਮਤਲਬ ਨਹੀਂ ਹੁੰਦਾ ਕਿ ਸਰਕਾਰ ਵਲੋਂ ਇਸ ਬਾਰੇ ਉਸ ਨੂੰ ਕੋਈ ਹਿਦਾਇਤ ਸੀ। ਜੇਕਰ ਕੋਈ ਅਫ਼ਸਰ ਇਕੱਲਾ ਹੀ ਕੋਈ ਗਲ ਕਰਦਾ ਹੈ ਤਾਂ ਉਸ ਦੇ ਖ਼ਿਲਾਫ਼ ਜੇਕਰ ਸਰਕਾਰ ਦੇ ਪਾਸ ਸ਼ਿਕਾਇਤ ਭੇਜੀ ਜਾਏ ਤਾਂ ਫਿਰ ਵੇਖਣਾ ਚਾਹੀਦਾ ਹੈ ਕਿ ਗਵਰਨਮੈਂਟ ਉਸ ਦੇ ਖ਼ਿਲਾਫ਼ ਕੋਈ ਐਕਸ਼ਨ (action) ਲੇਂਦੀ ਹੈ ਜਾਂ ਨਹੀਂ। ਜੇਕਰ ਸਰਕਾਰ ਉਸ ਦੇ ਖ਼ਿਲਾਫ਼ ਕੋਈ action ਨਾ ਲਵੇ ਤਾਂ ਕਿਹਾ ਜਾਵੇ। ਮੈਂ ਅਰਜ਼ ਕਰਦਾ ਹਾਂ ਕਿ ਮੁਜ਼ਾਰਿਆਂ ਦੇ ਮੁਤੱਲਕ ਅਸਾਂ ਸਾਰਿਆਂ ਮਿਲਕੇ ਇਕ ਕਾਨੂੰਨ ਬਣਾਇਆ ਸੀ। ਸਰਕਾਰ ਉਸ ਉਤੇ ਅਮਲ ਕਰ ਰਹੀ ਹੈ। ਅਸਾਂ ਤਾਂ ਉਨ੍ਹਾਂ ਲਈ ਇਥੋਂ ਤਕ ਕਰ ਦਿਤਾ ਹੈ ਕਿ ਜਿਹੜੀ Court fee Stamp ਉਨ੍ਹਾਂ ਨੂੰ ਲਗਾਣੇ ਪੈਂਦੇ ਸਨ ਉਹ ਵੀ ਮੁਆਫ਼ ਕਰ ਦਿਤੇ ਗਏ ਹਨ। ਹਾਲਾਂਕਿ ਅਜਿਹਾ ਕਰਨ ਨਾਲ ਸਾਡੇ ਖ਼ਜ਼ਾਨੇ ਉਤੇ ਬੜਾ ਭਾਰੀ ਅਸਰ ਪਿਆ ਹੈ। ਫਿਰ ਉਨ੍ਹਾਂ ਨੇ ਸਸਤੇ ਕਰਜ਼ੇ ਦੇ ਬਾਰੇ ਕਿਹਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਨੇ ਕਰਜ਼ੇ ਦੇਣ ਵਿਚ ਕੋਈ ਕਸਰ ਨਹੀਂ ਉਠਾ ਰਖੀ। ਸਾਡੀ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੋਇਆ ਹੈ ਕਿ ਜਿਹੜੇ ਲੋਕ ਛੋਟੇ ਕਰਜ਼ਿਆਂ ਲਈ ਦਰਖਾਸਤਾਂ ਦੇਣ ਉਨ੍ਹਾਂ ਵਾਸਤੇ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੇ ਦੋ ਦੋ ਜ਼ਮਾਨਤੀ ਹੋਣ ਅਤੇ ਵਡੇ ਕਰਜ਼ਿਆਂ ਲਈ ਜਾਇਦਾਦ ਦੀ ਜ਼ਮਾਨਤ ਹੋਣਾ ਜ਼ਰੂਰੀ ਹੈ। ਇਸ ਵਾਸਤੇ ਜੇਕਰ ਕੋਈ ਆਦਮੀ ਛੋਟੇ ਕਰਜ਼ੇ ਲਈ ਦੋ ਜ਼ਾਮਨ ਦੇ ਕੇ ਦਰਖਾਸਤ ਦਿੰਦਾ ਹੈ ਤਾਂ ਉਸ ਨੂੰ ਕਰਜ਼ਾ ਦੇ ਦਿਤਾ ਜਾਂਦਾ ਹੈ। ਪੰਜ ਹਜ਼ਾਰ ਰੁਪਏ ਤਕ ਦੇ ਕਰਜ਼ੇ ਛੋਟੇ ਕਰਜ਼ੇ ਸਮਝੇ ਜਾਂਦੇ ਹਨ। ਜੋ ਆਦਮੀ ਦਸਤਕਾਰੀ ਲਈ ਕਰਜ਼ਾ ਲੈਣਾ ਚਾਹੁੰਦਾ ਹੈ ਉਹ ਜੇਕਰ ਦੋ ਆਦਮੀਆਂ ਦੀ ਜ਼ਮਾਨਤ ਦੇ ਦੇਵੇ ਤਾਂ ਉਸਨੂੰ ਕਰਜ਼ਾ ਦੇ ਦਿਤਾ ਜਾਵੇਗਾ। Industries ਵਾਸਤੇ subsidy ਦਿਤੀ ਜਾਂਦੀ ਹੈ। ਅਸਾਂ ਹਰੀਜਨਾਂ ਨੂੰ ਕੰਮ ਕਾਜ ਸ਼ੁਰੂ ਕਰਨ ਲਈ ਆਮ ਕਰਜ਼ੇ ਦੇ ਰਹੇ ਹਾਂ। ਮੈਨੂੰ ਆਸ ਹੈ ਕਿ ਪੰਡਤ ਜੀ ਵੀ ਮੇਰੀ ਇਸ ਗਲ ਦੀ ਪ੍ਰੋੜਤਾ ਕਰਨਗੇ। ਅਸੀਂ ਹਰ ਮੀਟਿੰਗ ਵਿਚ 15 ਜਾਂ 20 ਆਦਮੀਆਂ ਦੇ ਕਰਜ਼ੇ ਮਨਜ਼ੂਰ ਕਰਦੇ ਰਹੇ ਹਾਂ। ਅਸਾਂ ਅਜ ਤਕ ਕਿਸੇ ਦੀ ਦਰਖਾਸਤ ਵੀ ਨਾ ਮਨਜ਼ੂਰ ਨਹੀਂ ਕੀਤੀ। ਮਸ਼ੀਨਾਂ ਲਾਉਣ ਲਈ ਵਡੇ ਕਰਜ਼ੇ ਲੈਣ ਵਾਸਤੇ ਜਿਹਾ ਕਿ ਮੈਂ ਕਹਿ ਚੁਕਾ ਹਾਂ ਜਾਇਦਾਦ ਦੀ ਜ਼ਮਾਨਤ ਦੇਣਾ ਜ਼ਰੂਰੀ ਹੈ। ਮੈਂ ਸਮਝਦਾ ਹਾਂ ਕਿ ਮੇਰੇ ਦੋਸਤ ਨੂੰ ਇਸ ਗਲ ਦੀ ਵਾਕਫੀਅਤ ਨਹੀਂ ਸੀ। ਜੇਕਰ ਉਹ ਇਸ ਗਲ ਦੇ ਕਹਿਣ ਤੋਂ ਪਹਿਲਾਂ ਮੇਰੇ ਪਾਸੋਂ ਜਾਂ ਪੰਡਤ ਜੀ ਪਾਸੋਂ ਪੁਛ ਲੇਂਦੇ ਤਾਂ ਚੰਗਾ ਹੁੰਦਾ।

[ਅਰਥ ਮੰਤਰੀ]

ਫਿਰ ਉਨ੍ਹਾਂ ਨੇ ਹਰੀਜਨਾਂ ਵਿਚੋਂ ਨੰਬਰਦਾਰ ਨ ਬਨਾਉਣ ਦੀ ਵੀ ਪੜਚੋਲ ਕੀਤੀ ਹੈ । ਉਨ੍ਹਾਂ ਦੀ ਇਹ ਗਲ ਠੀਕ ਹੈ ਪਰ ਮੈਂ ਉਨ੍ਹਾਂ ਨੂੰ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਉਨ੍ਹਾਂ ਵਿਚੋਂ ਨੰਬਰਦਾਰ ਮੁਕੱਰਰ ਕਰਨ ਲਗੀ ਹੈ ਅਤੇ ਇਸ ਬਾਰੇ order ਜਾਰੀ ਕਰ ਦਿਤੇ ਗਏ ਹਨ । (ਪ੍ਰਸ਼ੰਸਾ) ਇਕ ਹੋਰ ਗਲ ਮੇਰੇ ਮਿਤਰ ਨੇ ਕਹੀ ਹੈ ਕਿ ਪ੍ਰਾਂਤ ਵਿਚ Technical ਅਤੇ vocational education ਦੇ ਹੋਰ ਪ੍ਰਬੰਧ ਕੀਤੇ ਜਾਣ ਕਿਉਂਕਿ ਇਸ ਵੇਲੇ ਸਰਕਾਰ ਇਸ ਪਾਸੇ ਧਿਆਨ ਨਹੀਂ ਦੇ ਰਹੀ । ਮੈਂ ਅਰਜ਼ ਕਰਦਾ ਹਾਂ ਕਿ ਇਕ Engineering College ਖੋਹਲਣ ਦੇ ਇਲਾਵਾ technical education ਦੇਣ ਲਈ ਸਰਕਾਰ ਨੇ ਦੋ ਸਕੂਲ ਵੀ ਖੋਲੇ ਹੋਏ ਹਨ ਜਿਨ੍ਹਾਂ ਵਿਚੋਂ ਇਕ ਅੰਬਾਲੇ ਵਿਚ ਹੈ । ਹੁਣ ਅਸੀਂ Central Government ਦੇ ਨਾਲ ਮਿਲਕੇ ਇਕ ਸਕੀਮ ਬਣਾ ਰਹੇ ਹਾਂ । ਇਸ ਦੇ ਚਾਲੂ ਹੋ ਜਾਣ ਨਾਲ ਇਥੇ ਜਿੰਨੀਆਂ private technical institute ਹਨ ਉਨ੍ਹਾਂ ਨੂੰ ਮਾਲੀ ਸਹਾਇਤਾ ਦਿਤੀ ਜਾਵੇਗੀ । ਸਾਡੀ ਸਰਕਾਰ ਤੇ ਕੇਂਦਰੀ ਸਰਕਾਰ ਦੋਵੇਂ ਚਾਹੁੰਦੀਆਂ ਹਨ ਕਿ technical education ਦੇਣ ਦੇ ਪ੍ਰਬੰਧ ਵਧਾਏ ਜਾਣ ਕਿਉਂ ਜੋ ਇਸਦੇ ਵਧਣ ਦੇ ਨਾਲ unemployment ਦਾ ਮਸਲਾ ਹਲ ਹੋ ਸਕੇਗਾ ।

ਫਿਰ ਮੇਰੇ ਮਾਨਯੋਗ ਮਿਤਰ ਸ੍ਰੀ ਧਰਮਵੀਰ ਵਸ਼ਿਸ਼ਟ ਨੇ ਕਿਹਾ ਹੈ ਕਿ district board ਦੀਆਂ elections ਸਰਕਾਰ ਨਹੀਂ ਕਰਾ ਰਹੀ । ਉਹ ਜਲਦੀ ਕਰਨੀਆਂ ਚਾਹੀਦੀਆਂ ਹਨ । ਪਰੰਤੂ ਆਪ ਨੂੰ ਪਤਾ ਹੋਵੇਗਾ ਕਿ ਡਿਸਟ੍ਰਿਕਟ ਬੋਰਡਾਂ ਨੂੰ reorganise ਕਰਨ ਦੀ ਸਕੀਮ ਤੇ ਸਰਕਾਰ ਖ਼ਾਸ ਧਿਆਨ ਦੇ ਰਹੀ ਹੈ । ਆਪ ਜਾਣਦੇ ਹੋ ਕਿ ਜਦ ਤਕ ਕਿਸੇ ਚੀਜ਼ ਨੂੰ ਜਿਸ ਵਿਚ ਤਬਦੀਲੀ ਕਰਨ ਦਾ ਵਿਚਾਰ ਹੋਵੇ, ਮੁੜ ਨਵੇਂ ਸਿਰਿਓਂ ਨਾ ਬਣਾਇਆ ਜਾਵੇ, ਤਾਂ ਉਸ ਦਾ ਕੋਈ ਲਾਭ ਨਹੀਂ ਹੁੰਦਾ । ਇਸ ਲਈ ਇਸ ਕੰਮ ਵਿਚ ਦੇਰ ਹੋ ਰਹੀ ਹੈ । ਇਹ ਦੇਰ ਇਸਲਈ ਨਹੀਂ ਹੋ ਰਹੀ ਕਿ ਜਿਹੜੇ ਮੈਂਬਰ ਇਸ ਵੇਲੇ ਹਨ ਉਨ੍ਹਾਂ ਦੀ ਮੈਂਬਰੀ ਕਾਇਮ ਰਹੇ । ਅਸੀਂ ਚਾਹੁੰਦੇ ਹਾਂ ਕਿ ਜੇਕਰ ਡਿਸਟ੍ਰਿਕਟ ਬੋਰਡ ਰਹਿਣੇ ਹੀ ਹਨ ਤਾਂ ਜਿਹੜੀਆਂ ਇਲੈਕਸ਼ਨਾਂ ਕਲ ਹੋਣੀਆਂ ਹਨ ਉਹ ਅੱਜ ਹੋ ਜਾਣ । ਭਾਵੇਂ ਇਸ ਵਿਚ ਸ਼ਕ ਨਹੀਂ ਕਿ ਜਿਹੜੇ ਲੋਕ ਉਥੇ ਮੈਂਬਰੀ ਨੂੰ ਜੱਫਾ ਮਾਰੀ ਬੈਠੇ ਹਨ ਉਨ੍ਹਾਂ ਨੂੰ ਤਕਲੀਫ਼ ਹੋਵੇਗੀ । ਪਰ ਨਵੀਆਂ ਚੋਣਾਂ ਨਾਲ ਲੋਕਾਂ ਦੇ ਨੁਮਾਇੰਦੇ ਇਨ੍ਹਾਂ ਥਾਵਾਂ ਤੇ ਆ ਜਾਣਗੇ । ਮੇਰੇ ਕੁਝ ਮਾਨਯੋਗ ਮਿਤਰਾਂ ਨੇ ਇਹ ਵੀ ਕਿਹਾ ਕਿ ਐਡਰੇਸ ਵਿਚ Corruption ਅਤੇ communalism ਦਾ ਜ਼ਿਕਰ ਨਹੀਂ ਕੀਤਾ ਗਿਆ । (Corruption) ਕੁਰਪਸ਼ਨ ਦਾ ਤਾਂ ਖ਼ਾਸ ਜ਼ਿਕਰ ਹੈ ਅਤੇ ਭ੍ਰਿਸ਼ਟਾਚਾਰ ਨਾਸ਼ਕ ਕਮੇਟੀ ਦਾ ਵੀ ਜ਼ਿਕਰ ਹੈ । ਇਹ ਵੀ ਲਿਖਿਆ ਹੈ ਕਿ ਕਿਤਨੇ ਅਫ਼ਸਰਾਂ ਵਿਰੁਧ ਕਾਰਵਾਈ ਕੀਤੀ ਗਈ । ਇਸ ਗਲ ਦੀ ਗਵਾਹੀ ਮੇਰੇ ਅਕਾਲੀ ਦੋਸਤ ਵੀ ਦੇਣਗੇ ਕਿ ਕਿਵੇਂ ਮੇਰੇ ਮਾਨਯੋਗ ਦੋਸਤ ਡਿਵੈਲਪਮੈਂਟ ਮਨਿਸਟਰ (Development Minister) ਨੇ ਡੰਡਾ ਡੋਡੇ ਨਾਲ consolidation ਦੇ ਮਹਿਕਮੇ ਚੋਂ ਕੁਰਪਸ਼ਨ (corruption) ਨੂੰ ਖਤਮ ਕੀਤਾ ਹੈ ਅਤੇ ਉਥੋਂ ਰਿਸ਼ਵਤ ਖਤਮ ਕੀਤੀ ਜਾ ਚੁਕੀ ਹੈ । (ਤਾਲੀਆਂ) ਮੇਰੇ ਦੋਸਤ ਮੰਨਣਗੇ ਕਿ ਇਕ ਅਜਿਹੇ ਮਹਿਕਮੇਂ ਵਿਚੋਂ ਰਿਸ਼ਵਤ ਨੂੰ ਖਤਮ ਕਰਨਾ ਜਿਥੇ ਪਟਵਾਰੀ ਹੋਣ, ਸਰਕਾਰ ਦੀ ਇਕ ਵਡੀ achievement ਹੈ । (ਤਾਲੀਆਂ)

ਮੇਰੇ ਮਾਨਯੋਗ ਦੋਸਤ ਸਰਦਾਰ ਚਨਣ ਸਿੰਘ ਧੂਤ ਨੇ ਹਿਸਾਰ ਵਿਚ ਸਾਡੇ ਦੋਸਤ ਸ੍ਰੀ ਮਨੀ ਰਾਮ ਦਾ ਕਾਨੂੰਨ ਭੰਗ ਕਰਕੇ ਜੇਲ੍ਹਖਾਨੇ ਜਾਣ ਦਾ ਜ਼ਿਕਰ ਕੀਤਾ । ਉਨ੍ਹਾਂ ਨੂੰ ਕਾਨੂੰਨ

ਭੰਗ ਕਰਨ ਲਈ 'C class' ਦਿਤੀ ਗਈ ਸੀ । ਇਨ੍ਹਾਂ ਨੂੰ ਇਸ ਬਾਰੇ ਸ਼ਿਕਾਇਤ ਹੈ ਕਿ ਸ੍ਰੀ ਮਨੀ ਰਾਮ ਨੂੰ 'C class' ਕਿਉਂ ਦਿਤੀ ਗਈ । ਮੈਂ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਉਨ੍ਹਾਂ ਨੂੰ better class ਦੇਣ ਦੀ offer ਕੀਤੀ ਸੀ, ਪਰ ਉਹ ਨਹੀਂ ਸੀ ਮੰਨੇ । ਇਸ ਲਈ ਇਸ ਵਿਚ ਸਾਡਾ ਕੋਈ ਕਸੂਰ ਨਹੀਂ ।

ਹੁਣ ਮੈਂ ਉਸ ਮਸਲੇ ਵਲ ਆਉਂਦਾ ਹਾਂ ਜਿਸਤੇ ਸਾਮਣੇ ਬੈਠੇ ਦੋਸਤਾਂ ਨੇ ਬਹੁਤ ਜ਼ੋਰ ਦਿਤਾ ਹੈ । ਇਹ ਮਸਲਾ ਰੋਹਤਕ ਦਾ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਬਾਰੇ ਸਾਡੇ ਤੇ ਲਾਏ ਗਏ ਇਲਜ਼ਾਮਾਂ ਵਿਚ ਕੋਈ ਸਚਾਈ ਨਹੀਂ ਹੈ ਅਤੇ ਜੇਕਰ ਇਸ ਵਿਚ ਰੱਤੀ ਭਰ ਸਚਾਈ ਵੀ ਹੁੰਦੀ ਤਾਂ ਸਾਥੋਂ ਵਧ ਕਿਸੇ ਨੂੰ ਦੁਖ ਨਹੀਂ ਸੀ ਹੋ ਸਕਦਾ । ਅਸੀਂ ਕਿਸੇ ਗਲ ਨੂੰ ਛੁਪਾਉਣਾ ਨਹੀਂ ਚਾਹੁੰਦੇ । ਸਾਡੀ ਸਰਕਾਰ ਇਸ ਗਲ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕਰ ਸਕਦੀ ਕਿ ਸਾਡੀਆਂ ਭੈਣਾਂ ਨਾਲ ਅਜਿਹਾ ਸਲੂਕ ਹੋਵੇ । ਪਰੰਤੂ ਦੇਖਣਾ ਇਹ ਹੈ ਕਿ ਸਚਾਈ ਕੀ ਹੈ ਅਤੇ ਕਿਥੇ ਹੈ ? ਸਰਕਾਰ ਦੇ ਕੰਮ ਦੀ ਤਾਰੀਫ਼ ਪੰਡਤ ਸ੍ਰੀ ਰਾਮ ਸ਼ਰਮਾ ਨੇ ਵੀ ਕੀਤੀ ਹੈ । ਮੈਂ ਉਹ ਹਾਲਾਤ ਦਸਣਾ ਚਾਹੁੰਦਾ ਹਾਂ ਜਿਨ੍ਹਾਂ ਬਾਰੇ ਉਥੋਂ ਦੇ ਮੇਰੇ ਮਾਨਯੋਗ ਮਿਤ੍ਰਾਂ ਨੂੰ ਜਾਂ ਉਨ੍ਹਾਂ ਨੂੰ, ਜੋ ਕੁਝ ਸਮੇਂ ਲਈ ਰੋਹਤਕ ਅਤੇ ਉਸ ਦੇ ਆਸ ਪਾਸ ਦੇ ਇਲਾਕੇ ਵਿਚ ਰਹੇ ਹਨ, ਵਧੇਰਾ ਪਤਾ ਹੋਵੇਗਾ । ਉਸ ਸਮੇਂ ਮੰਤ੍ਰੀ ਤਾਂ ਸਨ ਪੰਡਿਤ ਸ੍ਰੀ ਰਾਮ ਸ਼ਰਮਾ ਅਤੇ ਚੌਧਰੀ ਸਾਹਿਬ ਸਨ ਮੈਂਬਰ ਪਰੰਤੂ ਲੋਕ ਸਮਝਦੇ ਸਨ ਕਿ ਪਿੰਡਾਂ ਵਿਚ ਰਾਜ ਡਾਕੂਆਂ ਦਾ ਹੈ ।

पंडित श्री राम शर्मा : यह ठीक है ।

ਅਰਥ ਮੰਤ੍ਰੀ : ਇਤਫ਼ਾਕ ਇਸ ਤਰ੍ਹਾਂ ਹੋਇਆ ਕਿ ਉਥੇ ਡਾਕੂਆਂ ਦੇ ਦੋ ਗ੍ਰੋਹ ਬਣ ਗਏ । ਇਕ ਜੱਟਾਂ ਦਾ ਅਤੇ ਇਕ ਬ੍ਰਾਹਮਣਾਂ ਦਾ । ਉਨ੍ਹਾਂ ਦੀ ਆਪਸ ਵਿਚ ਲਗਦੀ ਰਹਿੰਦੀ ਸੀ ਅਤੇ ਜੇ ਇਕ ਗ੍ਰੋਹ ਦੀ ਮਦਦ ਲੈ ਕੇ ਕਿਸੇ ਨੇ ਆਪਣੇ ਦੁਸ਼ਮਣ ਨੂੰ ਮਰਵਾ ਦਿਤਾ ਤਾਂ ਉਸ ਦੇ ਸਾਥੀਆਂ ਨੇ ਦੂਸਰੇ ਗ੍ਰੋਹ ਦੀ ਇਮਦਾਦ ਲੈਕੇ ਉਸ ਨੂੰ ਕਤਲ ਕਰਵਾ ਦਿਤਾ । ਅਜਿਹੇ ਹਾਲਾਤ ਸਨ ਜਿਨ੍ਹਾਂ ਦਾ ਮੁਕਾਬਲਾ ਸਰਕਾਰ ਅਤੇ ਪੁਲਿਸ ਨੇ ਕੀਤਾ । ਹਾਲਾਤ ਜ਼ਿਆਦਾ ਖ਼ਰਾਬ 1951 ਵਿਚ ਹੋਏ । ਮੇਰੇ ਮਾਨਯੋਗ ਮਿਤ੍ਰ ਪੰਡਤ ਸ੍ਰੀ ਰਾਮ ਸ਼ਰਮਾ ਨੇ ਆਖਿਆ ਹੈ ਕਿ ਕੀ ਸਰਕਾਰ ਪਹਿਲਾਂ ਸੁਤੀ ਰਹੀ ਜਦ ਕਿ ਇਸ ਨੂੰ ਪਤਾ ਸੀ ਕਿ ਰੋਹਤਕ ਵਿਚ ਡਾਕੂਆਂ ਦਾ ਰਾਜ ਹੈ ? ਮੈਂ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਜੋ ਵੀ ਕਾਰਵਾਈ ਕੀਤੀ ਹੈ ਉਹ ਅੱਜ ਹੀ ਸ਼ੁਰੂ ਨਹੀਂ ਕੀਤੀ । ਮੈਂ ਥੋੜੀ ਜਿਹੀ ਤਫ਼ਸੀਲ ਵਿਚ ਦਸਾਂਗਾ ਕਿ ਸਰਕਾਰ ਨੂੰ ਕਿਨ੍ਹਾਂ ਹਾਲਾਤ ਵਿਚ ਕੰਮ ਕਰਨਾ ਪਿਆ । ਇਹ ਕਾਰਵਾਈ 3, 4 ਸਾਲਾਂ ਤੋਂ ਜ਼ੋਰ ਸ਼ੋਰ ਨਾਲ ਜਾਰੀ ਹੈ । ਜਿਵੇਂ ੨ ਡਾਕੂ ਮਾਰੇ ਜਾਂਦੇ ਰਹੇ, ਪੁਲਿਸ ਨੂੰ ਅਸੀਂ ਵਾਪਸ ਬੁਲਾਂਦੇ ਰਹੇ । ਡਾਕੂਆਂ ਨੇ ਮੁੜ ਸਿਰ ਚੁਕਿਆ ਸਾਨੂੰ ਪੁਲਿਸ ਫ਼ਿਰ ਵਧਾਉਣੀ ਪਈ । ਫ਼ਰਵਰੀ 1951 ਵਿਚ ਇਕ ਬੜਾ ਭਾਰੀ ਡਾਕਾ ਪਿਆ ਅਤੇ ਕਈ ਕਤਲ ਹੋਏ ਅਤੇ ਫ਼ਰਵਰੀ ਦੇ ਅੰਤ ਵਿਚ ਮਸ਼ਹੂਰ ਡਾਕੂ ਹੇਮ ਰਾਜ ਦੀ ਚਹੇਤਾ ਨੇ ਆਪਣੇ ਖ਼ਾਵੰਦ ਦੇ ਕਾਤਲਾਂ ਨੂੰ ਮਰਵਾ ਦਿਆ । ਮਾਰਚ ਵਿਚ ਡਾਕੂ ਦੀਪੇ ਦੀ ਮਦਦ ਨਾਲ ਰਸਾਲ ਸਿੰਘ ਦਾ ਕਤਲ ਹੋਇਆ । ਅਪ੍ਰੈਲ 1951 ਵਿਚ ਇਸ gang ਨੇ ਇਕ ਸਰਕਾਰੀ ਆਦਮੀ ਦੇ ਦੋ ਲੜਕਿਆਂ ਨੂੰ ਕਤਲ ਕਰਵਾਇਆ । ਮਈ 1951 ਵਿਚ ਦਰਿਆ ਸਿੰਘ ਨੇ ਹੇਮ ਰਾਜ ਨੂੰ ਆਪਣੇ ਅੱਡੇ ਚੜ੍ਹਾ ਕੇ ਇਕ ਹੋਰ ਆਦਮੀ ਦਾ ਖ਼ੂਨ ਕਰਵਾਇਆ । ਸਤੰਬਰ 1951 ਵਿਚ ਗਸ਼ਤੀ ਪੁਲਿਸ ਦਾ ਇਕ ਜੱਥਾ ਜਿਸ ਵਿਚ 1 ਸਬ ਇੰਸਪੈਕਟਰ, 2 A.S.I.s, 4 ਹੈਡ ਕਨਸਟੇਬਲ ਸਨ ਇਸ ਇਲਾਕੇ ਵਿਚ ਭੇਜਿਆ ਗਿਆ ਅਤੇ ਇਸ ਤੋਂ ਇਲਾਵਾ ਹੋਰ mounted police ਦਾ armed reserve ਜਿਸ ਵਿਚ 1 ਇਨਸਪੈਕਟਰ, 2 ਹੈਡ ਕਨਸਟੇਬਲ ਅਤੇ 25 ਫੁਟ ਕਨਸਟੇਬਲ ਸਨ, ਵੀ ਭੇਜਿਆ ਗਿਆ ਤਾਂ ਜੋ ਕਤਲਾਂ ਅਤੇ ਡਾਕਿਆਂ ਦੀ ਰੋਕ ਥਾਮ

[ਅਰਥ ਮੰਤਰੀ]

ਕੀਤੀ ਜਾ ਸਕੇ। ਇਸ ਦਾ ਨਤੀਜਾ ਇਹ ਹੋਇਆ ਕਿ 110 ਅਜਿਹੇ ਆਦਮੀ ਜਿਨ੍ਹਾਂ ਤੇ ਡਾਕੂਆਂ ਨੂੰ ਪਨਾਹ ਦੇਣ ਦਾ ਜੁਰਮ ਸਾਬਤ ਹੋ ਗਿਆ, detain ਕਰ ਲਿਆ ਗਿਆ। ਇਹ 1951 ਦੀ ਗਲ ਹੈ। ਇਸ ਦੇ ਉਪਰੰਤ ਉਥੇ ਸ਼ਾਂਤੀ ਹੋ ਗਈ। ਪੁਲਿਸ ਨੇ ਦੂਸਰੇ ਬ੍ਰਾਹਮਣਾਂ ਦੇ gang ਵਿਰੁਧ ਇਤਨੀ ਸਖਤ ਕਾਰਵਾਈ ਕੀਤੀ ਕਿ ਉਸ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ। ਜੱਟਾਂ ਦੇ gang ਦੇ ਦੋ ਮਸ਼ਹੂਰ ਲੀਡਰਾਂ ਹਜ਼ਾਰੀ ਅਤੇ ਦੂਲੀਆਂ ਨੇ ਵੀ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ। ਇਸ ਦੇ ਉਪਰੰਤ ਫਿਰ ਕੁਝ ਸਮੇਂ ਲਈ ਸ਼ਾਂਤੀ ਰਹੀ ਅਤੇ ਪੁਲਿਸ ਨੇ ਆਪਣੇ ਸਿਪਾਹੀ ਵਾਪਸ ਭੇਜ ਦਿਤੇ। ਪਰੰਤੂ ਇਕ ਦਸਤਾ ਉਥੇ ਫਿਰ ਵੀ ਰਖਿਆ ਗਿਆ। ਫਿਰ ਨਵੰਬਰ 1951 ਵਿਚ ਪੁਲਿਸ ਦੇ ਇਕ informer ਨੂੰ ਕਤਲ ਕਰ ਦਿਤਾ ਗਿਆ।

ਉਸ ਤੋਂ ਪਹਿਲਾਂ ਪੁਲਸ ਨੇ 110 ਆਦਮੀ detain ਕੀਤੇ ਹੋਏ ਸਨ ਪਰ ਇਸ ਵਾਕਿਆ ਦੇ ਪਿਛੋਂ 12 ਉਨ੍ਹਾਂ ਆਦਮੀਆਂ ਨੂੰ detain ਕੀਤਾ ਗਿਆ ਜਿਨ੍ਹਾਂ ਤੇ ਇਹ ਇਲਜ਼ਾਮ ਸੀ ਕਿ ਉਹ ਡਾਕੂਆਂ ਤੇ ਕਾਤਲਾਂ ਨੂੰ ਪਨਾਹ ਦਿੰਦੇ ਸਨ। ਇਸ ਤਰਾਂ ਪੁਲਸ ਨੇ 122 ਆਦਮੀ detain ਕੀਤੇ। ਪੁਲਸ ਨੇ ਜਦੋਂ ਇਹ ਵੇਖਿਆ ਕਿ ਡਾਕੂਆਂ ਨੇ ਫਿਰ ਸਿਰ ਚੁਕਿਆ ਹੈ ਤਾਂ ਉਨ੍ਹਾਂ ਨੇ 100 ਪੁਲਸ ਦੇ ਆਦਮੀ ਭੇਜੇ ਅਤੇ ਇਸ ਦਾ ਅਸਰ ਇਹ ਹੋਇਆ ਕਿ ਇਕ ਸਾਲ ਤਕ ਸਾਰੇ ਇਲਾਕੇ ਵਿਚ ਅਮਨ ਰਿਹਾ। ਲੇਕਨ ਦਸੰਬਰ 1952 ਵਿਚ ਡਾਕੂਆਂ ਨੇ ਫਿਰ ਸਿਰ ਚੁਕਿਆ। ਇਸ ਦਾ ਕਾਰਨ ਇਹ ਸੀ ਕਿ ਜਿਨ੍ਹਾਂ ਡਾਕੂਆਂ ਨੂੰ ਇਕ ਇਕ ਸਾਲ ਦੀ ਜਾਂ ਇਸ ਤੋਂ ਕੁਝ ਵਧ ਦੀ ਕੈਦ ਹੋਈ ਸੀ ਉਹ ਕੈਦ ਤੋਂ ਛੁਟ ਕੇ ਆਏ ਸਨ। ਜਿਉਂ ਜਿਉਂ ਆਉਂਦੇ ਸਨ ਤਿਉਂ ਤਿਉਂ ਫਿਰ ਜ਼ੋਰ ਪਕੜਦੇ ਜਾਂਦੇ ਸਨ। ਦਸੰਬਰ 1952 ਵਿਚ ਉਨ੍ਹਾਂ ਨੇ ਇਕ ਆਦਮੀ ਨੂੰ ਇਕ ਪਿੰਡ ਵਿਚ ਜੰਡ ਨਾਲ ਬੰਨ੍ਹ ਕੇ ਸਾੜ ਦਿਤਾ। ਇਸ ਨਾਲ ਬਹੁਤ ਭਿਆਨਕ ਦਸ਼ਾ ਹੋ ਗਈ ਅਤੇ ਲੋਕ ਭੈਭੀਤ ਹੋ ਗਏ। ਇਸ ਲਈ ਪੁਲਿਸ ਜ਼ਿਆਦਾ ਕਰਨੀ ਪਈ।

ਫਿਰ ਡਾਕੂਆਂ ਦੀਆਂ ਵਧ ਰਹੀਆਂ ਸਰਗਰਮੀਆਂ ਨੂੰ ਰੋਕਣ ਲਈ ਪੈਪਸੂ ਅਤੇ ਪੰਜਾਬ ਦੀ ਪੁਲੀਸ ਦਾ ਸਾਂਝਾ ਮੋਰਚਾ ਬਣਾ ਦਿਤਾ ਗਿਆ। ਕਿਉਂ ਜੋ ਪੰਜਾਬ ਅਤੇ ਪੈਪਸੂ ਦੀਆਂ ਹੱਦਾਂ ਮਿਲਦੀਆਂ ਹਨ ਇਸ ਲਈ ਡਾਕੂ ਪੰਜਾਬ ਵਿਚੋਂ ਪੈਪਸੂ ਵਿਚ ਅਤੇ ਉਸ ਪਾਸੇ ਤੋਂ ਪੰਜਾਬ ਦੇ ਇਲਾਕੇ ਵਿਚ ਆ ਜਾਂਦੇ ਸਨ। ਇਸ ਤਰਾਂ ਪੰਜਾਬ ਅਤੇ ਪੈਪਸੂ ਦੀ ਪੁਲੀਸ ਨੇ ਇਕਠਾ ਕੰਮ ਕੀਤਾ। (ਆਵਾਜ਼ਾਂ : ਸਾਂਝਾ ਮੋਰਚਾ) (ਹਾਸਾ)

ਇਸਤਰਾਂ ਡਾਕੂਆਂ ਨੂੰ ਖਤਮ ਕਰਨ ਵਿਚ ਬਹੁਤ ਮਦਦ ਮਿਲੀ। ਕਈ ਡਾਕੂਆਂ ਨੂੰ ਖਤਮ ਕੀਤਾ ਗਿਆ ਪਰ ਹੇਮ ਰਾਜ ਡਾਕੂ ਨਸ ਗਿਆ।

1953 ਵਿਚ ਡਾਕੂ ਹੇਮਰਾਜ ਨਾਲ 3 ਡਾਕੂ ਰਾਮ ਅਤੇ ਛਜੂ ਆਦਿ ਰਲ ਗਏ ਅਤੇ ਇਨ੍ਹਾਂ ਨੇ ਆਪਣੀ ਕਾਰਵਾਈ ਫਿਰ ਸ਼ੁਰੂ ਕਰ ਦਿਤੀ। ਇਸ ਤੇ ਹੋਰ ਪੁਲੀਸ ਭੇਜੀ ਗਈ। ਜੋ ਪੁਲੀਸ ਅਗਸਤ 1953 ਵਿਚ ਭੇਜੀ ਗਈ ਉਸ ਵਿਚ 2 ਸਬ ਇਨਸਪੈਕਟਰ, 4 ਹੈਡ ਕਾਨਸਟੇਬਲ ਅਤੇ 50 ਫੁਟ ਕਾਨਸਟੇਬਲ ਸਨ। 105 ਪੁਲੀਸ ਆਦਮੀਆਂ ਦੀ ਸਾਰੀ ਤਾਕਤ ਨੂੰ ਸਤ ਹਿਸਿਆਂ ਵਿਚ ਵੰਡ ਦਿਤਾ ਗਿਆ। ਅਤੇ ਇਸ ਤਰਾਂ ਡਾਕੂਆਂ ਨੂੰ ਕਾਬੂ ਕੀਤਾ ਗਿਆ। ਪਰ ਥੋੜੇ ਚਿਰ ਪਿਛੋਂ ਜਦ ਫਿਰ ਇਹ ਵੇਖਿਆ ਗਿਆ ਕਿ ਡਾਕੂ ਸਿਰ ਕਢ ਰਹੇ ਹਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਤਫ਼ਤੀਸ਼ ਕੀਤੀ ਗਈ ਅਤੇ 97 ਆਦਮੀ ਪਕੜ ਲਏ ਗਏ। ਇਨ੍ਹਾਂ ਪਾਸੋਂ ਕਈ ਨਵੀਂ ਕਿਸਮ ਦੀਆਂ ਚੀਜ਼ਾਂ ਅਤੇ ਅਸਲੇ ਬਰਾਮਦ ਹੋਏ। ਚੌਧਰੀ ਰਾਮ ਸਰੂਪ ਨੂੰ ਵੀ ਇਨ੍ਹਾਂ ਨਾਲ ਹੀ detain ਕੀਤਾ ਗਿਆ।

ਦਸੰਬਰ 1953 ਵਿਚ 2,000 ਦੇ ਮਜਮੇ ਵਿਚ ਸ੍ਰੀ ਰਿਛਾਕ ਰਾਮ ਦੇ ਮੁਨਸ਼ੀ ਨੂੰ ਗੋਲੀ ਮਾਰਕੇ ਡਾਕੂਆਂ ਨੇ ਮਾਰ ਦਿਤਾ। ਇਸ ਤੇ ਪੁਲਸ ਫੋਰਨ ਭੇਜੀ ਗਈ ਜਿਸ ਵਿਚ 3 ਸਬ ਇਨਸਪੈਕਟਰ 6 ਹੈਡ ਕਾਨਸਟੇਬਲ ਅਤੇ 75 ਫੁਟ ਕਾਨਸਟੇਬਲ ਸਨ। ਇਨ੍ਹਾਂ ਨੇ ਪਿੰਡਾਂ ਦਾ ਘੇਰਾ ਪਾ ਲਿਆ ਅਤੇ ਛਜੂ 23 ਦਸੰਬਰ ਨੂੰ ਮਾਰਿਆ ਗਿਆ। ਇਸੇ ਘੇਰੇ ਵਿਚ ਰਾਮ ਸਿੰਘ ਨੂੰ 18 ਜਨਵਰੀ ਨੂੰ ਅਤੇ ਚੰਦਰ ਡਾਕੂ ਨੂੰ 21 ਜਨਵਰੀ ਨੂੰ ਮਾਰ ਦਿਤਾ ਗਿਆ। ਹੇਮ ਰਾਜ ਡਾਕੂ ਦੇ 5 ਸਾਥੀ ਵੀ ਮਾਰ ਦਿਤੇ ਗਏ। ਕੁਝ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਪਰ ਹੇਮ ਰਾਜ ਨਸ ਗਿਆ। ਸੋ ਮੈਂ ਦਸਣਾ ਚਾਹੁੰਦਾ ਹਾਂ ਕਿ ਪੁਲੀਸ ਨੇ ਸ਼ਾਨਦਾਰ ਕਾਰਨਾਮੇ ਕੀਤੇ ਹਨ ਅਤੇ ਇਨ੍ਹਾਂ ਡਾਕੂਆਂ ਨੂੰ, ਜੋ ਸਾਰੇ ਇਲਾਕੇ ਲਈ ਡਰ ਅਤੇ ਦਹਿਸ਼ਤ ਦਾ ਕਾਰਨ ਬਣੇ ਹੋਏ ਸਨ, ਸਦਾ ਲਈ ਮੁਕਾ ਦਿਤਾ ਗਿਆ ਹੈ ਸਿਵਾਏ ਹੇਮ ਰਾਜ ਦੇ।

ਸ੍ਰੀਮਾਨ ਜੀ ! ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਕਾਰਵਾਈ ਪੁਲੀਸ ਨੇ ਮੁਲਕ ਵਿਚ ਅਮਨ ਕਾਇਮ ਕਰਨ ਲਈ ਕੀਤੀ ਹੈ ਅਤੇ ਇਸ ਦੀ ਸ਼ਲਾਘਾ ਰੋਹਤਕ ਅਤੇ ਇਸ ਦੇ ਆਸ ਪਾਸ ਦੇ ਲੋਗ ਕਰਦੇ ਹਨ।

ਫਿਰ ਪੁਲੀਸ ਨੇ ਇਨ੍ਹਾਂ ਡਾਕੂਆਂ ਪਾਸੋਂ ਹਿੰਮਤ ਨਾਲ ਅਤੇ ਜਾਨ ਜੋਖੋਂ ਵਿਚ ਪਾਕੇ ਭਿਆਨਕ ਹਥਿਆਰ ਵਾਪਸ ਲਏ ਹਨ। ਇਸ ਕਿਸਮ ਦੇ ਹਥਿਆਰ ਉਨ੍ਹਾਂ ਪਾਸੋਂ ਲਏ ਗਏ ਜਦ ਪੁਲੀਸ ਨੇ ਤਲਾਸ਼ੀ ਕੀਤੀ—ਰਾਈਫਲਾਂ 8, ਰੀਵਾਲਵਰ 9, ਪਿਸਟਲ 2, ਦੋਨਾਲੀ ਬੰਦੂਕਾਂ 3, ਹੈਂਡ ਗਰਨੇਡ 6, ਕਾਰਟਰਿਜਜ਼ 412, ਗੰਨਾਂ 40, ਅਤੇ ਗੰਨਾਂ ਬੈਰਲਜ਼ 4।

ਇਨ੍ਹਾਂ ਲੋਕਾਂ ਪਾਸੋਂ ਹੋਰ ਹਥਿਆਰ ਬੜੀ ਹੁਸ਼ਿਆਰੀ ਨਾਲ ਲਏ ਗਏ। ਇਨ੍ਹਾਂ ਨੂੰ ਕਿਹਾ ਗਿਆ ਕਿ ਚੁਪ ਚਪਾਤੇ ਫਲਾਣੀ ਥਾਂ ਤੇ ਹਥਿਆਰ ਸੁਟ ਜਾਵੋ ਤਾਂ ਤੁਹਾਡੇ ਵਿਰੁਧ ਕੋਈ ਕਾਰਵਾਈ ਨਹੀਂ ਕਰਾਂਗੇ ਅਤੇ ਇਸ ਤਰਾਂ ਨਾਲ ਇਹ ਅਸਲਾ ਇਨ੍ਹਾਂ ਪਾਸੋਂ ਮਿਲਿਆ:—

ਬੰਦੂਕਾਂ 2, ਸਟੇਨ ਗਨ 1, ਰੀਵਾਲਵਰ 8, ਪਿਸਟਲ 2, ਹੈਂਡ ਗਰਨੇਡ 108, ਪਿਸਟਲ ਬੈਰਲ 138, ਬੈਰਲਜ਼ ਆਫ ਗਨਜ਼ 32।

ਇਸ ਕਿਸਮ ਦਾ illicit (ਨਜਾਇਜ਼) ਅਸਲਾ ਗਵਰਨਮੈਂਟ ਨੂੰ ਮਿਲਿਆ। ਇਹ ਅਸਲਾ ਜਿਨ੍ਹਾਂ ਲੋਕਾਂ ਪਾਸ ਸੀ ਉਨ੍ਹਾਂ ਨੇ ਇਲਾਕੇ ਵਿਚ ਭੜਥੂ ਮਚਾਇਆ ਹੋਇਆ ਸੀ। (ਆਵਾਜ਼ ਚੌਧਰੀ ਮਾਨ ਸਿੰਘ ਦੀ ਰਿਹਾਈ ਵਿਚ ਵੀ ਸੀ ਕਿ ਨਹੀਂ) (ਹਾਸਾ)

ਇਥੇ ਹੀ ਬਸ ਨਹੀਂ। ਘਰਾਂ ਦੀ ਤਲਾਸ਼ੀ ਲੈਣ ਤੇ ਲੁਟਿਆ ਹੋਇਆ ਮਾਲ ਵੀ ਵਸੂਲ ਹੋਇਆ। ਜਿਸ ਵਿਚ ਗਹਿਣੇ 11 ਹਜ਼ਾਰ ਦੇ, ਅਸਲਾ 11 ਹਜ਼ਾਰ ਦਾ, ਕੈਸ਼ 7,086 ਰੁਪਏ ਅਤੇ ਕਪੜੇ 5 ਹਜ਼ਾਰ ਰੁਪਏ ਦੇ ਸਨ।

ਮੈਂ ਹੁਣ ਉਸ ਗਲ ਵਲ ਆਉਂਦਾ ਹਾਂ ਜੋ ਮੇਰੇ ਦੋਸਤਾਂ ਨੇ ਪੁਲੀਸ ਦੇ ਬਾਰੇ ਵਿਚ ਕਹੀ ਹੈ ਕਿ ਪੁਲਸ ਨੇ ਅਮਨ ਕਾਇਮ ਕਰਨ ਲਈ ਡਾਕੂਆਂ ਨੂੰ ਫੜਣ ਦੀ ਥਾਂ ਪਿੰਡ ਵਿਚ ਜ਼ਿਆਦਤੀਆਂ ਕੀਤੀਆਂ। ਇਹ ਕਿਹਾ ਗਿਆ ਹੈ ਪੁਲੀਸ ਭਾਰੀ ਗਿਣਤੀ ਵਿਚ ਪਿੰਡ ਤੇ ਆ ਪਈ। ਭੈਣਾਂ ਦੀ ਬੇਹੁਰਮਤੀ ਕੀਤੀ ਗਈ, ਲੁਟ ਮਾਰ ਕੀਤੀ ਗਈ ਅਤੇ ਲੋਕਾਂ ਨੂੰ ਮਾਰਿਆ ਗਿਆ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਰਬੜਾ ਪਿੰਡ ਵਿਚ ਜਿਥੇ ਕਿ ਤਲਾਸ਼ੀ ਲਈ ਗਈ ਉਥੇ ਪੁਲੀਸ ਦਾ ਇਕ ਇਨਸਪੈਕਟਰ, 1 ਸਬ ਇਨਸਪੈਕਟਰ, 2 ਹੈਡ ਕਾਨਸਟੇਬਲ ਅਤੇ 20 ਫੁਟ ਕਾਨਸਟੇਬਲ ਭੇਜੇ ਗਏ ਸਨ।

[ਅਰਥ ਮੰਤਰੀ]

31-12-53 ਨੂੰ ਜਾਗਸੀ ਪਿੰਡ ਦਾ ਘੇਰਾ ਪਾਇਆ ਗਿਆ ਅਤੇ ਤਲਾਸ਼ੀ ਲਈ 1 ਹੈਡ ਕਾਨਸਟੇਬਲ ਤੇ 20 ਫੁਟ ਕਾਨਟੇਬਲ ਭੇਜੇ ਗਏ ।

25-1-1954 ਨੂੰ ਦੁਬਾਰਾ 1 ਇਨਸਪੇਕਟਰ, 1 ਸਬ ਇਨਸਪੈਕਟਰ, 2 ਹੈਡ ਕਾਨਸਟੇਬਲ ਅਤੇ 30 ਫੁਟ ਕਾਨਸਟੇਬਲ ਭੇਜੇ ਗਏ ।

ਇਹ ਸੀ ਵਧ ਤੋਂ ਵਧ ਪੁਲਸ ਫੋਰਸ ਜਿਸ ਬਾਰੇ ਚਰਚਾ ਕੀਤੀ ਗਈ ਕਿ ਭਾਰੀ ਗਿਣਤੀ ਵਿਚ ਪੁਲਸ ਭੇਜ ਕੇ ਪਿੰਡਾਂ ਦੇ ਲੋਕਾਂ ਤੇ ਜ਼ਿਆਦਤੀਆਂ ਕੀਤੀਆਂ ਗਈਆਂ ।

11-2-54 ਨੂੰ 2 ਸਬ ਇਨਸਪੈਕਟਰ, 11 ਫੁਟ ਕਾਨਸਟੇਬਲ 6 ਮਾਊਂਟਿਡ ਫੋਰਸ ਅਤੇ 25 ਜਾਂ 30 ਆਦਮੀ ਤਲਾਸ਼ੀ ਲੈਣ ਵਾਲੇ ਸਨ । ਇਹ ਕਹਿਣਾ ਕਿ ਪਿੰਡਾਂ ਨੂੰ ਘੇਰਾ ਪਾ ਲਿਆ ਗਿਆ ਤੇ ਸੈਂਕੜੇ ਆਦਮੀ ਭੇਜੇ ਗਏ ਗ਼ਲਤ ਹੈ । ਕਿਸੇ ਆਦਮੀ ਨੇ ਇਸ ਦੀ ਤਰਦੀਦ ਨਹੀਂ ਕੀਤੀ ਕਿ ਉਪਰ ਦਸੀ ਗਿਣਤੀ ਤੋਂ ਵਧ ਆਦਮੀ ਕਿਧਰੇ ਭੇਜੇ ਗਏ ਹੋਣ ।

श्री श्री चंद—मैं इस बात की तरदीद करता हूं और कहता हूं कि जो figures आप ने बताये हैं वह सब बिलकुल गलत हैं ।

ਅਰਥ ਮੰਤ੍ਰੀ : ਸ੍ਰੀਮਾਨ ਜੀ ! ਜੇਕਰ ਕੋਈ ਇਹ ਕਹੇ ਕਿ ਜ਼ਮੀਨ ਦਾ ਧੁਰਾ ਏਥੇ ਹੀ ਇਸ ਹਾਲਤ ਵਿਚ ਹੈ ਤਾਂ ਇਹ ਮੰਨਿਆ ਨਹੀਂ ਜਾ ਸਕਦਾ । ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਮੈਂ ਸਾਰੇ ਰੀਕਾਰਡਾਂ ਦੀਆਂ ਨਕਲਾਂ ਮੰਗਵਾਈਆਂ ਹਨ । ਇਹ ਸਾਰੇ facts and figures, ਡਾਇਰੀਆਂ, ਰੋਜ਼ਨਾਮਚਿਆਂ, ਰੀਪੋਰਟਾਂ ਅਤੇ ਰੀਕਾਰਡਾਂ ਤੇ ਮੌਜੂਦ ਹਨ ।

ਰਾਬਜ਼ਾ ਵਿਚ ਤਲਾਸ਼ੀ ਲਈ 25-30 ਫੁਟ ਕਾਨਸਟੇਬਲ ਭੇਜੇ ਗਏ ਸਨ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਘਰਾਂ ਦਾ ਘੇਰਾ ਪਾ ਕੇ ਤਲਾਸ਼ੀ ਲਈ ਅਤੇ ਇਸ ਵਿਚ ਸ਼ਕ ਨਹੀਂ ਕਿ ਉਨ੍ਹਾਂ ਘਰਾਂ ਦੀ ਵੀ ਤਲਾਸ਼ੀ ਲਈ ਗਈ ਜਿਨ੍ਹਾਂ ਵਿਚ ਕਿ ਇਹ ਪਤਾ ਲਗਾ ਹੈ ਕਿ ਉਨ੍ਹਾਂ ਘਰਾਂ ਵਾਲਿਆਂ ਨੇ ਭਾਗੂਆਂ ਨੂੰ ਪਨਾਹ ਦਿਤੀ ਸੀ । ਪਰ ਹਰ ਘਰ ਦੀ ਤਲਾਸ਼ੀ ਨਾ ਮੁਮਕਿਨ ਸੀ । ਕਿਉਂਕਿ 3-4 ਹਜ਼ਾਰ ਦੀ ਆਬਾਦੀ ਵਿਚ ਇਸ ਤ੍ਰੀਕੇ ਨਾਲ ਤਲਾਸ਼ੀਆਂ ਨਹੀ ਲਈਆਂ ਜਾ ਸਕਦੀਆਂ ।

ਇਕ ਹੋਰ ਗਲ ਹੈ । ਮੇਰੇ ਦੋਸਤ ਨੇ ਆਖਿਆ ਹੈ ਕਿ Bar Association ਦੇ ਮੈਂਬਰ ਅਤੇ ਕਈ ਹੋਰ ਲੋਕ ਉਥੇ ਗਏ ਅਤੇ ਸਰਦਾਰ ਮੋਹਨ ਸਿੰਘ ਜੋਸ਼ ਵੀ ਗਏ ਸੀ । ਉਨ੍ਹਾਂ ਨੇ ਸਭ ਕੁਝ ਵੇਖਿਆ ਤੇ ਬਿਆਨ ਲੀਤੇ । ਮੈਂ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਨੇ ਗਲਤ ਬਿਆਨੀ ਕੀਤੀ ਹੈ । ਖੁਦ ਮੈਨੂੰ ਵੀ ਪੂਰਾ ਹਾਲ ਮਾਲੂਮ ਨਹੀਂ । ਲੇਕਨ ਜਿਹੜੇ ਹੋਰ ਲੋਕ ਉਥੇ ਗਏ ਉਨ੍ਹਾਂ ਨਾਲ ਉਥੋਂ ਦੇ ਲੋਕਾਂ ਨੇ ਉਹ ਗੱਲਾਂ ਕਿਉਂ ਨਾ ਕੀਤੀਆਂ ਜਿਹੜੀਆਂ ਮੇਰੇ ਇਨ੍ਹਾਂ ਦੋਸਤਾਂ ਨਾਲ ਕੀਤੀਆਂ ਗਈਆਂ ਹਨ ?

ਪ੍ਰੋਫੈਸਰ ਸ਼ੇਰ ਸਿੰਘ ਅਤੇ ਸ੍ਰੀ ਦੇਵ ਰਾਜ ਸੇਠੀ ਨੇ ਤੁਹਾਡੇ ਸਾਹਮਣੇ ਜੋ ਕੁਝ ਬਿਆਨ ਕੀਤਾ ਹੈ ਉਸ ਤੋਂ ਵੀ ਅਸਲ ਹਾਲ ਦਾ ਅੰਦਾਜ਼ਾ ਹੋ ਸਕਦਾ ਹੈ । ਖ਼ਾਸ ਤੌਰ ਤੇ ਸ੍ਰੀ ਦੇਵ ਰਾਜ

ਜੀ ਦੀ ਬਾਬਤ ਤੁਹਾਨੂੰ ਮਾਲੂਮ ਹੈ ਕਿ ਉਹ ਇਸ ਮਿਨਿਸਟਰੀ ਦੀ ਕੋਈ ਗਲਤੀ ਕਦੀ ਮੁਆਫ਼ ਨਹੀਂ ਕਰਦੇ। ਉਹ ਤਾਂ ਚੀਫ਼ ਮਿਨਿਸਟਰ ਸਾਹਿਬ ਨੂੰ ਵੀ ਨਹੀਂ ਛਡਦੇ। ਇਸ ਵਾਸਤੇ ਜਦੋਂ ਉਹ ਉਥੇ ਗਏ ਅਤੇ ਪੜਤਾਲ ਕਰਕੇ ਆਏ ਤਾਂ ਫੇਰ ਜੋ ਕੁਛ ਉਨ੍ਹਾਂ ਨੇ ਆਖਿਆ ਉਸ ਨੂੰ ਸਚ ਮਨਣਾ ਪਏਗਾ।

ਬਹਰ ਹਾਲ ਸਰਕਾਰੀ ਏਜੰਸੀ, ਗ਼ੈਰ ਸਰਕਾਰੀ ਏਜੰਸੀ, ਸਾਡੇ ਕਈ ਮੈਂਬਰ ਸਾਹਿਬਾਨ ਅਤੇ ਸ਼੍ਰੀਮਤੀ ਸੀਤਾ ਦੇਵੀ ਜੀ ਉਥੇ ਗਏ ਪਰ ਹੈਰਾਨੀ ਦੀ ਗਲ ਹੈ ਕਿ ਜਿਹੜੀ ਗਲ ਔਰਤਾਂ ਨੇ ਇਕ ਮਰਦ ਯਾਨੀ ਜੋਸ਼ ਸਾਹਬ ਨਾਲ ਕਰ ਦਿਤੀ ਉਹ ਸ਼੍ਰੀਮਤੀ ਸੀਤਾ ਦੇਵੀ ਨਾਲ ਨਾ ਕੀਤੀ ਗਈ (ਸਭ ਕੁਛ ਆਖਿਆ ਗਿਆ ਦੀਆਂ ਆਵਾਜ਼ਾਂ) ਕੋਈ ਵਜਹ ਨਹੀਂ ਸੀ ਕਿ ਉਹ ਗੱਲਾਂ ਸ਼੍ਰੀਮਤੀ ਸੀਤਾ ਦੇਵੀ ਜੀ ਨੂੰ ਨਾਂ ਦਸੀਆਂ ਜਾਂਦੀਆਂ। ਮਾਰ ਪੀਟ ਦੀ ਬਾਬਤ ਮੈਂ ਕਹਿ ਸਕਦਾ ਹਾਂ, ਕਿ ਹੋ ਸਕਦਾ ਹੈ ਕਿ ਮਾਰ ਪੀਟ ਹੋਈ ਹੋਵੇ ਪਰ ਦੂਜੀਆਂ ਗੱਲਾਂ ਦਾ ਸਾਰਾ ਹਾਲ ਤੁਹਾਡੇ ਸਾਮਨੇ ਆ ਗਿਆ ਹੈ।

Bar Association ਦੇ resolution ਦਾ ਵੀ ਜ਼ਿਕਰ ਕੀਤਾ ਗਿਆ ਹੈ। ਮੇਰੀ ਅਰਜ਼ ਹੈ ਕਿ ਉਸ ਵੇਲੇ 100 ਮੈਂਬਰਾਂ ਵਿੱਚੋਂ ਸਿਰਫ਼ 28 ਮੈਂਬਰ ਮੀਟਿੰਗ ਵਿਚ ਮੌਜੂਦ ਸਨ ਅਤੇ ਉਨ੍ਹਾਂ ਵਿਚੋਂ ਵੀ 11 ਮੈਂਬਰਾਂ ਨੇ resolution ਦੀ ਤਾਈਦ ਕੀਤੀ। ਫੇਰ ਜਿਹੜੀ ਰਿਪੋਰਟ ਉਨ੍ਹਾਂ ਨੇ ਲਿਖੀ, ਉਸ ਨੂੰ ਦੇਖ ਕੇ ਡਿਪਟੀ ਕਮਿਸ਼ਨਰ ਅਤੇ ਐਸ. ਪੀ. ਨੇ ਉਨ੍ਹਾਂ ਨੂੰ ਬੁਲਾ ਕੇ ਆਖਿਆ ਕਿ ਸਾਨੂੰ specific ਮਿਸਾਲਾਂ ਦੱਸੋ, ਅਸੀਂ ਜ਼ਰੂਰ ਤਹਕੀਕਾਤ ਕਰਾਂਗੇ ਅਤੇ ਕਸੂਰ ਵਾਰਾਂ ਨੂੰ ਸਜ਼ਾ ਦੇਵਾਂਗੇ। D.I.G. ਸਾਹਬ ਵੀ ਉੱਥੇ ਮੌਜੂਦ ਸਨ D.I.G. ਅਤੇ D.C ਨੇ ਇਨਕੁਆਇਰੀ (enquiry) ਕੀਤੀ। D.C. ਦੀ ਰਿਪੋਰਟ ਹੈ ਕਿ—

D. O. LETTER FROM DEPUTY COMMISSIONER, ROHTAK

I visited Jagsi and Rabrah villages on 15th February along with D.I.G. and S. P. These are the two villages where the worst police atrocities are alleged to have been committed. In these two villages we held open meetings which were attended by about 300 villagers in each. In these meetings I told the villagers that neither the Government nor the senior police officers or,I would ever tolerate the commisson of the offences of rape and loot by any subordinates of the police force and that we were prepared to ensure that deterrent punishment was given to any such men of the police force who may have committed such atrocities.

ਵੇਖ ਕੇ ਦੁਖ ਹੁੰਦਾ ਹੈ ਕਿ ਆਪਣੀ ਪੁਲਸ ਦੀ ਬਹਾਦਰੀ ਉਪਰ ਉਸਨੂੰ ਦਾਦ ਦੇਣ ਦੀ ਬਜਾਏ ਇਹ ਉਸ ਦੇ ਕੰਮ ਉਤੇ ਇਤਰਾਜ਼ ਕਰ ਰਹੇ ਹਨ।

ਮਾਨਯੋਗ ਸਪੀਕਰ ਸਾਹਿਬ, ਇਸੇ ਤਰ੍ਹਾਂ ਦੇ ਜਿਹੜੇ ਖਰਚ ਹਨ ਜਿਨ੍ਹਾਂ ਦੀ ਮੰਗ ਇਸ ਬਿਲ ਵਿਚ ਕੀਤੀ ਗਈ ਹੈ ਉਹ ਸਾਰੇ ਦੇ ਸਾਰੇ ਇਸੇ ਕਿਸਮ ਦੇ ਹਨ ਅਤੇ ਉਹ ਜਾਇਜ਼ ਹਨ। ਉਹ Supplementary Demands ਵਿਚ ਇਸ ਲਈ ਲਿਆਂਦੇ ਗਏ ਹਨ ਕਿ ਉਹ ਜ਼ਰੂਰੀ ਸਨ ਅਤੇ ਉਨ੍ਹਾਂ ਦੀ Budget Estimates ਵਿਚ provision ਨਹੀਂ ਕੀਤੀ ਜਾ ਸਕੀ ਸੀ। ਇਸੇ ਤਰ੍ਹਾਂ ਜੇਕਰ ਸਾਨੂੰ agriculture ਦੇ ਕੰਮ ਲਈ ਰੁਪਏ ਦੀ ਲੋੜ ਜਾਂ ਹੋਰ ਕਿਸੇ ਜ਼ਰੂਰੀ ਕੰਮ ਲਈ ਖਰਚ ਕਰਨ ਦੀ ਲੋੜ ਪੈ ਗਈ ਸੀ ਤਾਂ ਜੇਕਰ ਉਹ ਖਰਚ ਕਰ ਲਿਆ ਗਿਆ ਸੀ ਤਾਂ ਅਸੀਂ ਉਸ ਰਕਮ ਨੂੰ Supplementary Demand ਵਿਚ ਲਿਆਂਦਾ ਹੈ।

Mr. Speaker: Question is—

That the Punjab Appropriation Bill be taken into consideration at once.

The motion was carried.

Mr. Speaker: Now the House will proceed to consider the Bill clause by clause.

CLAUSE 2

Mr. Speaker: Question is—

That Clause 2 stand part of the Bill.

The motion was carried.

CLAUSE 3

Mr. Speaker: Question is—

That Clause 3 stand part of the Bill.

The motion was carried.

SCHEDULE

Mr. Speaker: Question is—

That Schedule stand part of the Bill.

The motion was carried.

CLAUSE 1

Mr. Speaker: Question is—

That Clause 1 stand part of the Bill.

The motion was carried.

TITLE

Mr. Speaker: Question is—

That Title be the Title of the Bill.

The motion was carried.

Minister for Finance (Sardar Ujjal Singh): Sir, I beg to move—

That the Punjab Appropriation Bill be passed.

Mr. Speaker: Motion moved—

That the Punjab Appropriation Bill be passed.

ਸਰਦਾਰ ਅਜਮੇਰ ਸਿੰਘ (ਸਮਰਾਲਾ) : ਪਰਧਾਨ ਜੀ, ਅਸੀ ਵੇਖਦੇ ਹਾਂ ਕਿ ਫਾਈਨੈਨਸ ਮਨਿਸਟਰ ਸਾਹਿਬ ਬੜੀ ਮੇਹਨਤ ਨਾਲ ਬਜਟ ਅਤੇ Appropriation Bill ਤਿਆਰ ਕਰਦੇ ਹਨ। ਮੈਂ ਸਮਝਦਾ ਹਾਂ ਕਿ ਇਹ ਚੰਗਾ ਹੁੰਦਾ ਕਿ ਜੇਕਰ ਫਾਈਨੈਨਸ ਮਨਿਸਟਰ ਸਾਹਿਬ ਸਿਧੇ ਖੇਤੀ ਬਾੜੀ ਕਰਦੇ ਆਏ ਹੁੰਦੇ। ਇਨ੍ਹਾਂ ਨੂੰ ਜ਼ਿਆਦਾ ਤਜਰਬਾ industry ਦਾ ਹੈ।

ਅਰਥ ਮੰਤ੍ਰੀ : ਮੈਂ ਆਪ ਤੋਂ ਜ਼ਿਆਦਾ ਖੇਤੀ ਬਾੜੀ ਕੀਤੀ ਹੈ।

ਸਰਦਾਰ ਅਜਮੇਰ ਸਿੰਘ : ਬੇਨਤੀ ਹੈ ਕਿ ਅਸੀਂ ੩ ਜਾਂ ੪ ਬਜਟ ਸੈਸ਼ਨਾਂ ਵਿੱਚ Appropriation Bill ਪਹਿਲਾਂ ਭੀ ਪਾਸ ਕੀਤੇ ਹਨ। ਪਰੰਤੂ ਸਰਕਾਰ ਵਿਰੁਧ ਸਾਡਾ ਇਕ ਗਿਲਾ ਕਾਇਮ ਰਿਹਾ ਹੈ ਅਤੇ ਉਹ ਇਹ ਹੈ ਕਿ agriculture ਨੂੰ finance ਕਰਨ ਲਈ ਕੋਈ provision ਨਹੀਂ ਕੀਤਾ ਜਾਂਦਾ।

अध्यक्ष महोदय—आज तो आप relevant नहीं।

ਸਰਦਾਰ ਅਜਮੇਰ ਸਿੰਘ : ਮੇਰਾ ਇਹ ਮਤਲਬ ਹੈ ਕਿ ਜਿਸ ਰਕਮ ਦੀ provision ਇਸ ਬਿਲ ਵਿਚ ਹੋਣੀ ਚਾਹੀਦੀ ਹੈ, ਨਹੀਂ ਕੀਤੀ ਗਈ ਹੈ ਅਤੇ ਬਹੁਤ ਸਾਰਾ ਰੁਪਿਆ ਜੋ ਦੂਜੀਆਂ ਮੱਦਾਂ ਤੇ ਖਰਚ ਕੀਤਾ ਜਾਂਦਾ ਹੈ ਉਸ ਨੂੰ ਕਾਫੀ ਹਦ ਤਕ ਬਚਾ ਕੇ agriculture ਤੇ ਖਰਚ ਕੀਤਾ ਜਾ ਸਕਦਾ ਸੀ।

Mr. Speaker: I have great respect for the legal knowledge of the hon. Member, but I would like to point out that he is not relevant when he says that provision for a particular item or items of expenditure should have been made in the Bill under discussion. The question now before the hon. Members is whether they agree to pass the Bill or not.

Sardar Amjer Singh: Sir, we oppose it on the ground that such expenditure as should, in our opinion have been incurred, has not been provided for in the Bill.

Mr. Speaker: The hon. Member is at liberty to oppose it.

ਸਰਦਾਰ ਅਜਮੇਰ ਸਿੰਘ: ਸ਼੍ਰੀ ਮਾਨ ਜੀ, ਇਸ ਗਲ ਵਲ ਧਿਆਨ ਦਿਤਾ ਜਾਣਾ ਚਾਹੀਦਾ ਹੈ ਕਿ ਅਜਿਹਾ ਪ੍ਰਬੰਧ ਹੋਵੇ ਕਿ ਜਿਸ ਨਾਲ ਸਾਡੇ ਜ਼ਮੀਦਾਰਾਂ ਨੂੰ ਡੰਗਰਾਂ ਆਦਿ ਦੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪੈਸਾ ਮਿਲ ਸਕੇ। industries ਦੀ ਇਸ ਮੁਸ਼ਕਲ ਨੂੰ ਹਲ ਕਰਨ ਲਈ Finance Corporation ਬਣਾਈ ਗਈ ਹੈ ਮੇਰੀ ਬੇਨਤੀ ਹੈ ਕਿ agriculture ਲਈ ਭੀ ਇਸੇ ਤਰ੍ਹਾਂ ਦੀ ਇਕ ਕਾਰਪੋਰੇਸ਼ਨ ਬਣਾਈ ਜਾਵੇ।

ਦੂਜੀ ਚੀਜ਼ ਪੁਲਿਸ ਦਾ ਖਰਚ ਹੈ ਜੋ ਬਜਟ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਬੇਜਾ ਹੈ। ੬੪ ਲਖ ਰੁਪਿਆ ਜੋ ਬੋਡਰ ਪੁਲਿਸ ਤੇ ਖਰਚ ਕੀਤਾ ਜਾਂਦਾ ਹੈ ਇਸ ਨੂੰ ਬਚਾ ਕੇ ਹੋਰ ਥਾਂ ਖਰਚ ਕਿਉਂ ਨਹੀਂ ਕੀਤਾ ਜਾਂਦਾ? ਇਸ ਕੰਮ ਲਈ special ਪੁਲਸ ਮੁਕੱਰਰ ਕੀਤੀ ਗਈ ਹੈ। ਇਸ ਤਰ੍ਹਾਂ ਅਜ ਅਸੀਂ ਵੇਖਦੇ ਹਾਂ ਕਿ ਇਹ ਇਕ ਪੁਲਿਸ ridden ਸਟੇਟ ਬਨ ਗਈ ਹੈ। ਕੀ ਵਜ੍ਹਾ ਹੈ ਕਿ ਇਸ ਰਾਜ ਦੀ ਕਾਂਗ੍ਰਸ ਸਰਕਾਰ ਸੈਂਟਰ ਦੀ ਕਾਂਗ੍ਰਸੀ ਸਰਕਾਰ ਤੋਂ ਬੋਡਰ ਪੁਲਿਸ ਦੇ ਆਪਨੇ ਇਸ ਖਰਚ ਨੂੰ ਬੰਦ ਨਹੀਂ ਕਰਾ ਸਕੀ। ਕਿਹਾ ਜਾਂਦਾ ਹੈ ਕਿ ਸਟੇਟ ਵਿਚ Law and Order ਦੀ ਹਾਲਤ ਬੜੀ ਚੰਗੀ ਹੈ ਅਤੇ figures ਦਸੀਆਂ ਜਾਂਦੀਆਂ ਹਨ ਕਿ ਜਰਾਇਮ ਘਟ ਗਏ ਹਨ। ਜੇ ਇਸ ਤਰ੍ਹਾਂ ਹੈ ਤਾਂ ਕੀ ਤੁਸੀਂ ਪੁਲਿਸ ਘਟਾਈ ਹੈ। ਜਦ ਪੁਲਿਸ ਪਹਿਲਾਂ ਵਾਲੀ ਹੀ ਹੈ ਤਾਂ ਇਸ ਤੋਂ ਹੋਰ ਪਾਸੇ ਕੰਮ ਕਿਉਂ ਨਹੀਂ ਲਿਆ ਜਾਂਦਾ। ਸਾਡੀ ਸਟੇਟ ਵਿਚ regular ਪੁਲਿਸ ਅਲੱਗ ਹੈ, ਅਤੇ P. A. P., C. I. D., Border Police ਆਦਿ ਕਈ ਤਰ੍ਹਾਂ ਦੀ ਪੁਲਿਸ ਹੈ। ਇਨ੍ਹਾਂ ਸਭ ਲਈ ਬਿਲ ਪਾਸ ਕਰਕੇ ਹੋਰ ਰੁਪਿਆ ਮੰਗਿਆ ਜਾਂਦਾ ਹੈ। ਇਸ ਦੇ ਉਪ੍ਰੰਤ ਮੈਂ ਦੇਖਦਾ ਹਾਂ ਕਿ dacoities ਅਤੇ murders ਦੀ ਰੋਕ ਥਾਮ ਲਈ ਅਡ ੨ ਪੁਲਿਸ ਰਖੀ ਗਈ ਹੈ ਕੀ ਇਨ੍ਹਾਂ ਸਭਨਾਂ ਦੀ training ਭੀ ਵਖੋ ਵਖ ਹੁੰਦੀ ਹੈ? ਮੈਂ ਸਮਝਦਾ ਹਾਂ ਕਿ ਬਿਲ ਵਿਚ ਜੋ ਪੁਲਿਸ ਲਈ ਰਕਮ ਰਖੀ ਗਈ ਹੈ ਉਹ ਬਿਲਕੁਲ ਗੈਰ ਜ਼ਰੂਰੀ ਹੈ

ਅਤੇ ਇਹ ਇਕ ਨਵੀਂ ਚੀਜ਼ ਹੈ, ਇਸ ਬਿਨਾ ਤੇ ਮੈਂ ਇਸ ਦੀ ਮੁਖਾਲਫਤ ਕਰਦਾ ਹਾਂ।

प्रोफैसर मोता सिंह आनन्दपुरी (आदमपुर)—स्पीकर साहिब, आम तौर पर बजट सैशन (Session) में Supplementary Expenditure के लिये demand और appropriation के नाम पर बिल पास किये जाते हैं। पहले में कुछ जैनरल (general) बातें कहना चाहता हूं और फिर कुछ specific बातें भी कहूंगा।

अध्यक्ष महोदय—आप जैनरल (General) बातें न कहें। Demands बारे जो चाहें कहें।

It has been stated in Demand No. 7 that—

> A sum of Rs 1,34,640 is to be paid to the Government of India, being the contribution of the Punjab State towards the Co-ordinated Scheme for Locust Control in the desert areas for the years 1947-48 (15th August 1947 to 29th February 1948) and 1953-54. A sum of Rs 2,830 pertains to the year 1947-48 and Rs 1,31,810 to the year 1953-54.

I feel that the Government should give reasons to satisfy this House and the poor people in the State that the enhancement of the State's contribution from Rs 2,830 to Rs 1,31,810 has been rightly made.

प्रोफैसर मोता सिंह—स्पीकर साहिब, असल में बजट का main object यह होता है कि सरकारी expenditure के मुतअल्लिक तजवीजें पेश की जायें और हकूमत को चलाने के लिये जरूरी खर्च को जाहिर किया जाये। इस Appropriation Bill में मुझे खर्च ही खर्च के सिवाये कोई खास बात नज़र नहीं आती। यह इस बिल की कमज़ोरी है। इस में appropriation पूरी तरह explicitly show नहीं किया गया। इस लिये मेरी ख्वाहिश है कि हम इसे ठीक करें। जैसे कि मैंने demand 17 का हवाला दिया। हम आज तक locust pest पर control नहीं कर सके। इस ने पंजाब के अन्दर बहुत बार हमला किया। गवर्नमैण्ट ने वादे किये मगर पैसा एक नहीं दिया।

अध्यक्ष महोदय—आप relevant नहीं हैं।

प्रोफैसर मोता सिंह—इस बारे में खर्च को 1,28,000 रुपये से घटा कर एक दम एक लाख कर दिया गया। यह बात मैंने मिसाल के तौर पर कही है। इसी तरह General Administration, Medical, Police, etc., की Items भी मैंने देखी हैं। सब में रुपये की Demand की गई है। खैर payment तो हो गई मगर उस की appropriation के लिये ठीक explanation नहीं दिया गया। इस लिये मैं दरखास्त करता हूं कि ऐसी चीजें explicitly होनी चाहियें न कि implicitly।

ਅਰਥ ਮੰਤ੍ਰੀ (ਸਰਦਾਰ ਉਜਲ ਸਿੰਘ): ਪ੍ਰਧਾਨ ਜੀ, ਮੇਰੇ ਸਤਕਾਰਯੋਗ ਮਿਤ੍ਰ ਪ੍ਰੋਫੈਸਰ ਮੋਤਾ ਸਿੰਘ ਨੇ ਇਸ ਗਲ ਤੇ ਇਤਰਾਜ਼ ਕੀਤਾ ਹੈ ਕਿ appropriation

[Minister for Finance]

ਠੀਕ ਤਰ੍ਹਾਂ ਨਹੀਂ ਹੋਇਆ। ਮੇਰਾ ਵਿਚਾਰ ਹੈ ਕਿ ਉਹ ਠੀਕ ਤਰ੍ਹਾਂ ਸਮਝ ਨਹੀਂ ਸਕੇ। ਕਿਉਂਕਿ ਜੇਕਰ ਉਹ Supplementary Estimates ਦਾ ਸਫ਼ਾ 40 ਪੜ੍ਹਨ ਤਾਂ ਉਹ ਵੇਖਣਗੇ ਕਿ ਅਸੀਂ Locust ਵਾਸਤੇ ਰੁਪਿਆ ਰਖਿਆ ਹੋਇਆ ਹੈ ਅਤੇ ਇਹ ਹਰ ਸਾਲ agriculture ਥੱਲੇ ਆਉਂਦਾ ਹੈ। ਉਨ੍ਹਾਂ ਇਹ ਠੀਕ ਕਿਹਾ ਹੈ ਕਿ ਜਦ ਤਕ locust ਨੂੰ ਇਕਠਿਆਂ ਹੋਕੇ ਨਾ ਕਾਬੂ ਕੀਤਾ ਜਾਵੇ ਤਦ ਤਕ ਇਹ ਕਾਬੂ ਨਹੀਂ ਆਉਂਦਾ। ਲੋਕਸਟ (locust) ਨੂੰ ਦਬਾਨ ਲਈ ਇਕ ਸਕੀਮ ਗੌਰਮੈਂਟ ਆਫ ਇੰਡੀਆ ਨੇ ਚਲਾਈ ਹੈ। ਕਿਉਂ ਕਿ ਇਸੇ ਤਰ੍ਹਾਂ ਹੀ ਲੋਕਸਟ ਕਾਬੂ ਆ ਸਕਦੀ ਹੈ ਤੇ ਇਸ ਨੂੰ ਮਾਰਿਆ ਜਾ ਸਕਦਾ ਹੈ। ਇਕੱਲਾ ਕੋਈ ਵੀ ਸੂਬਾ ਇਸ ਨੂੰ ਕਾਬੂ ਨਹੀ ਕਰ ਸਕਦਾ। ਗੌਰਮੈਂਟ ਆਫ ਇੰਡੀਆ ਨੇ consolidated ਲੋਕਸਟ ਸਕੀਮ ਬਨਾਈ ਹੈ। ਅਤੇ ਇਹ ਖਰਚ ਸਾਡਾ 1947-48 ਦੇ ਹਿਸੇ ਵਜੋਂ ਦੇਣਾ ਆਂਉਦਾ ਸੀ। ਇਕ ਹਿਸਾ 1,34,000 ਰੁਪਿਆ ਬਣਦਾ ਹੈ ਜੋ ਗੌਰਮੈਂਟ ਆਫ ਇੰਡੀਆ ਨੂੰ ਅਸੀਂ ਦੇਣਾ ਸੀ। 1953-54 ਦੇ ਬਜਟ ਵਿਚ ਅਸੀਂ ਇਸ ਦਾ ਪ੍ਰਬੰਧ ਨਹੀਂ ਸੀ ਕੀਤਾ। ਖੈਰ ਸਾਨੂੰ ਇਹ ਰਕਮ Consolidated Control ਲਈ ਦੇਨੀ ਚਾਹੀਦੀ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਟਿਡੀ ਦਲ ਤੇ ਕਾਬੂ ਪਾਇਆ ਜਾਏ ਅਤੇ ਇਸ ਨੂੰ ਖ਼ਤਮ ਕੀਤਾ ਜਾਵੇ। ਇਹ ਰਕਮ ਅਸੀਂ appropriate ਇਸ ਲਈ ਕੀਤੀ ਹੈ ਕਿ ਇਸ ਰਕਮ ਦੀ Agriculture Department ਤੋਂ ਬਚਤ ਹੋਈ ਸੀ। ਗੌਰਮੈਂਟ ਆਫ ਇੰਡੀਆ ਨੂੰ ਆਪਣਾ ਹਿਸਾ ਇਸ ਬਚਤ ਵਿੱਚੋਂ ਦੇ ਦਿਤਾ ਗਿਆ ਹੈ। ਅਤੇ ਇਹ ਕੋਈ ਨਵੀਂ ਗਲ ਨਹੀਂ ਕੀਤੀ ਗਈ।

ਦੂਸਰੇ ਮੇਰੇ ਲਾਇਕ ਦੋਸਤ ਸਰਦਾਰ ਅਜਮੇਰ ਸਿੰਘ ਹੋਰਾਂ ਜੋ ਗੱਲਾਂ ਕਹੀਆਂ ਹਨ ਉਹ ਚੰਗੀਆਂ ਹਨ ਪਰ ਉਨ੍ਹਾਂ ਲਈ ਇਹ ਸਮਾਂ ਨਹੀਂ ਸੀ। ਬਜਟ ਤੇ ਬਹਿਸ ਕਰਨ ਵੇਲੇ ਖੁਲ੍ਹੇ ਤੌਰ ਤੇ ਇਹ ਕੀਤੀਆਂ ਜਾ ਸਕਦੀਆਂ ਸਨ।

Agriculture ਨੂੰ finance ਕਰਨ ਬਾਰੇ ਜੋ ਕੁਝ ਉਨ੍ਹਾਂ ਨੇ ਕਿਹਾ ਹੈ ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਪਿਛਲੇ 2-3 ਸਾਲਾਂ ਵਿਚ ਜ਼ਿਮੀਦਾਰਾਂ ਨੂੰ 4½ ਕਰੋੜ ਦੀ ਤਕਾਵੀ ਦਿਤੀ ਗਈ ਹੈ (ਪ੍ਰਸ਼ੰਸਾ)।

1953 ਵਿਚ fertilizers ਲਈ 57 ਲਖ ਰੁਪਿਆ ਕਰਜ਼ਾ ਦੇਣ ਦਾ ਫ਼ੈਸਲਾ ਕੀਤਾ ਹੈ।

ਮੁਖ ਮੰਤਰੀ: ਅਤੇ fertilizers ਫੈਕਟਰੀਆਂ ਵਿਚ ਬਣਦੇ ਹਨ।

ਸਰਦਾਰ ਅਜਮੇਰ ਸਿੰਘ: ਪਰ ਮੁਨਾਫਾ ਵੀ ਤਾਂ ਉਨ੍ਹਾਂ ਨੂੰ ਹੀ ਜਾਂਦਾ ਹੈ।

ਅਰਥ ਮੰਤ੍ਰੀ : ਜਿਥੇ ਪਿਛਲੇ ਸਾਲਾਂ ਵਿਚ ਇਸ ਬਾਰੇ 3-5 ਹਜ਼ਾਰ ਰੁਪਿਆ ਖਰਚ ਕੀਤਾ ਗਿਆ ਸੀ ਉਥੇ ਇਸ ਸਾਲ 13 ਹਜ਼ਾਰ ਰੁਪਿਆ ਖਰਚ ਹੋ ਚੁਕਿਆ ਹੈ ਅਤੇ ਇਹ ਖਰਚ ਪਿਛਲੇ 8 ਮਹੀਨਿਆਂ ਵਿਚ ਕੀਤਾ ਗਿਆ ਹੈ।

ਫਿਰ ਰੀਜ਼ਰਵ ਬੈਂਕ ਨੇ 35 ਲਖ ਰੁਪਿਆ ਕਰਜ਼ਾ ਦਿਤਾ ਸੀ ਅਤੇ ਇਹ ਰੁਪਿਆ ਕੁਆਪ੍ਰੇਟਿਵ ਬੈਂਕਾਂ ਰਾਹੀਂ ਜ਼ਿਮੀਦਾਰਾਂ ਨੂੰ ਕਰਜ਼ਾ ਦਿਤਾ ਗਿਆ। ਪ੍ਰੋਵਿਨਸ਼ਲ ਕੁਅਪਰੇਟਿਵ ਬੈਂਕ ਨੂੰ ਹੋਰ ਵੀ ਮਜ਼ਬੂਤ ਕਰਨ ਲਈ ਅਸੀਂ ਉਸ ਦੇ ਹਿਸੇ ਲਏ। 10 ਲਖ ਦੇ ਇਕ ਵੇਰੀ ਤੇ 5 ਲਖ ਦੇ ਇਕ ਵੇਰੀ।

Sardar Ajmer Singh : What is the Security that they get ?

Mr. Speaker : The hon. Finance Minister need not reply to the irrelevant parts.

ਅਰਥ ਮੰਤ੍ਰੀ : ਸ਼੍ਰੀਮਾਨ ਜੀ, ਇਨ੍ਹਾਂ ਸਵਾਲ ਉਠਾਇਆ ਸੀ ਤੇ ਮੈਂ ਜਵਾਬ ਵਜੋਂ ਦੋ ਚਾਰ ਲਫਜ਼ ਕਹਿ ਦਿਤੇ ਹਨ। ਜੇਕਰ ਆਪ ਇਜਾਜ਼ਤ ਨਾ ਦਿੰਦੇ ਤਾਂ ਮੈਂ ਨਾ ਬੋਲਦਾ। ਇਹ ਗਲਾਂ ਤੇ ਬਜਟ ਤੇ ਬਹਿਸ ਕਰਨ ਵੇਲੇ ਖੁਲੇ ਤੌਰ ਤੇ discuss ਹੋ ਸਕਦੀਆਂ ਹਨ।

ਬਾਕੀ ਇਨ੍ਹਾਂ Border Police ਤੇ 64 ਲਖ ਰੁਪਏ ਦੇ ਖਰਚ ਬਾਰੇ ਕਿਹਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜ਼ੋਰ ਲਾ ਰਹੇ ਹਾਂ ਕਿ ਇਹ ਖਰਚ Central Government ਬਰਦਾਸ਼ਤ ਕਰੇ। ਅਸੀਂ ਇਸ ਬਾਰੇ ਚੁਪ ਨਹੀਂ ਬਠੇ ਹੋਏ। ਕਿਉਂਕਿ ਇਸ ਵਿਚ 3-4 ਸੂਬਿਆਂ ਦੀ demand ਹੈ ਇਸ ਲਈ ਦੌਰ ਹੋ ਰਹੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਗਵਰਨਮੈਂਟ ਆਫ ਇੰਡੀਆ ਮਦਦ ਦੇਵੇਗੀ।

Mr. Speaker: Question is—

That the Punjab Appropriation Bill be passed.

The motion was carried.

The Assembly then adjourned till 2 *p.m. on Tuesday, the* 16*th March* 1954.

135 PSLA—283—8-10-54—CP & S., Pb., Chandigarh

Punjab Legislative Assembly Debates

16th March, 1954.

VOL. I—No. 7

OFFICIAL REPORT

CONTENTS

Tuesday, 16th March, 1954.

CHANDIGARH :
Printed by the Controller of Printing and Stationery, Punjab,
1954

Price : -/7/-

PUNJAB LEGISLATIVE ASSEMBLY

Tuesday, 16th March 1954.

The Assembly met in the Assembly Hall, Sector 10, *Chandigarh Capital, at* 2 *p. m. of the Clock. Mr. Speaker* (*Dr. Satyapal*) *in the Chair.*

QUESTION HOUR (DISPENSED WITH)

ਸ਼੍ਰੀ ਸਪੀਕਰ : ਕੁਝ ਮੈਂਬਰ ਸਾਹਿਬਾਨ ਨੇ ਇਹ ਖ਼ਾਹਿਸ਼ ਜ਼ਾਹਿਰ ਕੀਤੀ ਹੈ ਕਿ ਅਜ ਸਵਾਲ ਨਾ ਪੁਛੇ ਜਾਣ। ਜੇਕਰ ਸਭ ਸਾਹਿਬਾਨ ਦੀ ਇਹ ਰਾਏ ਹੋਵੇ ਤਾਂ Question Hour dispense with ਕਰ ਦਿਤਾ ਜਾਵੇ।

Minister for Development: As you like it, Sir.

Mr. Speaker : I want to know the opinion of the hon. Members about it.

(Voices: Question Hour may be dispensed with)

Mr. Speaker: All right. The Question Hour is dispensed with today.

OBSERVATIONS MADE BY THE SPEAKER.

ਸ਼੍ਰੀ ਸਪੀਕਰ: ਹੁਣ ਰੁਝੇਵਾਂ ਇਹ ਹੈ ਕਿ ਬਜਟ ਉਪਰ General Discussion ਸ਼ੁਰੂ ਹੋਵੇਗੀ। Opposition ਦੇ ਮੈਂਬਰ ਗਿਣਤੀ ਦੇ ਲਿਹਾਜ਼ ਨਾਲ Majority Party ਨਾਲੋਂ ਬਹੁਤ ਘਟ ਹਨ। ਲੇਕਿਨ ਜਿਹੜੀ convention ਹੈ ਓਸ ਅਨੁਸਾਰ Opposition ਨਾਲ ਕਾਫੀ ਰਿਆਇਤ ਕੀਤੀ ਜਾਂਦੀ ਹੈ। ਇਸ ਕਰ ਕੇ ਅੱਧਾ ਵਕਤ Treasury Benches ਵਾਲਿਆਂ ਨੂੰ ਅਤੇ ਅਧਾ ਸਮਾਂ Opposition ਵਾਲਿਆਂ ਨੂੰ ਦਿਤਾ ਜਾਂਦਾ ਹੈ।

ਵਿਕਾਸ ਮੰਤਰੀ : ਸਾਡੀ ਤਰਫ਼ ਦੇ ਮੈਂਬਰਾਂ ਨੇ ਵੀ ਕਿਹੜੀ ਸਾਡੀ ਤਰੀਫ਼ ਦੇ ਪੁਲ ਬੰਨਣੇ ਹਨ। (*Laughter*)

अध्यक्ष महोदय : मैंने पहले ही अर्ज़ कर दी है कि Opposition वालों की numerical strength बहुत कम है लेकिन चूंकि उन के views सुनने का मौका भी ministers को बजट की debate के वक्त ही मिलता है इसी लिये उन को कम गिनती में होने के बावजूद बराबर का समय दिया गया है।

दूसरी बात जिस की तरफ मैं मैम्बर साहिबान की तवज्जुह दिलाना चाहता हूं यह है कि—
Only questions of broad policy underlying the particular department or an account head should be discussed at the time of the general discussion. General discussion on the Budget is to be confined to the provisions of the Budget and the general policies of Government. Details should be considered at the time of the discussion on the demands for grants.

[अध्यक्ष महोदय]

दूसरे शब्दों में इस का मतलब यह है कि आज या कल जो discussion होगी उस में specific या खास २ चीज़ें नहीं लाई जायेंगी । बल्कि सरकार की general policy और उसके general फैसलों के हक में या बरखिलाफ मैम्बर साहिबान जो कुछ चाहें फरमा सकते हैं । Now Sardar Gopal Singh will initiate the discussion.

GENERAL DISCUSSION ON THE BUDGET.

ਸਰਦਾਰ ਗੋਪਾਲ ਸਿੰਘ (ਜਗਰਾਓਂ) : ਪ੍ਰਧਾਨ ਜੀ ! ਜੇਕਰ ਮੈਂ ਸਰਦਾਰ ਉਜੱਲ ਸਿੰਘ ਜੀ ਦੀ ਕਾਬਲੀਅਤ ਅਤੇ ਉਨ੍ਹਾਂ ਦੇ parliamentary ਤਜਰਬੇ ਦੀ ਦਾਦ ਨਾ ਦੇਵਾਂ ਤਾਂ ਇਹ ਉਨ੍ਹਾਂ ਨਾਲ ਬੇਇਨਸਾਫੀ ਹੋਵੇਗੀ (*cheers*) ਲੇਕਿਨ ਜਿਸ ਤਰੀਕੇ ਅਤੇ ਹੇਰਾਫੇਰੀ ਨਾਲ ਉਨ੍ਹਾਂ ਨੇ ਬਜਟ ਪੇਸ਼ ਕੀਤਾ ਹੈ ਉਸ ਦੀ ਵੀ ਦਾਦ ਨ ਦਿਤੀ ਜਾਇ ਤਾਂ ਉਹ ਵੀ ਬੇਇਨਸਾਫੀ ਵਿਚ ਸ਼ਾਮਿਲ ਹੋਵੇਗੀ । ਸਾਹਿਬੇ ਸਦਰ ! 1954-55 ਦਾ ਜਿਹੜਾ ਬਜਟ ਸਾਡੇ Finance Minister ਸਾਹਿਬ ਨੇ ਪੇਸ਼ ਕੀਤਾ ਹੈ ਉਸ ਵਿਚ Revenue Receipts 22 ਕਰੋੜ 19 ਲਖ ਦੀਆਂ ਹਨ ਅਤੇ revenue side ਤੇ expenditure 23 ਕਰੋੜ 12 ਲਖ ਰੁਪੈ ਹੈ । ਇਸ ਤਰਾਂ 13 ਲਖ ਰੁਪੈ ਦਾ ਖਸਾਰਾ ਰਹਿ ਜਾਂਦਾ ਹੈ । 2 ਲਖ ਰੁਪਿਆ ਪੰਜਾਬ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਦੇ ਰਹੀ ਹੈ । ਇਸ ਤਰਾਂ ਕੁਲ ਖਸਾਰਾ 15 ਲਖ ਰੁਪੈ ਤਕ ਪਹੁੰਚ ਜਾਂਦਾ ਹੈ । ਅਰਥ ਮੰਤ੍ਰੀ ਜੀ ਨੇ ਅਪਣੀ ਤਕਰੀਰ ਵਿਖੇ ਦਸਿਆ ਹੈ ਕਿ Motor Stage Carriage Vehicle ਤੇ ਟੈਕਸ ਰਾਹੀਂ 12 ਲਖ ਰੁਪਏ ਆਉਣਗੇ, Cinema Houses ਉਪਰ ਟੈਕਸ ਲਾਉਣ ਨਾਲ 5 ਲਖ ਰੁਪਏ ਅਤੇ Revision of Land Settlement ਨਾਲ 30 ਲਖ ਰੁਪਏ ਸਰਕਾਰ ਨੂੰ ਆਉਣਗੇ । Estate Duty ਵਿਚ ਪੰਜਾਬ ਦਾ Share 14 ਲਖ ਰੁਪੈ ਹੈ । ਇਸ ਤਰਾਂ ਇਹ ਸਾਰਾ 61 ਲਖ ਰੁਪਈਆ ਬਨਦਾ ਹੈ । ਇਹ ਰਕਮ ਕਢ ਕੇ ਫਿਰ ਵੀ 34 ਲਖ ਰੁਪੈ ਦਾ ਖਸਾਰਾ ਰਹਿੰਦਾ ਹੈ । ਫੇਰ Central Government ਦੀ Finance Commission ਵਲੋਂ 1, 25 ਲੱਖ ਰੁਪਈਆ ਵੀ ਮਿਲਦਾ ਹੈ ਅਤੇ ਜੇਕਰ ਉਹ ਨਾ ਮਿਲੇ ਤਾਂ ਰੋਜ਼ਮੱਰਾ ਦਾ ਕੰਮ ਕਾਰ ਚਲਨਾ ਵੀ ਮੁਸ਼ਕਲ ਹੋ ਜਾਵੇਗਾ ।

ਪ੍ਰਧਾਨ ਜੀ ! ਇਸ ਸਾਲ ਦੇ ਅਖ਼ੀਰ ਵਿਚ ਪੰਜਾਬ ਸੂਬੇ ਉਪਰ 1,08 ਕਰੋੜ ਰੁਪਏ ਦਾ ਕਰਜ਼ਾ ਰਹਿ ਜਾਵੇਗਾ । ਸਾਰਾ ਮਿਲਾ ਕੇ 1,38 ਕਰੋੜ ਰੁਪਏ ਦਾ ਕਰਜ਼ਾ ਬਨਦਾ ਹੈ । ਇਹ ਇਸ ਛੋਟੇ ਜਹੇ ਸੂਬੇ ਉਪਰ ਬਹੁਤ ਜ਼ਿਆਦਾ ਕਰਜ਼ਾ ਹੈ ।

ਸਾਹਿਬੇ ਸਦਰ ! ਇਸ਼ ਦੇ ਅਗੇ Finance Minister ਸਾਹਿਬ ਨੇ ਦਸਿਆ ਹੈ ਕਿ ਸਰਕਾਰ ਨੇ ਕਲਰਕਾਂ ਦੀਆਂ ਤਨਖਾਹਾਂ ਨੂੰ Universal Pay Scale ਉਪਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ । ਮੇਰੀ ਅਰਜ਼ ਇਹ ਹੈ ਕਿ ਛੋਟੇ ਦਰਜੇ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਬਹੁਤ ਮਾਮੂਲੀ ਇਜ਼ਾਫਾ ਕੀਤਾ ਗਿਆ ਹੈ ਅਤੇ ਉਸ ਦੇ ਨਾਲ ਉਨ੍ਹਾਂ ਦੇ standard of living ਵਿਚ ਕੋਈ ਫਰਕ ਨਹੀਂ ਪਿਆ । ਇਸ ਦੇ ਅਗੇ ਇਨ੍ਹਾਂ ਨੇ ਕਾਲਿਜਾਂ ਦੇ ਪ੍ਰੋਫੈਸਰਾਂ ਦਾ ਗ੍ਰੇਡ 150—10—350 ਤੋਂ 180—10—320—16—400 ਕਰ ਦਿਤਾ ਹੈ । ਕਿਹਾ ਇਹ ਗਿਆ ਹੈ ਕਿ ਇਹ Revision University Commission ਦੀਆਂ ਸਿਫਾਰਸ਼ਾਂ ਨੂੰ ਮੰਨ ਕੇ ਕੀਤਾ ਗਿਆ ਹੈ ਲੇਕਿਨ ਦਰਅਸਲ ਇਹ ਗਲ ਗ਼ਲਤ ਹੈ ।

University Commission ਦੀ ਸਿਫ਼ਾਰਿਸ਼ ਇਹ ਸੀ ਕਿ ਉਨ੍ਹਾਂ ਦਾ ਗ੍ਰੇਡ 200—15—320—20—400—25—500 ਕਰ ਦਿਤਾ ਜਾਵੇ। ਦਿੱਲੀ ਸਟੇਟ ਨੇ ਤਾਂ ਉਨ੍ਹਾਂ ਦੀ ਸਿਫਾਰਿਸ਼ ਨੂੰ ਮਨ ਲਿਆ ਲੇਕਿਨ ਸਾਡੀ ਸਰਕਾਰ ਨੇ ਨਹੀਂ ਮਨਿਆਂ। ਦਿੱਲੀ ਸਟੇਟ ਨੇ ਯਕੱਮ ਅਪ੍ਰੈਲ 1954 ਤੋਂ ਪ੍ਰੋਫੈਸਰਾਂ ਦੀ starting salary 250 ਰੁਪੇ ਮਾਹਵਾਰ ਅਤੇ ਸਾਲਾਨਾ ਤਰੱਕੀ 20 ਰੁਪੇ ਰੱਖੀ ਹੈ। ਸਾਡੇ ਸੂਬੇ ਵਿਚ ਦੋ ਦੋ ਤਿੰਨ ਤਿੰਨ ਡਿਗ੍ਰੀਆਂ ਵਾਲੇ ਟੀਚਰਾਂ ਨੂੰ ਸਿਰਫ 10 ਰੁਪੇ ਦਿਤੇ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ 12 ਸਾਲ ਨੌਕਰੀ ਕਰਨ ਦੇ ਬਾਅਦ ਕਿਧਰੇ ਜਾ ਕੇ 150 ਮਿਲਦੇ ਹਨ। ਪ੍ਰਧਾਨ ਜੀ ! ਇਸ ਦੇ ਮੁਕਾਬਲੇ ਵਿਚ ਜੇਕਰ ਅਸੀ ਦੂਸਰੇ ਮੁਲਕਾਂ ਵਲ ਝਾਤੀ ਮਾਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਇੰਗਲੈਂਡ ਵਿਚ ਪ੍ਰਾਈਮਰੀ ਅਤੇ ਹਾਈ ਸਕੂਲਾਂ ਦੇ ਟੀਚਰਾਂ ਨੂੰ 375 ਅਤੇ 600 ਪਾਊਂਡ ਸਾਲਾਨਾ ਯਾਨੀ 670 ਰੁਪੇ ਮਾਹਵਾਰ ਮਿਲਦੇ ਹਨ। ਇਸੇ ਤਰਾਂ U.S.S.R., ਵਿਚ Elementary Schools ਦੇ ਟੀਚਰਾਂ ਨੂੰ 600 ਰੁਬਲਜ਼ ਮਾਹਵਾਰ ਮਿਲਦੇ ਹਨ ਅਤੇ ਇਕ ਹਫਤੇ ਵਿਚ ਕੇਵਲ 24 ਘੰਟੇ ਉਨ੍ਹਾਂ ਨੂੰ ਕੰਮ ਕਰਨਾ ਪੈਂਦਾ ਹੈ। ਉਥੇ ਹਾਈ ਸਕੂਲਾਂ ਦੇ ਟੀਚਰ 850 ਰੁਬਲ ਮਾਸਕ ਤਨਖਾਹ ਪਾਂਦੇ ਹਨ। ਅਤੇ ਇਕ ਹਫਤੇ ਵਿਚ ਉਹ ਕੇਵਲ 18 ਘੰਟੇ ਕੰਮ ਕਰਦੇ ਹਨ। U. S. A. ਵਿਚ ਹਾਈ ਸਕੂਲ ਦੇ ਟੀਚਰਾਂ ਨੂੰ 3,100 ਡਾਲਰ ਸਾਲਾਨਾ ਯਾਨੀ 1,150 ਰੁਪਿਆ ਮਾਹਵਾਰ ਤਨਖਾਹ ਮਿਲਦੀ ਹੈ। ਬਾਕੀ ਸੂਬਿਆਂ ਦੇ ਟ੍ਰੇਂਡ ਗ੍ਰੇਜੂਏਟਾਂ ਨੂੰ ਇਸ ਤਰਾਂ ਤਨਖਾਹ ਦਿਤੀ ਜਾਂਦੀ ਹੈ :—

ਦਿੱਲੀ ਵਿਚ	..	120 ਰੁਪਏ ਮਾਹਵਾਰ
ਉੜੀਸਾ ਵਿਚ	..	120 ,,
ਬਿਲਾਸਪੁਰ ਵਿਚ	..	140 ,,
ਹੈਦਰਾਬਾਦ ਵਿਚ	..	154 ,,
ਯੂ. ਪੀ. ਵਿਚ	..	120 ,,
ਅਜਮੇਰ ਵਿਚ	..	120 ,,
ਅੰਡੇਮਾਨ ਵਿਚ	..	120 ,,

ਇਸੇ ਤਰਾਂ ਉਸਮਾਨੀਆ ਯੂਨੀਵਰਸਿਟੀ ਦੇ ਮਾਤਹਿਤ Secondary Schools ਦੇ ਟੀਚਰਾਂ ਨੂੰ 180 ਰੁਪਏ ਤਨਖਾਹ ਮਿਲਦੀ ਹੈ। ਪਾਕਿਸਤਾਨ ਵਿਚ 120 ਰੁਪਏ ਮਾਹਵਾਰ ਅਤੇ ਮਗਰਬੀ ਬੰਗਾਲ ਵਿਚ 125 ਰੁਪਏ ਦਿਤੇ ਜਾਂਦੇ ਹਨ। ਸਾਡਾ ਸੂਬਾ ਹੀ ਐਸਾ ਹੈ ਜਿਸ ਵਿਚ ਸਭਨਾਂ ਸੂਬਿਆਂ ਨਾਲੋਂ ਥੋੜੀ ਤਨਖਾਹ ਟੀਚਰਾਂ ਨੂੰ ਦਿਤੀ ਜਾਂਦੀ ਹੈ।

ਪ੍ਰਧਾਨ ਜੀ ! ਅਗਲੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਖਰਚ ਤਾਂ ਘਟ ਨਹੀਂ ਕੀਤਾ ਪਰ ਟੈਕਸ ਜ਼ਰੂਰ ਲਗਾ ਦਿਤੇ ਹਨ। ਟੈਕਸਾਂ ਨੂੰ ਲਗਾਉਣਾ ਤਦ ਹੀ ਵਾਜਬ ਸੀ ਜੇਕਰ ਸਰਕਾਰੀ ਖਰਚ ਨੂੰ ਘਟਾਇਆ ਜਾਂਦਾ। ਲੇਕਿਨ ਇਥੇ ਅਪਰ ਹਾਊਸ ਬਦਸਤੂਰ ਕਾਇਮ ਹੈ। ਉਸ ਨੂੰ ਇਸ ਲਈ ਨਹੀਂ ਰਖਿਆ ਹੋਇਆ ਕਿ ਉਸ ਦੀ ਜ਼ਰੂਰਤ ਹੈ ਬਲਕੇ ਉਸ ਨੂੰ ਸਿਆਸੀ ਮਸਲਿਹਤ ਦੇ ਪੇਸ਼ ਨਜ਼ਰ ਕਾਇਮ ਰਖਿਆ ਹੋਇਆ ਹੈ। ਉਸ ਦਾ ਕਾਇਮ ਰਖਨਾ ਪਾਰਟੀ ਦੇ ਨੁਕਤਾ ਨਿਗਾਹ ਨਾਲ ਜ਼ਰੂਰੀ ਸਮਝਿਆ ਜਾ ਰਿਹਾ ਹੈ। ਜੇ ਕਰ ਹਾਊਸ ਟੁਟ ਜਾਵੇ ਤਾਂ ਲਖਾਂ ਰੁਪੇ ਬਚਾਏ ਜਾ ਸਕਦੇ ਹਨ ਅਤੇ ਲੋਕਾਂ ਦੀ ਭਲਾਈ ਉਪਰ ਖਰਚੇ ਜਾ ਸਕਦੇ ਹਨ। ਨਾਮਜ਼ਦਗੀਆਂ ਦਾ ਦਕਿਆਨੂਸੀ ਤਰੀਕਾ ਜਿਸ ਨੂੰ ਕਿ ਕਾਂਗਰਸ

[ਸਰਦਾਰ ਗੋਪਾਲ ਸਿੰਘ]

ਅੰਗ੍ਰੇਜ਼ਾਂ ਦੇ ਰਾਜ ਵਿਚ condemn ਕਰਦੀ ਹੁੰਦੀ ਸੀ ਅਜੇ ਤਕ ਉਸੇ ਤਰਾਂ ਕਾਇਮ ਹੈ ਇਸ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੀਦਾ ਹੈ ।

ਸਾਹਿਬੇ ਸਦਰ ! ਇਸ ਤੋਂ ਅਗਲੀ ਗਲ ਜਿਸਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਉਹ ਸੂਬੇ ਦੇ administrative set-up ਪੁਰ ਖਰਚ ਕੀਤਾ ਜਾਣ ਵਾਲਾ ਫਜ਼ੂਲ ਰੁਪਿਆ ਹੈ । ਇਹ ਠੀਕ ਹੈ ਕਿ ਪਹਿਲਾਂ ਇਸ ਸੂਬੇ ਵਿਚ ਦੋ ਕਮਿਸ਼ਨਰ (Commissioners) ਸਨ ਅਤੇ ਪਿਛਲੇ ਵਰੇ ਇਨ੍ਹਾਂ ਕਮਿਸ਼ਨਰਾਂ ਦੀ ਇਹ ਤਾਦਾਦ ਘਟਾਕੇ ਇਕ ਕਰ ਦਿਤੀ ਸੀ । ਪਰ ਸਵਾਲ ਤਾਂ ਇਹ ਹੈ ਕਿ ਇਸ ਕਮਿਸ਼ਨਰ ਦਾ ਕੰਮ ਕੀ ਹੈ? ਉਹ ਕਿਹੜੀਆਂ ਕਿਹੜੀਆਂ duties ਹਨ ਜਿਹੜੀਆਂ ਇਹ discharge ਕਰਦਾ ਹੈ ? ਸਪੀਕਰ ਸਾਹਿਬ ! ਮੈਂ ਇਹ ਸਮਝਦਾ ਹਾਂ ਅਤੇ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਕਮਿਸ਼ਨਰ ਸਿਵਾਏ ਇਕ 'ਲੈਟਰ ਬਕਸ' ਦਾ ਕੰਮ ਕਰਨ ਦੇ ਹੋਰ ਕੁਝ ਨਹੀਂ ਕਰਦਾ । ਉਹ ਡਿਪਟੀ ਕਮਿਸ਼ਨਰਾਂ ਦੀ ਡਾਕ ਪੰਜਾਬ ਗਵਰਨਮੈਂਟ ਅਤੇ ਪੰਜਾਬ ਗਵਰਨਮੈਂਟ ਦੀ ਡਾਕ ਡਿਪਟੀ ਕਮਿਸ਼ਨਰਾਂ ਤਾਈਂ ਪਹੁੰਚਾਂਦਾ ਹੈ । ਇਸ ਲਈ, ਮੈਂ ਸਮਝਦਾ ਹਾਂ ਕਿ ਇਸ post ਦੀ ਵੀ ਕੋਈ ਲੋੜ ਨਹੀਂ ਅਤੇ ਇਸਨੂੰ ਵੀ ਉੜਾ ਦਿਤਾ ਜਾਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਸੈਕਰੇਟਰੀਆਂ, ਡਿਪਟੀ ਸੈਕਰੇਟਰੀਆਂ ਅਤੇ ਅੰਡਰ ਸੈਕਰੇਟਰੀਆਂ ਦੀਆਂ ਤਨਖਾਹਾਂ ਵਿਚ ਕਟੌਤੀ ਕਰਕੇ ਵੀ ਰੁਪਿਆ ਬਚਾਇਆ ਜਾ ਸਕਦਾ ਹੈ । ਪਰ ਇਸ ਮਦ ਵਿਚ ਸਾਡੇ ਅਰਥ ਮੰਤ੍ਰੀ ਜੀ ਨੇ ਕੋਈ ਬਚਤ ਨਹੀਂ ਕੀਤੀ । ਗਵਰਨਰ ਸਾਹਿਬ ਦੇ ਅਮਲੇ ਅਤੇ ਉਹਨਾਂ ਦੀ ਸ਼ਾਨੋ ਸ਼ੌਕਤ ਵਿਚ ਜਿਹੜਾ ਫਜ਼ੂਲ ਰੁਪਿਆ ਜ਼ਾਇਆ ਕੀਤਾ ਜਾ ਰਿਹਾ ਹੈ ਉਸ ਨੂੰ ਵੀ ਬਚਾਇਆ ਜਾ ਸਕਦਾ ਸੀ ਪਰ ਇਸ ਵਾਰੀ ਵੀ ਇਸ ਵਲ ਕੋਈ ਧਿਆਨ ਨਹੀਂ ਦਿਤਾ ਗਿਆ । ਫਿਰ, ਸਾਹਿਬੇ ਸਦਰ, ਫਿਲੌਰ ਵਿਚ ਜਿਹੜਾ ਪਿਛਲੇ ਦਿਨਾਂ ਵਿਚ Police Tatoo ਕੀਤਾ ਗਿਆ ਸੀ ਉਸ ਵਿਚ ਵੀ, ਮੈਂ ਸਮਝਦਾ ਹਾਂ, ਫਜ਼ੂਲ ਰੁਪਿਆ ਖਰਚ ਕੀਤਾ ਗਿਆ ਸੀ । ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਦੋਂ ਸਾਰਾ ਪੰਜਾਬ united ਸੀ, ਜਿਸ ਵੇਲੇ ਇਸਦਾ ਰਕਬਾ ਜ਼ਿਆਦਾ ਸੀ ਅਤੇ ਜਦੋਂ ਇਸਦੀ ਆਬਾਦੀ ਵੀ ਹੁਣ ਨਾਲੋਂ ਕਿੰਨੇ ਹੀ ਗੁਣਾ ਜ਼ਿਆਦਾ ਸੀ, ਉਦੋਂ ਤਾਂ ਪੰਜਾਬ ਦੀ ਵਜ਼ਾਰਤ ਵਿਚ ਕੇਵਲ 6 ਵਜ਼ੀਰ ਸਨ; ਪਰ ਹੁਣ ਜਦੋਂ ਕਿ ਆਬਾਦੀ ਅਤੇ ਰਕਬਾ ਵਗੈਰਾ ਅਗੇ ਨਾਲੋਂ ਇੰਨਾ ਘਟ ਗਿਆ ਹੈ ਇਥੇ 8 ਵਜ਼ੀਰ ਕਰ ਦਿਤੇ ਗਏ ਹਨ । ਇਸਲਈ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਅਸੀਂ ਕਿਵੇਂ ਇਹਨਾਂ ਨੂੰ ਮੁਬਾਰਕਬਾਦ ਦੇ ਸਕਦੇ ਹਾਂ ?

ਫਿਰ ਸਪੀਕਰ ਸਾਹਿਬ, ਤੁਸੀਂ ਅਲਾਉਂਸ ਦਾ ਮਾਮਲਾ ਲੈ ਲਉ। ਇਸ ਬਾਰੇ ਕੀ ਸਥਿਤੀ ਹੈ ? ਜੇਕਰ ਇਹ ਗਵਰਨਮੈਂਟ ਵਡੇ ਵਡੇ ਅਫ਼ਸਰਾਂ ਦੇ ਅਲਾਉਂਸਾਂ ਨੂੰ ਘਟ ਕਰ ਦਿੰਦੀ; ਫਿਰ ਤਾਂ ਅਸੀਂ ਮੰਨਦੇ ਕਿ ਇਨ੍ਹਾਂ ਨੇ ਕੋਈ ਚੰਗਾ ਕੰਮ ਕੀਤਾ ਹੈ । ਸਪੀਕਰ ਸਾਹਿਬ ! ਜੇ ਤੁਸੀਂ ਇਹਨਾਂ ਸਾਰਿਆਂ ਅਲਾਉਂਸਾਂ ਨੂੰ ਇਕੱਠਾ ਕਰਕੇ ਵੇਖੋ ਤਾਂ ਤੁਹਾਨੂੰ ਬੜੀ ਹੈਰਾਨੀ ਹੋਵੇਗੀ ਕਿ ਅਲਾਉਂਸ ਵਿਚ ਵੀ ਕਿੰਨੀਆਂ ਕਿਸਮਾਂ ਹਨ। Dearness Allowance, Temparory Allowance, Uniform Allowance, House Rent Allowance, Board Allowance, Compensatory Allowance, Hill Compensatory Allowance, Travelling Allowance, Local Compensatory Allowance, Other Allowances and Honoraria, Travelling Allowance (Fixed), Travelling Allowance (open). Non-practising Allowance, Simla Compensatory Allowance, Hill Allowance. Fixed Cycle Allowance, Project Allowance, Deputation Allowance, Conveyance Allowance. Frontier Allowance, Clothing

Allowance, Equipment Allowance, Recreation Allowance ਅਤੇ Election Allowance 24 ਕਿਸਮਾਂ ਦੇ ਅਲਾਊਂਸ ਹਨ ਜਿਹੜੇ ਇਸ ਸਰਕਾਰ ਨੇ ਜਾਰੀ ਕੀਤੇ ਹੋਏ ਹਨ ।

ਸਪੀਕਰ ਸਾਹਿਬ ! ਦੂਜੇ ਮਹਿਕਮਿਆਂ ਬਾਰੇ ਤਾਂ ਮੇਰੇ ਦੂਜੇ ਦੋਸਤ ਵੀ ਆਪ ਜੀ ਦੀ ਸੇਵਾ ਵਿਚ ਬਹੁਤ ਕੁਝ ਦਸਨਗੇ ਪਰ ਮੈਂ ਕੇਵਲ ਕੁਝ ਖਾਸ ਖਾਸ ਗੱਲਾਂ ਆਪਦੇ ਸਾਹਮਣੇ ਪੇਸ਼ ਕਰਨੀਆਂ ਚਾਹੁੰਦਾ ਹਾਂ । ਜਨਾਬ ! ਸਾਡੀ ਸਰਕਾਰ ਵਲੋਂ ਬੜੇ ਦਾਅਵੇ ਨਾਲ ਇਹ ਐਲਾਨ ਕੀਤਾ ਜਾਂਦਾ ਹੈ ਕਿ communal ਵਿਚਾਰਾਂ ਨੂੰ ਕਿਸੇ ਵੀ ਮਾਮਲੇ ਵਿਚ ਸਰਕਾਰੀ administration ਦੇ ਨੇੜੇ ਨਹੀਂ ਫੜਕਨ ਦਿਤਾ ਜਾਏਗਾ । ਇਸ ਮਾਮਲੇ ਵਿਚ ਬਹੁਤ ਨਾ ਕਹਿੰਦਾ ਹੋਇਆ, ਸਾਹਿਬੇ ਸਦਰ, ਮੈਂ ਕੇਵਲ ਇਕ ਦੋ ਮਹਿਕਮਿਆਂ ਬਾਰੇ ਹੀ ਕੁਝ ਗੱਲਾਂ ਆਪਨੂੰ ਦੱਸ ਕੇ ਇਹ ਸਾਬਤ ਕਰਨਾ ਚਾਹੁੰਦਾ ਹਾਂ ਕਿ ਅਸਲ ਵਿਚ ਇਹ ਸਰਕਾਰ ਕਿੰਨੀ ਕੁ ਗੈਰ ਫਿਰਕਾ-ਪ੍ਰਸਤ ਅਤੇ secular ਹੈ । ਮਿਸਾਲ ਦੇ ਤੌਰ ਪੁਰ ਤੁਸੀਂ ਬਿਜਲੀ ਦੇ ਮਹਿਕਮੇ ਨੂੰ ਹੀ ਲੈ ਲਉ । ਉਸ ਵਿਚ ਚੀਫ ਇੰਜਨੀਅਰ ਇਕ ਹੈ ਜਿਹੜਾ ਕਿ minority community ਦਾ ਨਹੀਂ । Superintending Engineers ਵੀ 4 ਹਨ ਜਿਨਾਂ ਵਿਚੋਂ minority community ਦਾ ਕੋਈ ਨੁਮਾਇੰਦਾ ਨਹੀਂ । Electrical Inspector ਇਕ ਹੈ ਜਿਹੜਾ Minority Community ਦਾ ਹੈ । Executive Engineers Residential Engineers 28 ਹਨ ਜਿਨਾਂ ਵਿਚੋਂ ਕੇਵਲ 7 ਹੀ minority community ਦੇ ਹਨ । 15 Assistant Engineers Class I ਵਿਚੋਂ ਵੀ ਸਿਰਫ 6 minority community ਨੂੰ belong ਕਰਦੇ ਹਨ । ਇਕ Accounts Officer ਅਤੇ ਇਕ Tarrif Officer ਹੈ ਜਿਹੜੇ ਕਿ ਦੋਵੇਂ ਹੀ majority community ਦੇ ਹਨ । second Class Assistant Engineers ਦੀਆਂ 41 ਪੋਸਟਾਂ ਹਨ ਜਿਨ੍ਹਾਂ ਵਿਚੋਂ ਕੇਵਲ 13 ਬੰਦੇ ਹੀ ਐਸੇ ਹਨ ਜਿਹੜੇ minority community ਦੇ ਹਨ । ਇਹਨਾਂ ਅੰਕਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਕੋਈ ਵੀ ਆਦਮੀ ਇਹ ਕਹਿ ਸਕਦਾ ਹੈ ਕਿ minority community ਲਈ ਇਸ ਮਹਿਕਮੇ ਵਿਚ ਤਰੱਕੀ ਦਾ ਕੋਈ scope ਨਹੀਂ । ਮੈਂ ਸਾਰੀਆਂ ਮਨਿਸਟਰੀਆਂ ਬਾਰੇ ਇਹ ਨਹੀਂ ਕਹਿੰਦਾ ਪਰ ਇਸ ਡੀਪਾਰਟਮੈਂਟ ਦੇ ਅੰਕੜੇ ਆਪ ਦੇ ਸਾਹਮਣੇ ਹਨ । ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸ ਹਦ ਤਕ ਫਿਰਕਾਪ੍ਰਸਤੀ ਦੀ ਆੜ ਲਈ ਜਾ ਰਹੀ ਹੈ । ਸਪੀਕਰ ਸਾਹਿਬ ! ਇਸ ਮਹਿਕਮੇ ਦੇ ਹਾਲਾਤ ਨੂੰ ਪਰਖਣ ਤੇ ਸਾਫ ਪਤਾ ਲਗਦਾ ਹੈ ਕਿ minority community ਦੇ members ਲਈ high position ਲੈਣਾ ਕੇਵਲ ਇਕ ਮੁਸ਼ਕਿਲ ਹੀ ਨਹੀਂ ਬਲਕਿ ਇਕ ਨਾਮੁਮਕਿਨ ਗਲ ਹੈ । ਕੀ ਇਸ ਫਿਰਕਾਪ੍ਰਸਤੀ ਵਲ ਸਰਕਾਰ ਨੂੰ ਧਿਆਨ ਨਹੀਂ ਦੇਣਾ ਚਾਹੀਦਾ ? ਮੈਂ, ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਜਿਹੜੇ ਅਫਸਰ ਫਿਰਕਾਪ੍ਰਸਤ ਹਨ ਜਾਂ ਫਿਰਕਾਪ੍ਰਸਤੀ ਦੀ ਸ਼ਹਿ ਵਿਚ ਇਸ ਤਰਾਂ ਦੀਆ ਗੱਲਾਂ ਕਰਦੇ ਹਨ ਉਨ੍ਹਾਂ ਦੇ ਖਿਲਾਫ ਚੰਗੀ ਤਰਾਂ action ਲਿਆ ਜਾਵੇ ਅਤੇ ਉਨ੍ਹਾਂ ਨੂੰ ਸੰਗੀਨ ਤੋਂ ਸੰਗੀਨ ਸਜ਼ਾ ਦਿਤੀ ਜਾਵੇ ।

ਇਸੇ ਮਹਿਕਮੇ ਵਿਚ ਲੋਕਾਂ ਨੂੰ ਇਕ ਹੋਰ ਬੜੀ ਭਾਰੀ ਸ਼ਿਕਾਇਤ ਹੈ । ਜਦੋਂ ਇਸ ਮਹਿਕਮੇ ਵਿਚ clerical staff ਦੀ disintegration ਬਾਰੇ ਫੈਸਲਾ ਕੀਤਾ ਗਿਆ ਸੀ ਤਾਂ ਉਸ ਉਪਰ ਸੋਚ ਵਿਚਾਰ ਕਰਨ ਲਈ ਘੋਂਲਕੋਟ ਵਿਚ 15 ਫਰਵਰੀ 1953 ਨੂੰ ਇਸ

[ਸਰਦਾਰ ਗੋਪਾਲ ਸਿੰਘ]

ਮਹਿਕਮੇ ਦੇ ਅਫਸਰਾਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਸਾਰੇ ਮਹਿਕਮੇ ਦੇ Head ਅਤੇ Circle Offices ਦੇ staff ਨੂੰ disintegrate ਕਰਨ ਤੋਂ ਪਹਿਲਾਂ Legal Remembrancer ਦੀ ਰਾਇ ਲਿਤੀ ਜਾਵੇ ਕਿ ਆਇਆ ਇਹ ਫੈਸਲਾ ਗੈਰ ਕਾਨੂੰਨੀ ਤਾਂ ਨਹੀਂ । ਸੋ Legal Remembrancer ਦੀ ਰਾਇ ਇਹ ਸੀ ਕਿ ਚੀਫ ਇੰਜੀਨੀਅਰ ਇਸ ਮਾਮਲੇ ਵਿਚ ਉਤਨੀ ਦੇਰ ਤਕ ਆਪਣਾ ਹੁਕਮ ਵਾਪਸ ਲੈ ਲਵੇ ਜਿਤਨੀ ਦੇਰ ਤਕ ਕਿ ਸਟੇਟ ਦੀ ਅਸੈਂਬਲੀ ਰੂਲਜ਼ ਵਿਚ ਤਰਮੀਮ ਨਹੀਂ ਕਰ ਲੈਂਦੀ । ਪਰ ਬੜੇ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਬਿਨਾਂ ਇਸ ਤਰਾਂ ਦੀ ਕਿਸੇ ਤਰਮੀਮ ਦੇ ਮਨਿਸਟਰ ਸਾਹਿਬ ਨੇ ਇਸ ਫੈਸਲੇ ਨੂੰ uphold ਕਰ ਦਿਤਾ ਜਿਸਦਾ ਇਹ ਨਤੀਜਾ ਹੋਇਆ ਹੈ ਕਿ Head Office ਆਪਣੇ junior ਅਫਸਰਾਂ ਨੂੰ ਤਰੱਕੀਆਂ ਦਿਦਾ ਜਾ ਰਿਹਾ ਹੈ ਅਤੇ circle staff ਵਿਚ ਜਿਹੜੇ senior ਅਫਸਰ ਬੈਠੇ ਹੋਏ ਹਨ ਉਨ੍ਹਾਂ ਦੀਆਂ ਤਰੱਕੀਆਂ ਦੀ ਹਕਤਲਫੀ ਕੀਤੀ ਗਈ ਹੈ ।

ਇਸ ਤੋਂ ਬਾਅਦ, ਪ੍ਰਧਾਨ ਜੀ, ਮੈਂ ਹੁਣ ਕਿਸੇ ਦੂਜੇ ਮਹਿਕਮੇ ਵਲ ਆਉਂਦਾ ਹਾਂ । ਇਸ ਵਾਰੀ ਪੁਲਿਸ ਦੇ ਮਹਿਕਮੇ ਲਈ ਬਹੁਤ ਸਾਰਾ ਰੁਪਿਆ ਰਖਿਆ ਗਿਆ ਹੈ । ਇਕ ਪਾਸੇ ਤਾਂ ਗਵਰਨਰ ਸਾਹਿਬ ਨੇ ਵੀ ਆਪਣੀ ਤਕਰੀਰ ਵਿਚ ਫਰਮਾਇਆ ਸੀ ਕਿ ਸੰਨ 1951 ਦੀ ਨਿਸਬਤ ਸੰਨ 1952 ਵਿਚ ਚਾਰ ਹਜ਼ਾਰ ਜੁਰਮ ਘਟ ਹੋਏ । ਅਤੇ ਸਨ 1952 ਦੀ ਨਿਸਬਤ ਸਨ 1953 ਵਿਚ ਅਠ ਹਜ਼ਾਰ ਜੁਰਮ ਘਟ ਹੋਏ । ਪਰ ਜੇ ਮੈਂ ਤਸਵੀਰ ਦੇ ਦੂਜੇ ਰੁਖ ਵਲ ਝਾਤੀ ਪਾਉਂਦਾ ਹਾਂ ਤਾਂ ਇਹ ਵੇਖ ਕੇ ਮੈਨੂੰ ਬੜਾ ਦੁਖ ਹੁੰਦਾ ਹੈ ਕਿ ਇਸ ਜਨਤਾ ਦੀ ਆਪਣੀ ਸਰਕਾਰ ਕਹਿਲਾਉਣ ਵਾਲੀ ਹਕੂਮਤ ਨੇ ਥਾਂ ਥਾਂ ਤੇ ਤਾਜ਼ੀਰੀ ਚੌਕੀਆਂ ਬਿਠਾਈਆਂ ਹੋਈਆਂ ਹਨ । ਇਸੇ ਤਰਾਂ ਮੇਰੀ constituency ਵਿਚ ਧਰਕਾ ਝੰਡ ਪਿੰਡ ਵਿਚ Punitive Police Post establish ਕੀਤੀ ਹੋਈ ਹੈ ਅਤੇ ਉਸ ਲਈ 18 ਹਜ਼ਾਰ ਰੁਪਿਆ ਲੋਕਾਂ ਕੋਲੋਂ ਵਸੂਲ ਕੀਤਾ ਜਾ ਰਿਹਾ ਹੈ । ਪ੍ਰਧਾਨ ਜੀ ! ਜਿਨ੍ਹਾਂ ਲੋਕਾਂ ਦਾ ਆਪਣੀ ਰੋਟੀ ਦਾ ਵੀ ਗੁਜ਼ਾਰਾ ਨਹੀਂ ਹੁੰਦਾ ਉਹ ਇਸ ਜੁਰਮਾਨੇ ਨੂੰ ਕਿਵੇਂ ਤਾਰਨਗੇ ? ਇਸ ਗਲ ਨੂੰ ਪੁਲਿਸ ਵੀ ਮੰਨਦੀ ਹੈ ਕਿ ਇਸ ਵੇਲੇ ਜਿਹੜੇ ਲੋਕੀ ਉਸ ਪਿੰਡ ਵਿਚ ਰਹਿੰਦੇ ਹਨ ਉਨ੍ਹਾਂ ਵਿਚੋਂ ਕੋਈ ਵੀ ਡਾਕੂ ਨਹੀਂ । ਹਾਂ ਜੇਕਰ ਉਥੇ ਡਾਕੂਆਂ ਦਾ ਕੋਈ element ਹੁੰਦਾ ਤਾਂ ਫਿਰ ਇਹ action ਕਾਬਲੇ ਇਹਤਰਾਮ ਸੀ । ਪੁਲਿਸ ਨੇ ਜਿਹੜੀ ਰੀਪੋਰਟ ਦਿਤੀ ਉਸ ਵਿਚ ਇਹ ਕਿਹਾ ਗਿਆ ਸੀ ਕਿ ਇਕ ਸਰਦਾਰ ਅਵਤਾਰ ਸਿੰਘ ਜਿਹੜਾ ਕਿ ਫੌਜ ਵਿਚ ਭਰਤੀ ਸੀ ਮਫ਼ਰੂਰ ਹੈ ਇਸ ਲਈ ਇਥੇ ਤਾਜ਼ੀਰੀ ਚੌਕੀ ਬਿਠਾ ਦਿਤੀ ਜਾਵੇ । ਸਪੀਕਰ ਸਾਹਿਬ ! ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਰਦਾਰ ਅਵਤਾਰ ਸਿੰਘ ਦਾ ਇਸ ਇਲਾਕੇ ਨਾਲ ਕੋਈ ਸਬੰਧ ਨਹੀਂ । ਜਦ ਅਸਲੀ position ਇਹ ਹੈ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਹੜੀ logic ਹੈ ਕਿ ਜਿਸਦੇ ਅਨੁਸਾਰ ਇਹ ਕਾਰਵਾਈ ਕੀਤੀ ਗਈ ਹੈ ਕਿ "ਕਰੇ ਕੋਈ ਤੇ ਭਰੇ ਕੋਈ" । ਅਵਤਾਰ ਸਿੰਘ military ਦਾ deserter ਹੋਵੇਗਾ ਪਰ ਇਨ੍ਹਾਂ ਪਿੰਡਾਂ ਵਾਲਿਆਂ ਨਾਲ ਇਸ ਤਰਾਂ ਦਾ ਕਠੋਰ ਵਿਹਾਰ ਕਿਉਂ ?

ਇਸੇ ਤਰਾਂ ਨਾਲ ਸੋਰਾਣਾ ਨਾਉਂ ਦੀ ਇਕ ਜਗਾਹ ਜਗਰਾਵਾਂ constituency ਵਿਚ ਹੈ । ਉਥੇ ਸੂਆ ਟੁਟਣ ਦੇ ਇਲਜ਼ਾਮ ਵਿਚ ਪਿੰਡ ਵਾਲਿਆਂ ਉਤੇ ਤਾਵਾਨ ਲਗਾ ਦਿਤਾ ਗਿਆ । ਪਿੰਡ ਵਾਲਿਆਂ ਅਪੀਲ ਕੀਤੀ ਕਿ ਇਹ ਸੂਆ ਅਸਾਂ ਕਿਸੇ ਨਹੀਂ ਤੋੜਿਆ ਆਪਣੇ

ਆਪ ਹੀ ਟੁਟ ਗਿਆ ਸੀ। ਬੜੀ ਮੁਸ਼ਕਲ ਨਾਲ ਉਸ ਤਾਵਾਨ ਨੂੰ ਘਟ ਕੀਤਾ ਗਿਆ। ਇਹ ਤਾਂ ਹਾਲ ਹੈ, ਸਪੀਕਰ ਸਾਹਿਬ, ਇਸ administration ਦਾ !

ਇਸਤੋਂ ਇਲਾਵਾ, ਸਪੀਕਰ ਸਾਹਿਬ, ਕੇਵਲ ਫ਼ਿਰਕਾਦਾਰੀ ਹੀ ਨਹੀਂ ਬਲਕਿ ਗਵਰਨਮੈਂਟ ਦੇ ਮਾਮਲਿਆਂ ਵਿਚ ਹਰ ਗਲ ਵਿਚ ਸ਼ਹਿਰੀ ਅਤੇ ਦਿਹਾਤੀ ਦੇ ਸਵਾਲ ਦਾ ਵੀ ਖਾਸ ਖਿਆਲ ਰਖਿਆ ਜਾਂਦਾ ਹੈ । punitive post ਬਠਾਉਣ ਵਿਚ ਵੀ ਇਸ discrimination ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਂਦਾ । ਕਿਸੇ ਪਿੰਡ ਵਿਚ ਇਕ ਵੀ ਕਤਲ ਹੋ ਜਾਵੇ ਤਾਂ ਤਾਜ਼ੀਰੀ ਚੌਕੀ ਬਿਠਾ ਦਿਤੀ ਜਾਂਦੀ ਹੈ ਪਰ ਅੰਮ੍ਰਿਤਸਰ ਜਿਹੇ ਸ਼ਹਿਰ ਵਿਚ ਘੰਟਾ ਘਰ ਦੀ locality ਵਿਚ ਦਿਨ ਦਿਹਾੜੇ ਚਾਰ ਵਜੇ ਇਕ ਕਤਲ ਹੁੰਦਾ ਹੈ ਫਿਰ ਵੀ ਉਸਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ! ਲੁਧਿਆਣਾ ਮਾਡਲ ਟਾਊਨ ਵਿਚ ਇਕ ਆਦਮੀ ਦਾ ਕਤਲ ਹੋ ਜਾਂਦਾ ਹੈ ਪਰ ਕੋਈ ਕਾਰਵਾਈ ਇਸ ਤਰਾਂ ਦੀ ਨਹੀਂ ਕੀਤੀ ਜਾਂਦੀ ਜਦੋਂ ਕਿ ਪਿੰਡਾਂ ਵਿਚ ਛੋਟੀ ਜਿਹੀ ਗਲ ਦਾ ਪਹਾੜ ਬਣਾ ਕੇ ਪੁਲਿਸ ਚੌਕੀ ਬਿਠਾ ਦਿਤੀ ਜਾਂਦੀ ਹੈ। ਇਸਲਈ ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਇਸ ਤਰਾਂ ਦੀ discrimination ਬਿਲਕੁਲ ਨਾਵਾਜਿਬ ਅਤੇ ਗਲਤ ਹੈ । ਇਤਨਾ ਹੀ ਨਹੀਂ ਪੁਲਿਸ ਵਿਭਾਗ ਦੇ ਅਫਸਰ ਵੀ ਬੜੇ ਨਿਕੰਮੇ ਅਤੇ ਨਾਲਾਇਕ ਹਨ । ਰੋਹਤਕ ਵਿਚ ਕੀਤੇ ਗਏ ਜ਼ੁਲਮ ਇਨ੍ਹਾਂ ਦੇ ਕੌਮੀ ਜਜ਼ਬੇ ਦੀ ਖ਼ੁਦ ਮਿਸਾਲ ਹਨ । ਸਪੀਕਰ ਸਾਹਿਬ ! ਇਸ ਬਾਰੇ ਤੁਸੀਂ ਅੱਗੇ ਵੀ ਕਾਫ਼ੀ ਕੁਝ ਸੁਣ ਚੁਕੇ ਹੋ। ਉਥੇ ਇਕ ਦਰਜਨ ਔਰਤਾਂ ਨੂੰ rape ਕੀਤਾ ਗਿਆ ਸੀ ।

Chief Minister : No.

ਸਰਦਾਰ ਗੋਪਾਲ ਸਿੰਘ : ਚੀਫ਼ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਨਹੀਂ, ਇਹ ਨਹੀਂ ਹੋਇਆ। ਮੈਂ ਉਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਜੇ ਉਨ੍ਹਾਂ ਦੇ "no" ਵਿਚ ਕੋਈ force ਹੈ ਤਾਂ ਅਸੀਂ ਇਹ ਡੀਮਾਂਡ ਕਰਦੇ ਹਾਂ ਕਿ ਇਸ ਸਾਰੀ ਘਟਨਾਂ ਦੀ ਪੜਤਾਲ ਕਰਨ ਲਈ ਇਸ ਹਾਊਸ ਦੇ ਕੁਝ ਮੈਂਬਰਾਂ ਦੀ ਇਕ Enquiry Committee ਬਣਾਈ ਜਾਏ ਜਿਹੜੀ ਕਿ ਉਥੇ ਜਾਕੇ enquiry ਕਰੇ ਅਤੇ ਆਪਣੀ ਰੀਪੋਰਟ ਇਸ ਹਾਊਸ ਦੇ ਸਾਹਮਣੇ ਰਖੇ। ਕੇਵਲ ਉਸੇ ਕਮੇਟੀ ਦੀਆਂ findings ਤੋਂ ਹੀ ਪਤਾ ਲਗ ਸਕੇਗਾ ਕਿ ਗਵਰਨਮੈਂਟ ਕਿਥੋਂ ਤੀਕਰ ਸਹੀ ਹੈ। ਜੇ ਅਸੈਂਬਲੀ ਦੇ ਮੈਂਬਰਾਂ ਦੀ ਨਹੀਂ ਬਣਾਉਣੀ ਤਾਂ ਹਾਈ ਕੋਰਟ ਦੇ ਜੱਜਾਂ ਦੀ ਇਕ ਕਮੇਟੀ ਬਣਾ ਦਿਤੀ ਜਾਵੇ । ਪਰ ਜੇ ਉਹ ਇਨ੍ਹਾਂ ਦੋਹਾਂ ਚੀਜ਼ਾਂ ਵਿਚੋਂ ਕੋਈ ਵੀ ਗਲ ਕਰਨ ਲਈ ਤਿਆਰ ਨ ਹੋਣ ਤਾਂ ਫਿਰ ਇਨ੍ਹਾਂ ਦੀ ਇਹ 'No' ਬੇ ਮਹਿਨੇ ਹੋ ਜਾਵੇਗੀ ।

ਸਪੀਕਰ ਸਾਹਿਬ ! ਕਹਿਣ ਦੀ ਲੋੜ ਨਹੀਂ ਕਿ ਪੁਲਿਸ ਦੀ efficiency ਦਾ standard ਹੁਣ ਇਤਨਾ ਗਿਰ ਚੁਕਿਆ ਹੈ ਕਿ ਲੁਧਿਆਣੇ, ਚੌੜੇ ਬਾਜ਼ਾਰ ਦੀ ਮੰਡੀ ਵਿਚ ਡਾਕਾ ਪੈਂਦਾ ਹੈ। ਡਾਕੂ ਮਾਲ ਲੁਟਕੇ ਲੈ ਜਾਂਦੇ ਹਨ ਪਰ ਇਹ ਮੂੰਹ ਹੀ ਤਕਦੀ ਰਹਿ ਜਾਂਦੀ ਹੈ ਕੁਝ ਕਰ ਹੀ ਨਹੀਂ ਸਕਦੀ। ਰਾਹਜ਼ਨੀਆਂ ਹੁੰਦੀਆਂ ਹਨ, ਚੋਰੀਆਂ ਹੁੰਦੀਆਂ ਹਨ, ਪੁਲ ਦੀ ਆੜ ਵਿਚ ਬੈਠੇ ਡਾਕੂ ਰਾਹ ਜਾਂਦਿਆਂ ਲੋਕਾਂ ਦੇ ਬਾਇਸਿਕਲ ਖੋਹ ਲੈਂਦੇ ਹਨ ਪਰ ਪੁਲਿਸ ਕੁਝ ਨਹੀਂ ਕਰਦੀ। ਕੀ ਇਹ ਹੀ ਇਸ ਪੁਲਿਸ ਦੇ ਸੁਨਹਿਰੀ ਕਾਰਜ ਹਨ ਜਿਨਾਂ ਨੂੰ ਸਾਮ੍ਹਣੇ ਰਖ ਕੇ ਇਸ ਦੀ ਸ਼ਲਾਘਾ ਕੀਤੀ ਜਾਂਦੀ ਹੈ ? ਇਹ ਹੈ ਸਾਡੀ 'ਨੇਕ ਨਾਮ' ਪੁਲਿਸ ਜਿਸਦੇ ਲਈ ਇਤਨੀ ਭਾਰੀ ਰਕਮ ਮੰਗੀ ਗਈ ਹੈ !

[ਸਰਦਾਰ ਗੋਪਾਲ ਸਿੰਘ]

ਧਾਰਮਿਕ ਮਾਮਲਿਆਂ ਵਿਚ interfere ਕਰਨ ਤੋਂ ਵੀ ਇਹ ਸਰਕਾਰ ਬਾਜ਼ ਨਹੀਂ ਆਉਂਦੀ। ਜਿਸ ਵੇਲੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਬੈਠਕ ਸ੍ਰੀ ਅੰਮ੍ਰਿਤਸਰ ਵਿਚ ਹੋ ਰਹੀ ਸੀ, ਵਜ਼ੀਰਾਂ ਦੀ ਸ਼ਹਿ ਉਤੇ ਇਸ ਤੇ ਕਬਜ਼ਾ ਕੀਤਾ ਗਿਆ ਅਤੇ ਗਵਰਨਮੈਂਟ ਦੇ ਕਹਿਣ ਤੇ ਡਿਪਟੀ ਕਮਿਸ਼ਨਰ ਅਤੇ ਦੂਜੇ ਪੁਲਿਸ ਅਫ਼ਸਰਾਂ ਨੇ ਇਸ ਬਿਲਡਿੰਗ ਦੀ ਦੀਵਾਰ ਨੂੰ ਢਾਇਆ। ਬੋਗਸ ਈਲੈਕਸ਼ਨ (bogus election) ਕਰਵਾਈ ਅਤੇ ਬੋਗਸ (bogus) ਪ੍ਰੋਜ਼ੀਡੈਂਟ ਚੁਣਿਆ....।

अध्यक्ष महोदय : कृपा करके उन लोगों के खिलाफ, जो कि यहां हाऊस में अपने आप को defend नहीं कर सकते, कुछ भी कहने से परहेज़ करें ।

ਸਰਦਾਰ ਗੋਪਾਲ ਸਿੰਘ: ਪ੍ਰਧਾਨ ਜੀ ! ਉਨ੍ਹਾਂ ਨੇ ਜੋ ਕੁਝ ਕੀਤਾ, ਇਨ੍ਹਾਂ ਵਜ਼ੀਰਾਂ ਦੇ ਕਹਿਣ ਉਤੇ ਹੀ ਕੀਤਾ ਸੀ—ਆਪਣੇ ਆਪ ਨਹੀਂ। ਇਸਲਈ ਖ਼ੁਦ ਵਜ਼ੀਰ ਉਨ੍ਹਾਂ ਅਫ਼ਸਰਾਂ ਨੂੰ, ਜੇ ਉਹ ਕਰ ਸਕਦੇ ਹੋਣ ਤਾਂ, defend ਕਰਨਗੇ। ਖ਼ੈਰ, ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਉਸ ਧਾਰਮਿਕ ਮਾਮਲੇ ਵਿਚ ਨਾਜਾਇਜ਼ ਮਦਾਖ਼ਲਤ ਕਰਵਾ ਕੇ ਗਵਰਨਮੈਂਟ ਨੇ ਉਸ ਪੁਰ ਇਕ ਦੂਜੇ ਗਰੁਪ ਦਾ ਨਾਜਾਇਜ਼ ਕਬਜ਼ਾ ਕਰਵਾਇਆ। ਇਕ ਖ਼ਾਸ ਆਦਮੀ ਨੂੰ political sufferer ਕਰਾਰ ਦੇ ਕੇ ਉਸ ਨੂੰ 12 ਏਕੜ ਜ਼ਮੀਨ ਦਿਵਾਈ ਤੇ ਉਸ ਦੇ ਬਦਲੇ ਸ੍ਰੋ: ਅਕਾਲੀ ਦਲ ਦੇ ਖ਼ਿਲਾਫ਼ ਵੋਟ ਦਵਾਈ ਅਤੇ ਆਪਣੇ ਧੜੇ ਦੀਆਂ ਵੋਟਾਂ ਨੂੰ ਪੱਕਾ ਕੀਤਾ।

ਵਿਕਾਸ ਮੰਤ੍ਰੀ : ਇਹ ਬਿਲਕੁਲ ਗ਼ਲਤ ਹੈ।

ਸਰਦਾਰ ਗੋਪਾਲ ਸਿੰਘ : ਪ੍ਰਧਾਨ ਜੀ, ਜੋ ਮੈਂ ਕਹਿ ਰਿਹਾ ਸਾਂ ਉਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਦੀ ਪਾਲਿਸੀ (policy) ਬਿਲਕੁਲ ਉਹੀ ਹੈ ਜੋ ਕਿਸੇ ਜ਼ਮਾਨੇ ਭਾਰਤ ਵਿਚ ਅੰਗਰੇਜ਼ਾਂ ਦੀ ਰਹੀ ਸੀ ਯਾਨੀ "divide and rule"। ਇਹ ਲੋਕਾਂ ਵਿਚ ਫੁਟ ਪਾਕੇ ਆਪਣਾ ਰਾਜ ਕਾਇਮ ਰਖਣਾ ਚਾਹੁੰਦੇ ਹਨ।

ਇਨ੍ਹਾਂ ਸਾਰੀਆਂ ਗੱਲਾਂ ਦੇ ਇਲਾਵਾ ਵੀ, ਸਪੀਕਰ ਸਾਹਿਬ, ਫ਼ਾਈਨੈਂਸ ਮਨਿਸਟਰ ਸਾਹਿਬ ਨੇ ਆਪਣੀ ਤਕਰੀਰ ਵਿਚ ਬਹੁਤ ਕੁਝ ਕਿਹਾ। ਉਨ੍ਹਾਂ ਨੇ ਦਸਿਆ ਕਿ services ਵਿਚ ਅਛੂਤਾਂ ਦੀ representation 19% ਤੋਂ ਵਧਾ ਕੇ 21 per cent ਕਰ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਮੇਰੇ ਦੋਸਤ ਅਜ ਪੰਜਾਬ ਦੇ ਵਿਚ ਕੋਈ ਵੀ ਮਹਿਕਮਾ ਇਹੋ ਜਿਹਾ ਦਸਣ ਜਿਥੇ ਕਿ 21 per cent ਤਾਂ ਇਕ ਪਾਸੇ ਰਿਹਾ, ਇਕ per cent ਵੀ ਅਛੂਤ ਨੌਕਰ ਹੋਣ।

अध्यक्ष महोदय : अब तो कोई अछूत यहां रहा ही नहीं । आप अछूत न कहें । आप Scheduled Caste कह सकते हैं ।

ਸਰਦਾਰ ਗੋਪਾਲ ਸਿੰਘ : ਮੈਂ ਅਰਜ਼ ਕਰ ਰਿਹਾ ਹਾਂ ਕਿ ਕਿਸੇ ਵੀ ਮਹਿਕਮੇ ਵਿਚ Scheduled Caste ਦੇ ਲੋਕਾਂ ਨੂੰ 21 per cent ਤਾਂ ਕਿਧਰੇ ਰਿਹਾ ਇਕ per cent ਵੀ ਨੌਕਰੀਆਂ ਨਹੀਂ ਦਿਤੀਆਂ ਗਈਆਂ। ਆਪ ਥਾਣੇਦਾਰਾਂ ਵਿਚ ਦੇਖੋ, ਤਹਸੀਲਦਾਰਾਂ ਵਿਚ ਦੇਖੋ ਕਿਥ 19 per cent ਨੌਕਰੀਆਂ ਇਨ੍ਹਾਂ ਨੂੰ ਮਿਲੀਆਂ ਹਨ। ਆਪ ਗਿਰਦਾਵਰ ਕਾਨੂੰਨਗੋਆਂ ਅਤੇ ਪਟਵਾਰੀਆਂ ਵਿਚ ਦੇਖ ਲਵੋ ਜਿਥੇ ਕਿ ਉਨ੍ਹਾਂ ਨੂੰ ਅਸਾਨੀ ਨਾਲ ਰਖਿਆ ਜਾ ਸਕਦਾ ਹੈ ਉਥੇ ਵੀ ਉਹ 5 per cent ਤੋਂ ਵਧ ਨਹੀਂ

ਰਖੇ ਗਏ । ਇਹ ਕਹਿਣਾ ਕਿ Scheduled Castes ਨੂੰ 21 per cent ਸਰਕਾਰੀ ਨੌਕਰੀਆਂ ਦਿਤੀਆਂ ਜਾਣਗੀਆਂ ਇਹ ਉਨ੍ਹਾਂ ਨੂੰ ਕੇਵਲ ਬੇਵਕੂਫ ਬਨਾਉਣ ਵਾਲੀ ਬਲਕਿ ਨੁਕਸਾਨ ਪਹੁਚਾਉਣ ਵਾਲੀ ਗੱਲ ਹੈ। ਜਿਹੜਾ ਇਹ ਕਹਿਣਾ ਹੈ ਕਿ ਉਨ੍ਹਾਂ ਨੂੰ ਦਸ ਸਾਲਾਂ ਲਈ ਨੌਕਰੀਆ ਵਿਚ ਇਕ ਖਾਸ proportion ਤਕ ਥਾਵਾਂ ਦਿਤੀਆਂ ਜਾਨਗੀਆਂ ਅਤੇ ਉਨ੍ਹਾਂ ਨੂੰ ਹੋਰ ਰਿਆਇਤਾਂ ਵੀ ਦਿਤੀਆਂ ਜਾਨਗੀਆਂ, ਇਹ ਉਨ੍ਹਾਂ ਨਾਲ ਮਖੌਲ ਕਰਨ ਦੇ ਤੁਲ ਹੈ। ਜਿਹੜੀ ਜਮਾਤ ਦੇ ਲੋਕਾਂ ਨਾਲ ਹਜ਼ਾਰਾਂ ਸਾਲਾਂ ਤੋਂ ਜਾਨਵਰਾਂ ਵਾਂਗ ਵਰਤਾਓ ਕੀਤਾ ਗਿਆ ਹੋਵੇ ਅਤੇ ਉਨ੍ਹਾਂ ਨੂੰ ਇਨਸਾਨਾਂ ਦੀ ਸ਼੍ਰੇਣੀ ਵਿਚ ਨ ਗਿਨਿਆ ਜਾਂਦਾ ਹੋਵੇ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਲਈ ਦਸ ਸਾਲ ਦਾ ਸਮਾਂ ਬਹੁਤ ਥੋੜਾ ਹੈ। ਮੇਰੇ ਖਿਆਲ ਵਿਚ ਉਨ੍ਹਾਂ ਦਾ ਇਸ ਥੋੜ੍ਹੇ ਅਰਸੇ ਵਿਚ ਕੁਝ ਸੁਧਾਰ ਨਹੀਂ ਹੋ ਸਕਦਾ । ਹਾਂ, ਉਨ੍ਹਾਂ ਦਾ ਸੁਧਾਰ ਹੋ ਸਕਦਾ ਹੈ ਜੇਕਰ ਘਟ ਤੋਂ ਘਟ ਸੌ ਜਾਂ 50 ਸਾਲਾਂ ਵਿਚ ਇਹ right ਦਿਤੇ ਜਾਂਦੇ ਰਹਿਨ । ਸਰਕਾਰ ਦੀ ਤਰਫੋਂ ਇਹ ਇਲਾਨ ਕੀਤਾ ਗਿਆ ਹੈ ਕਿ ਹੁਨ ਅਛੂਤਾਂ ਨੂੰ ਜ਼ਿਮੀਂਦਾਰ ਬਣਾ ਦਿਤਾ ਜਾਵੇਗਾ ਇਹ ਠੀਕ ਹੈ ਕਿ ਉਨ੍ਹਾਂ ਨੂੰ ਜ਼ਮੀਨਾਂ ਦੇ ਬਗੈਰ ਓਸੇਤਰਾਂ ਜ਼ਿਮੀਦਾਰ ਬਨਾ ਦਿਤਾ ਜਾਵੇਗਾ । ਜਿਸ ਤਰਾਂ ਨਾਲ ਉਨ੍ਹਾਂ ਨੂੰ ਪੰਜੇਤਰੇ ਤੋਂ ਬਗੈਰ ਲੰਬਰਦਾਰ ਬਨਾਇਆ ਜਾ ਰਿਹਾ ਹੈ । ਸਰਕਾਰ ਵਲੋਂ ਜਦੋਂ ਇਹ ਇਲਾਨ ਕੀਤਾ ਗਿਆ ਕਿ ਹਰੀਜਨਾਂ ਵਿਚੋਂ ਲੰਬਰਦਾਰ ਬਨਾਇ ਜਾਨਗੇ ਤਾਂ ਹਰ ਪਿੰਡ ਵਿਚੋਂ ਦਸ ਦਸ ਪੰਦਰਾਂ ੨ ਹਰੀਜਨਾਂ ਨੇ ਦਰਖਾਸਤਾਂ ਦੇ ਦਿਤੀਆਂ ਪਰ ਉਨ੍ਹਾਂ ਵਿਚੋਂ ਹਾਲਾਂ ਤਕ ਕਿਸੇ ਨੂੰ ਵੀ ਲੰਬਰਦਾਰੀ ਨਹੀਂ ਮਿਲੀ । ਇਸ ਦੇ ਨਾਲ ਗਰੀਬ ਲੋਕਾਂ ਦਾ ਨੁਕਸਾਨ ਹੋ ਗਿਆ । ਸਾਡੇ Labour Minister ਸਾਹਿਬ ਨੇ ਕੁਝ ਦਿਨ ਹੋਇ ਹਨ ਲੁਧਿਆਨੇ ਜ਼ਿਲੇ ਦਾ ਦੌਰਾ ਕੀਤਾ ਸੀ ਤੇ ਉਨ੍ਹਾਂ ਨੇ ਉਥੇ ਲੋਕਾਂ ਨੂੰ ਇਹ ਕਿਹਾ ਸੀ ਕਿ ਜੇਕਰ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦੀਆਂ ਗੱਲਾਂ ਮਨ ਲਈਆਂ ਤਾਂ ਉਹ ਮਾਰੇ ਜਾਣਗੇ ।

ਫਿਰ ਸਰਕਾਰ ਦੀ ਤਰਫੋਂ ਇਹ ਕਿਹਾ ਗਿਆ ਸੀ ਕਿ ਪੰਜਾਬ ਵਿਚ ਜਿਹੜੇ ਡਿਪੋ ਸੱਨ ਉਨ੍ਹਾਂ ਵਿਚੋਂ 21 per cent ਡਿਪੋ ਵੀ ਇਨ੍ਹਾਂ Scheduled Castes ਨੂੰ ਦਿਤੇ ਜਾਨਗੇ । ਮੈਂ ਅਰਜ ਕਰਦਾ ਹਾਂ ਕਿ ਜਦੋਂ ਤਕ ਤਾਂ ਲੋਹੇ ਦੇ ਕੋਟਿਆਂ (Quotas) ਵਿਚ ਫਾਇਦਾ ਸੀ ਤਦ ਤਕ ਤਾਂ ਉਨ੍ਹਾਂ ਨੂੰ ਇਨ੍ਹਾਂ ਡਿਪੂਆਂ ਦੇ ਨੇੜੇ ਨਹੀ ਫੜਕਨ ਦਿਤਾ ਗਿਆ ਪਰ ਜਿਸ ਵੇਲੇ ਇਨ੍ਹਾਂ ਵਿਚ ਕੋਈ ਫ਼ਾਇਦਾ ਨਜ਼ਰ ਨਹੀ ਆਇਆ ਤਾਂ ਉਨ੍ਹਾਂ ਨੂੰ 21 per cent ਡਿਪੋ ਦੇਨ ਦਾ ਇਲਾਨ ਕਰ ਦਿਤਾ ਗਿਆ ਪਰ ਨਾਲ ਹੀ ਸਾਡੇ ਚੀਫ਼ ਮਨਿਸਟਰ ਸਾਹਿਬ ਨੇ control ਹਟਾਏ ਜਾਣ ਦਾ ਵੀ ਇਲਾਨ ਕਰ ਦਿਤਾ। ਮੈਨੂੰ ਯਾਦ ਆ ਗਿਆ ਕਿ ਇਕ ਹਰੀਜਨ ਵਿਚਾਰਾ ਮੇਰੇ ਪਾਸ ਵੀ ਡਿਪੋ ਲੇਣ ਲਈ ਆਇਆ ਸੀ। ਉਸ ਵਾਸਤੇ ਮੈਂ ਅਤੇ ਸਰਦਾਰ ਵਜ਼ੀਰ ਸਿੰਘ ਹੋਰਾਂ ਨੇ ਕੋਸ਼ਿਸ਼ ਵੀ ਕੀਤੀ ਸੀ। ਥੋੜੇ ਦਿਨਾਂ ਪਿਛੋਂ ਉਹ ਮੇਰੇ ਪਾਸ ਫਿਰ ਆਇਆ ਤੇ ਦਸਿਆ ਕਿ ਉਸ ਨੂੰ ਚਿਠੀ ਆਈ ਹੈ ਕਿ ਉਸ ਨੂੰ ਡਿਪੋ ਮਿਲ ਗਿਆ ਹੈ। ਨਾਲ ਹੀ ਉਸ ਨੇ ਇਹ ਗਲ ਵੀ ਕਹੀ ਕਿ ਸਰਦਾਰ ਜੀ ਇਕ ਗੱਲ ਭੈੜੀ ਵੀ ਹੋ ਗਈ ਹੈ ਓਹ ਇਹ ਕਿ ਸੁਣਿਆ ਗਿਆ ਹੈ ਕਿ rationing ਖ਼ਤਮ ਹੋ ਚਲਿਆ ਹੈ। ਤਾਂ ਮੈਂ ਉਸ ਨੂੰ ਇਹ ਕਿਹਾ ਕਿ ਇਸ ਚਿਠੀ ਨੂੰ ਸਾਂਭ ਰਖੋ ਕਿਉਂਕਿ ਇਹ ਉਸ ਦੇ ਕੰਮ ਆਵੇਗੀ ਜਦੋਂ ਵੀ ਉਸ ਨੂੰ ਜ਼ੁਕਾਮ ਜਾਂ ਖਾਂਸੀ ਹੋਈ (ਹਾਸਾ) ।

ਮਾਨਯੋਗ ਸਪੀਕਰ ਸਾਹਿਬ ਸਾਡੀ ਸਰਕਾਰ ਦੇ ਕੰਮ ਸਾਰੇ ਹੀ ਇਹੋ ਜਿਹੇ ਹੁੰਦੇ ਹਨ । ਹੁਣ ਮੈਂ ਸਭਾ ਦਾ ਧਿਆਨ ਪੰਜਾਬ ਦੀ ਜੰਤਾ ਦੀ civil liberties ਵਲ

[ਸਰਦਾਰ ਗੋਪਾਲ ਸਿੰਘ]
ਦਿਵਾਉਂਦਾ ਹਾਂ । Public Safety Act ਨੂੰ ਇਸ ਹਾਊਸ ਵਿਚ ਪੇਸ਼ ਕਰਦਿਆਂ ਹੋਇਆਂ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਇਸ ਐਕਟ ਦਾ ਇਸਤੇਮਾਲ ਸਰਕਾਰ ਖਾਸ ਖਾਸ ਹਾਲਤਾਂ ਵਿਚ ਕਰੇਗੀ । ਇਹ ਉਨ੍ਹਾਂ ਲੋਕਾਂ ਦੇ ਖ਼ਿਲਾਫ਼ ਵਰਤੋਂ ਵਿਚ ਲਿਆਵੇਗੀ ਜਿਹੜੇ ਫਿਤਨਾਗਰ ਜਮਾਤਾਂ ਨਾਲ ਸੰਬੰਧ ਰਖਦੇ ਹੋਣਗੇ, ਜਿਹੜੇ ਪੁਲਾਂ ਨੂੰ ਢਾਹਣ ਦਾ ਕੰਮ ਕਰਨਗੇ, ਜੇਹੜੇ ਤੋੜ ਫੋੜ ਦੇ ਕਮਾਂ ਵਿਚ ਵਿਸ਼ਵਾਸ ਰਖਦੇ ਹੋਣਗੇ । ਪਰ ਸਪੀਕਰ ਸਾਹਿਬ ! ਇਹ ਵਰਤੋਂ ਵਿਚ ਲਿਆਂਦਾ ਗਿਆ ਸੀ ਅਖਬਾਰਾਂ ਵਾਲਿਆਂ ਦੇ ਖਿਲਾਫ । ਇਸ ਦੇ ਮਾਤਿਹਤ ਮੇਰੇ ਉਤੇ "ਪ੍ਰਭਾਤ" ਅਖਬਾਰ ਦਾ ਐਡੀਟਰ ਹੋਣ ਦੀ ਹੈਸੀਅਤ ਵਿਚ ਦਸ ਮੁਕੱਦਮੇ ਚਲਾਇ ਗਏ ਸਨ। ਇਨ੍ਹਾਂ ਵਿਚੋਂ ਕੁਝ ਦਫਾ 124 ਅਲੱਫ ਜ਼ਾਬਤਾ ਫੌਜਦਾਰੀ (124-A. I. P. C.) ਦੇ ਹੇਠ ਤੇ ਬਾਕੀ Section 9 of the Public Safety Act ਦੇ ਥਲੇ ਸਨ, ਮੇਰੇ ਉਤੇ ਚਲਾਇ ਗਏ ਸਨ । ਉਸ ਮੌਕੇ ਉਤੇ ਅਮਰੀਕਾ ਦੇ ਅਖਬਾਰ New York Times ਨੇ ਵੀ ਪੜਚੋਲ ਕਰਦਿਆਂ ਹੋਇਆਂ ਲਿਖਿਆ ਸੀ ਕਿ ਪੰਡਤ ਜਵਾਹਰ ਲਾਲ ਨਹਿਰੂ ਦੇ ਮੁਲਕ ਦੀ democracy ਅਜਹੀ ਹੈ ਕਿ ਉਥੇ ਅਖਬਾਰ ਵਾਲਿਆਂ ਨੂੰ ਬਿਨਾ ਮੁਕਦਮੇ ਚਲਾਏ ਪਕੜ ਲਿਆ ਜਾਂਦਾ ਹੈ । ਇਸ ਦੇ ਪਿਛੋਂ ਸਾਡੇ ਚੀਫ਼ ਮਿਨਿਸਟਰ ਸਾਹਿਬ ਨੂੰ ਇਹ ਸਾਰੇ ਮੁਕਦਮੇ ਵਾਪਸ ਲੈਣੇ ਪਏ ਸੀ ।

ਸਾਹਿਬੇ ਸਦਰ ! ਅਸੀਂ ਇਕ ਸਰਹੱਦੀ ਸੂਬੇ ਵਿਚ ਵਸਦੇ ਹਾਂ । ਇਸ ਵੇਲੇ ਅਮਰੀਕਾ ਤੇ ਪਾਕਿਸਤਾਨ ਵਿਚ ਜਿਹੜੀ ਫੌਜੀ ਗਠ ਜੋੜ ਹੋਈ ਹੈ ਉਸ ਨੂੰ ਵੇਖਦਿਆਂ ਹੋਇਆਂ ਸਾਡੀ ਖਾਹਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਸਬ ਮਿਲ ਕੇ ਆਪਣੇ ਸੂਬੇ ਨੂੰ ਮਜ਼ਬੂਤ ਬਨਾਈਏ । ਇਸ ਗਲੋਂ ਪਾਕਿਸਤਾਨ ਦੀ ਸਰਕਾਰ ਮਜ਼ਬੂਤ ਤੇ ਹੋਸ਼ਿਆਰ ਨਿਕਲੀ ਹੈ ਕਿ ....

Mr. Speaker: The hon. Member should not discuss the U.S.A.'s Military aid to Pakistan. It has got nothing to do with the Punjab Government.

ਸਰਦਾਰ ਗੋਪਾਲ ਸਿੰਘ : ਸਾਹਿਬੇ ਸਦਰ ! ਅਸੀ Law and Order ਤਾਂ discuss ਕਰ ਸਕਦੇ ਹਾਂ । ਮੈਂ ਅਰਜ਼ ਕਰ ਰਿਹਾ ਹਾਂ ਕਿ ਜਦੋਂ ਸਾਡੇ ਦੇਸ਼ ਨੂੰ ਅਤੇ ਸਾਡੇ ਪਰਾਂਤ ਨੂੰ ਪਾਕਿਸਤਾਨ ਕੋਲੋਂ ਖਤਰਾ ਪੈਦਾ ਹੋਵੇ ਤਾਂ ਅਸੀਂ ਸਾਰੇ ਪੰਜਾਬੀ ਮਿਲ ਕੇ ਉਸ ਦਾ ਮੁਕਾਬਲਾ ਕਰੀਏ । ਪਰ ਇਥੇ ਸਾਡੀ ਗਵਰਨਮੈਂਟ ਦੀ ਹਾਲਤ ਹੋਰਨਾ ਦੇਸ਼ਾਂ ਦੀਆਂ ਸਰਕਾਰਾਂ ਨਾਲੋਂ ਵਖਰੀ ਹੈ। ਦੁਨੀਆ ਦੇ ਦੂਜੇ ਮੁਲਕਾਂ ਵਿਚ ਅਜਿਹੇ ਮੌਕੇ ਤੇ ਲੋਕਾਂ ਵਿਚ ਅਸਲਾ ਵੰਡਿਆ ਜਾਂਦਾ ਹੈ। Rifle Clubs ਖੋਲੀਆਂ ਜਾਂਦੀਆਂ ਹਨ ਤੇ ਜਦੋਂ ਕੋਈ ਖਤਰਾ ਪੇਸ਼ ਆਵੇ ਤਾਂ ਉਸ ਦਾ ਮਿਲ ਕੇ ਮੁਕਾਬਲਾ ਕੀਤਾ ਜਾ ਸਕਦਾ ਹੈ। ਪਰ ਇਥੇ ਅਸਲਾ ਵੰਡਣ ਦੀ ਥਾਂ ਅਗਲਾ ਵੀ ਖੋਹ ਲਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਗੁਰਦਾਸ ਪੁਰ, ਅੰਮਰਤਸਰ ਅਤੇ ਲੁਧਿਅਨੇ ਦੇ ਜ਼ਿਲਿਆਂ ਵਿਚ ਲੋਕਾਂ ਕੋਲੋਂ ਅਸਲਾ ਖੋਹਿਆ ਜਾ ਰਿਹਾ ਹੈ । ਜ਼ਰੂਰਤ ਇਸ ਵੇਲੇ ਇਸ ਗਲ ਦੀ ਹੈ ਕਿ ਸੂਬੇ ਦੀ ਹਾਲਤ ਨੂੰ ਬੇਹਤਰ ਬਣਾਇਆ ਜਾਵੇ ਤੇ ਇਹ ਬੇਹਤਰ ਬਨਾਉਣ ਦਾ ਕੰਮ ਹੈ ਸਰਕਾਰ ਦਾ ।

ਸਾਹਿਬੇ ਸਦਰ ! ਫਿਰ Finance Minister ਸਾਹਿਬ ਨੇ ਆਪਣੀ ਸਪੀਚ ਵਿਚ ਕਿਹਾ ਹੈ ਕਿ ਗਵਰਨਮੈਂਟ ਨੇ transport ਨੂੰ nationalize ਕਰਨਾ ਹੈ । ਮੈਂ

Transport nationalization ਦੇ ਬਾਰੇ ਵਿਚ ਗਵਰਨਮੇਂਟ ਦੇ ਅਪਣੇ ਅਖਬਾਰ Tribune ਦੇ ਵਿਚਾਰ ਹਾਉਸ ਨੂੰ ਪੜ੍ਹ ਕੇ ਸੁਣਾਂਦਾ ਹਾਂ।

"The question of Nationalisation of Transport, however, must be viewed in the light of contribution that private enterprise has made and is making in the development of road transport. Has the stage been reached when it can be thrown over-board without caring for the consequences ? Will it not be more advisable on the part of the Government to develop in the first instance undeveloped areas leaving private enterprise untouched for the present"

ਇਹ ਸਾਡੇ ਸੂਬੇ ਦਾ ਨੀਮ ਸਰਕਾਰੀ ਅਖਬਾਰ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਭਾਰੀ ਬੇਇਨਸਾਫੀ ਹੋਵੇਗੀ ਜੇਕਰ transport ਨੂੰ nationalize ਕੀਤਾ ਗਿਆ। ਇਸ ਬਾਰੇ ਲੋਕਾਂ ਦਾ ਖਿਆਲ ਹੈ ਕਿ ਇਸ ਸਕੀਮ ਦੀ ਤਹਿ ਹੇਠ ਵੀ communalism work ਕਰ ਰਿਹਾ ਹੈ।

ਹੁਣੇ ਪਿਛੇ ਜਿਹੇ PEPSU election ਹੋਈ ਸੀ ਤਾਂ ਸਾਡੇ ਇਕ ਵਜ਼ੀਰ ਸਾਹਿਬ ਨੇ ਲੁਧਿਆਣੇ ਤੇ ਰੋਪੜ Sub-division ਵਿਚੋਂ ਗਿਰਦਾਵਰਾਂ ਤੇ ਪਟਵਾਰੀਆਂ ਦੀ ਭਾਰੀ ਤਾਦਾਦ ਨੂੰ ਉਥੇ ਇਕ ਪਾਰਟੀ ਦੇ ਆਦਮੀਆਂ ਦੀ ਮਦਦ ਕਰਨ ਲਈ ਭੇਜਿਆ। ਸਾਡੇ ਇਕ ਵਜ਼ੀਰ ਸਾਹਿਬ ਤਾਂ ਐਲਾਨ ਕਰਦੇ ਸਨ ਕਿ ਉਹ ਇਕ particular ਆਦਮੀ ਨੂੰ elect ਨਹੀਂ ਹੋਣ ਦੇਣਗੇ। ਇਹ ਸਾਡੇ ਵਜ਼ੀਰਾਂ ਦਾ ਰਵਈਆ ਹੈ। ਸਾਹਿਬ ਸਦਰ ! ਇਸ ਬਜਟ ਵਿਚ ਆਮ ਲੋਕਾਂ ਦੀ ਭਲਾਈ ਲਈ ਕੁਝ ਨਹੀਂ ਕੀਤਾ ਗਿਆ। ਇਸਲਈ ਮੈਂ ਅਰਥ ਮੰਤਰੀ ਦਾ ਸ਼ੁਕਰੀਆ ਅਦਾ ਨਹੀਂ ਕਰ ਸਕਦਾ।

राम्रो गजराज सिंह (गुड़गांव) : श्रीमान् स्पीकर साहिब ! बजट पर जो अभी Opposition के लीडर साहिब ने तकरीर फ़रमाई है उसे सुन कर मुझे बड़ी हैरानी हुई है। मैं समझता हूं कि जब एक ठीक और सही बात कही जाये तो उस का असर होता है लेकिन अगर उसे गलत बयान किया जाये तो उस का असर नहीं हो सकता। आज इस बजट पर जो इस तरह की बहस हुई है वह शायद आज से छः साल पहले लाहौर में हुई होगी जब यह सोचा जाता था कि services में इस community की इतनी proportion हो और उस की इतनी। यहां तो proportion का सवाल नहीं है। सवाल यह है कि किस नज़रिये से हम ने इस बजट को देखना है।

मैं कोई गवर्नमैण्ट का apologist नहीं हूं लेकिन यह चीज़ तो दिखाई दे रही है कि यह बजट डिवैलपमैण्ट वाला और एक Welfare State का बजट है, पुलिस State का बजट नहीं है। पुराना रवैया तो हकूमत का यह था कि इन्तज़ाम किया जाये और डंडे के ज़ोर से किया जाये। उस में अब तबदीली आ गई है लेकिन expectation के मुताबिक पूरी बात नहीं हो सकी। अगर पूरी तरह राम राज्य स्थापित हो जाये तो शायद असैम्बली की भी ज़रूरत न रहेगी। इसलिए देखना यह चाहिये कि गवर्नमैंण्ट आगे जा रही है या पीछे।

मैं कोई ज्यादा लम्बी चौड़ी तकरीर नहीं करूंगा लेकिन आप का ध्यान Finance Minister की speech के सफ़ा 37 के पैरा 35 में दी गई figures की

[राम्रो गजराज सिंह]

तरफ दिलाता हूं। मैं इन figures को दोहराना नहीं चाहता। यहां पर Consolidation of Holdings, Local Development Works, National Extension Service, Community Project, etc., 6, 7 heads दिये हैं। इन के देखने से ही पता चल जाता है कि State किस तरफ जा रही है। इन पर बहस करने की जरूरत नहीं। इन figures को देखने के बाद भी अगर आप कहें कि यह एक development का बजट नहीं है तो क्या है ? मैं समझता हूं कि जहां तक गवर्नमैण्ट की policy का ताल्लुक है वह तो एक वैल्फ़ेयर स्टेट (Welfare State) की है। हां ; इस की execution में खामियां हो सकती हैं।

पालिसी के मुतअल्लिक अगर शिकायत हो सकती है तो वह दो जिलों अर्थात् कांगड़ा और गुड़गांव के मुतअल्लिक ही हो सकती है। (विघ्न)। बाकी जिलों जैसे जालन्धर डिवीजन, जहां कि top heavy administration है, के मुतअल्लिक अगर कम्यूनिस्ट भाई कुछ शिकायत करें तो यह उन की पालिसी के बमूजब होगा। जितना भी undeveloped area रहेगा उतनी ही discontentment भी रहेगी। (*Interruptions*) यह अहसान फरामोशी का सवाल नहीं है, हक का सवाल है। इन जिलों के मुअताल्लिक वाजे तौर पर रिकार्ड में लिखा है कि यह recruitment areas हैं। भूखा आदमी जल्दी cannon fodder बनने के लिये तैयार हो जाता है। इसलिय इन इलाकों को develop नहीं किया गया। दूसरी वजह इस की यह थी कि गदर के दिनों में अंग्रेज के मुकाबले में यहां के लोगों ने नुमायां काम किया था जब कि दूसरे इलाकों ने अंग्रेजों की मदद की थी। हमें इस की यह सजा मिली। लेकिन मैं गवर्नमैण्ट का मशकूर हूं कि इस ने अब भूखे लोगों की तरफ भी ध्यान देना शुरु किया है। गुड़गांव की खुशहाली के लिये हमारे काबिल Chief Engineer ने बड़ा काम किया है और स्कीमें बनाई हैं जिन्हें अमली शकल दी जा रही है। गुड़गांव प्राजैक्ट स्कीम के बारे में अमली कदम उठाने के लिये मैं मिनिस्टर साहिब का फिर मशकूर हूं। (तालियां) यह मदद अगर्चि उस मदद का 10 फी सदी बल्कि 1 फी सदी भी नहीं है जो कि इन जिलों की होनी चाहिये लेकिन यह right direction में एक कदम है। मसलन पीने के पानी के लिये sanitary grant दी गई है। जो लोग इधर गये हैं उन्हों ने देखा होगा कि सौ २ गांवों में पीने का पानी नहीं मिलता। महमान के आने पर फ़िक्र यह होती है कि पानी कहां से आयेगा ? खाने के मुतअल्लिक इतनी फ़िक्र नहीं होती। इस लिये इस तरफ यह अच्छी इब्तदा की गई है। फिर Education की grant है। जो लोग यह कहते हैं कि Education के लिये रखी गई रकम फालतू है वह ठीक नहीं कहते। मेरी यह दरखास्त है कि backward areas में Education को फैलाने की पालिसी की तरफ सरकार को खास ध्यान देना चाहिये।

इस पहलू से भी अगर हम बजट को ध्यान से देखें तो पता चलेगा कि यह एक development करने वाला और एक Welfare State का बजट है।

हां, अगर कोई ऐसे लोग हैं जो सोचते हैं कि अगर इन ज़िलों को मदद दी गई तो यह हमारे बराबर हो जायेंगे तो उन की इस जहनियत से हम पता लगा सकते हैं कि ऐसे लोग State और पार्टी के कितने बहीखाह हो सकते हैं। State की तरक्की तभी होगी जब इस के तमाम हिस्से तरक्की करें। अगर कुछ इलाके ऊपर न उठाये गये तो सारी स्टेट backward रह जायेगी—इस के मुतअल्लिक मैं इतना ही कह कर इक्तफा करूंगा।

फिर हमारे Finance Minister साहिब ने deficit budget पेश किया है और उस में 30 लाख रुपये की एक रकम Land Revenue से पूरी की गई है। इस से मुझे इत्तफ़ाक नहीं है। मैं अर्ज़ करूंगा कि पिछले सालों में जो बजट सामने आये उन में 90, 95 लाख रुपये के घाटे को uncovered छोड़ा जाता रहा था Land Revenue से पूरा करने की कोशिश नहीं की गई। पहले एक Taxation Enquiry Committee बनाई गई थी जिस ने All over India enquiry की और रिपोर्ट तैयार की, इस में हमारे Finance Minister बतौर गवाह पेश हुए थे। इस कमेटी ने जिस में प्रोफैसर बृज नारायन जैसे माहरे इक्तसादियात भी शामिल थे, फ़ैसला किया कि Land Revenue एक टैक्स नहीं बल्कि एक feudal estate का rent है। बिसवेदारों की तादाद कम है और ज़मींदारों की ज़्यादा। इसलिये माल गुज़ारी किसानों को देनी पड़ती है। इन के पास आगे ही कुछ नहीं होता—माल गुज़ारी देने के लिये इनके पास एक पैसा भी नहीं होता। अगर आप sliding scale पर चलें और छोटे बिसवेदारों को मामला ज़मीन के बोझ से मुसतस्ना कर दें तो अच्छा होगा। मामला ज़मीन मालगुज़ारी नहीं है। Unionist Government ने भी यही फैसला किया था। मैं यह अर्ज़ करना चाहता हूं कि इस का बोझ मालगुज़ारी पर डालना अच्छा नहीं। यह कांग्रेस की सही पालिसी नहीं है और न ही यह सरकार की पालिसी कहला सकती है।

इस के बन्दोबस्त के लिये अगर हम सही टाईप (type) के S. D. O. लगायेंगे और Settlement अफसर इमानदारी से काम करेंगे तो curruption दूर होगी और माल गुज़ारी का बोझ छोटे बिसवेदारों पर कम हो जायगा। अगर इस बात पर सरकार ज़मीन की consolidation से पहले ग़ौर कर लिया करे तो यह बात मुमकिन हो सकती है। मगर इस बात की indication बजट में नहीं है। ऐसा मालूम होता है कि यह बजट ready and rough method से तैयार किया गया है। मैं यह अर्ज़ करना चाहता हूं कि छोटे बिसवेदारों पर जो बोझ हो रहा है इस की तरफ ध्यान दिया जाए।

इस में शक नहीं कि गवर्नमैण्ट ने रिश्वत को दूर करने के लिये anti-corruption measures adopt किए हैं लेकिन यह अब भी continue कर रहीं है। जो कि इस method से दूर नहीं की जा सकती। consolidation के बारे में corruption की वजह यह है कि इस में छोटे २ पटवारियों और तहसीलदारों को rapid promotions दी गई हैं। नालायक तहसीलदारों को

[राम्रो गजराज सिंह]

Sub-Divisional Officer, Settlement Officer और Consolidation Officers बना दिया गया है। यह भी एक किस्म की corruption है। मैं Development Minister साहिब से दरखास्त करूंगा कि वह इस बात का ख्याल रखें कि उन आदमियों को तरक्की दी जाए जो consolidation के काम से अच्छी तरह वाकिफ़ हों ताकि वह सरकार की इस तरफ की कोशिशों को पूरा कर सकें।

इसी तरह ही पुलिस का महकमा है। हम देखते हैं कि आज तक वही अफसर हैं—वही Superintendent Police, Senior Grade Superintedent, Police हैं जो कि जाबराना period में थे। अंग्रेज़ों के वक्त जो Sub-Inspector थे उन को तरक्की देकर Superintendent, Police और इस से भी बड़े ओहदों पर लगा दिया गया है। उन के हाथों में पुलिस की सारी ताकत है और वह इस का अपनी मर्जी से इस्तेमाल कर रहे हैं। गवर्नमैण्ट को ऐसे लोगों पर और इन की कार्रवाईयों पर vigilant eye रखनी चाहिये और strict control करना चाहिए ताकि उन्हें उन के जाबराना तरीकों से check किया जाये। इस में शक नहीं कि उन की तनखाहें बढ़ा दी गई हैं लेकिन मैं समझता हूं कि वह तनखाहें कम होने की वजह से रिश्वत लेने पर मजबूर थे। मगर अब हमें इस बात का ख्याल रखना चाहिये कि इन से corruption दूर हो जाये और हमारी पुलिस एक ideal पुलिस बन जाये।

तीसरा महकमा जिस में बहुत रिश्वत चलती रही है और जो सब से ज्यादा बदनाम है वह Civil Supplies Department है। अब जब कि इस Department को तोड़ा जा रहा है मैं चाहता हूं कि उन अफ़सरों को जिन की वजह से यह डिपार्टमेंट बदनाम हुआ है दुबारा employ न किया जाये। इस से मेरा यह मतलब नहीं कि इस महकमे के सब के सब लोग बेईमान या corrupt थे लेकिन इस बात से इनकार नहीं किया जा सकता कि 80 या 90 प्रतिशत अफ़सर corrupt थे। इस महकमे में जो थोड़े बहुत ईमानदार अफ़सर हैं उन को दूसरी जगहों पर employ किया जा सकता है और जिन के बारे में रायआमां सख्त खिलाफ़ है उन को अगर employ कर लिया गया तो corruption को बढ़ने का और भी ज्यादा मौका मिलेगा।

इस के बाद मैं देखता हूं कि Civil Supplies Department के Officers को Community Pojects के मातहत employ किया जा रहा है। चूंकि इन स्कीमों से villages में development होनी है इसलिये अगर ऐसे अफ़सर वहां लगा दिय गये तो उन को लोगों की हमदर्दी या सहयोग न मिल सकेगा और वह national programme को मिल कर पूरा न कर सकेंगे। इसलिये मेरी यह suggestion है कि Community Project के महत्त्व के पेशे नज़र यह ज़रूरी है कि यहां पर ईमानदार अफ़सर लगाये जायें और ऐसा element लगाया जाय जो corruption से पाक हो।

एक और बात जिस के बारे में मैं ज़िक्र करना चाहता हूं वह Judiciary को Executive से separate करने के मुतअल्लिक है। इस का ज़िक्र फ़िनांस मिनिस्टर (Finance Minister) साहिब की बजट स्पीच में आया है। ठीक है कि गवर्नमेंट इस बात की ओर ध्यान दे रही है और यह एक अच्छा कदम उठाया जा रहा है मगर इस में एक lacuna नज़र आता है जो नहीं होना चाहिये। इस separation का ज़िक्र साफ़ तौर पर होना चाहिये। मेरी तजवीज़ है कि Additional District Magistrate और Superintendent Police मैजिस्ट्रेटों की सालाना रिपोर्टें न लिखा करें। वरना यह Separation बे-मानी हो जायगी। मैं समझता हूं कि इन की रिपोर्टें सैशन जज लिखा करें। Superintendent Police की domination से Judiciary separate नहीं होती। रिपोर्टें लिखने वाली अगर Executive ही रहे तो यह separation नहीं कहला सकती।

ठीक इसी तरह हमारे बराबर की स्टेट पैप्सू में राजाशाही के ज़माने में Judiciary को Executive से separate करने का फ़ैसला किया गया था। अब तो हिन्दुस्तान के आईन में भी यह रखा गया है कि Judiciary को Executive से अलग करने के लिये सूबाई हकूमतें मुनासिब कदम उठायें। इसलिये मेरी गुज़ारिश है कि चीफ़ मिनिस्टर साहिब इस मामले पर खुद ज़रा और ध्यान दें। मैं चाहता हूं कि बेशक यह तजुरबा 6 की बजाये एक ज़िले में ही किया जाये मगर Judiciary को पूरे तौर पर आज़ादी दी जाये। मजिस्ट्रेटों को सैशन जजों और हाईकोर्ट के मातहत कर दिया जाये और prosecution स्टाफ़ को Advocate-General के मातहत कर दिया जाये। अगर ऐसा न किया गया तो यह सारी स्कीम illusory होकर रह जायगी।

एक बात decentralization के बारे में भी मैं अर्ज़ करना चाहता हूं और वह यह है कि यह अच्छा किया गया है कि तहसीलों को Sub-Division बनाया जा रहा है और हैडक्वाटर्ज़ में 8—10 अफ़सर काम करेंगे। मगर इन्सान से गलती हो सकती है और इन अफ़सरों से भी। इस लिये हमें कोशिश करनी चाहिये कि राज्य का prestige कायम रखने के लिये ऐसे अफ़सर लगाए जायें जिन की integrity above board हो और जिन पर कोई शक न कर सके ताकि यह experiment सफल हो। अगर ग़लत किस्म के आदमी लिये गये तो वह गलत काम करेंगे और गवर्नमेंण्ट की बदनामी का बाइस होंगे।

स्पीकर साहिब! मजमूही तौर पर, इस बजट में खामियां तो ज़रूर हैं मगर मैं समझता हूं कि चाहे कोई भी पार्टी administration की बागडोर अपने हाथ में ले ले यह खामियां रहेंगी। लेकिन फिर भी जब मैं बजट की खूबियों को देखता हूं तो फिनांस मनिस्टर (Finance Minister) साहिब को मुबारकबाद दिये बिना नहीं रह सकता।

ਸਰਦਾਰ ਹਰਕਿਸ਼ਨ ਸਿੰਘ ਸੁਰਜੀਤ (ਨਕੋਦਰ) : ਪ੍ਰਧਾਨ ਜੀ ਇਸ ਬਜਟ ਦੇ ਸੰਬੰਧ ਵਿਚ ਫ਼ਾਈਨੈਂਸ ਮਨਿਸਟਰ (Finance Minister) ਦੀ ਸਪੀਚ ਅਤੇ ਫ਼ਾਈਨੈਂਸ ਸੈਕਰੇਟਰੀ ਦੇ ਮੈਮੋਰੈਂਡਮ ਵਿਚ ਚਾਰ ਗੱਲਾਂ ਬੜੀਆਂ ਉਘੇੜ ਕੇ ਦਸੀਆਂ ਗਈਆਂ ਹਨ।

[ਸਰਦਾਰ ਹਰਕਿਸ਼ਨ ਸਿੰਘ ਸੁਰਜੀਤ]

ਪਹਿਲੀ ਗਲ ਇਹ ਹੈ ਕਿ ਸਾਡੀ ਸਟੇਟ ਲਾ ਐਂਡ ਆਡਰ ਦੀ ਸਟੇਟ ਸੀ ਅਤੇ ਹੁਣ ਇਸ ਨੂੰ Development State ਬਣਾਇਆ ਜਾ ਰਿਹਾ ਹੈ। ਦੂਜੀ ਗਲ ਇਹ ਹੈ ਕਿ ਅਸੀਂ ਬੜੀ ਤੇਜ਼ੀ ਨਾਲ ਖੁਸ਼ਹਾਲੀ ਵਲ ਵਧ ਰਹੇ ਹਾਂ। ਤੀਜੀ ਗਲ ਇਸ ਵਿਚ ਇਹ ਦਸੀ ਗਈ ਹੈ ਕਿ ਸਰਕਾਰ ਨੇ adminisrtation ਦਾ ਖਰਚ ਘਟਾ ਕੇ ਲੋਕ ਭਲਾਈ ਦੇ ਕੰਮਾਂ ਤੇ ਖਰਚ ਵਧਾ ਦਿਤਾ ਹੈ। ਚੌਥੀ ਗਲ ਜੋ ਇਸ ਵਿਚ ਦਸੀ ਗਈ ਹੈ ਇਹ ਹੈ ਕਿ ਜ਼ਰਾਇਤ ਦੇ ਸੰਬੰਧ ਵਿਚ ਅਸਾਂ ਮੋਟੀਆਂ ਮੋਟੀਆਂ ਗਲਾਂ ਸਾਰੀਆਂ ਪੂਰੀਆਂ ਕਰ ਲਈਆਂ ਹਨ। ਅਤੇ ਹੁਣ ਸਨਅਤਾਂ ਦੀ ਤਰੱਕੀ ਵਲ ਧਿਆਨ ਕੀਤਾ ਹੈ।

ਮੈਂ ਇਹ ਸਮਝਦਾ ਹਾਂ ਕਿ ਬਜਟ ਵਿਚ ਅੰਕੜਿਆਂ ਦੀ ਹੇਰਾ ਫੇਰੀ ਕਰਕੇ ਸਾਨੂੰ ਗੁਮਰਾਹ ਕਰਨ ਦਾ ਯਤਨ ਕੀਤਾ ਗਿਆ ਹੈ। ਨਾਲ ਹੀ ਜੇਕਰ ਇਨ੍ਹਾਂ ਦੀਆਂ ਤਜਵੀਜ਼ਾਂ ਦੀ ਪੜਤਾਲ ਕੀਤੀ ਜਾਵੇ ਤਾਂ ਇਹਨਾਂ ਵਿਚ ਸਵੈ ਵਿਰੋਧ (self contradiction) ਮਿਲ ਜਾਂਦਾ ਹੈ। ਇਨ੍ਹਾਂ ਨੇ ਆਪ ਹੀ ਮੰਨਿਆ ਹੈ ਕਿ ਬੇਰੁਜ਼ਗਾਰੀ ਦਾ ਮਸਲਾ ਅਹਿਮ ਹੈ। ਇਨ੍ਹਾਂ ਨੇ ਇਹ ਵੀ ਤਸਲੀਮ ਕੀਤਾ ਹੈ ਕਿ ਮੁਜ਼ਾਰਿਆਂ ਦੀ ਸਮਸਿਆ ਦਾ ਅਜੇ ਮੁਨਾਸਿਬ ਹਲ ਨਹੀਂ ਹੋਇਆ। ਇਨ੍ਹਾਂ ਨੇ ਇਹ ਵੀ ਮੰਨਿਆ ਹੈ ਕਿ ਸਾਡੀਆਂ ਸਨਅਤਾਂ ਦੇ ਰਸਤੇ ਵਿਚ ਜੋ ਔਕੜਾਂ ਹਾਇਲ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਬੜੀ ਲੋੜ ਹੈ। ਇਨ੍ਹਾਂ ਗਲਾਂ ਨੂੰ ਮੁਖ ਰਖਦਿਆਂ ਹੋਇਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਇਨ੍ਹਾਂ ਵਿਰੋਧਤਾਈਆਂ ਦਾ ਬਜਟ ਵਿਚ ਕੋਈ ਹਲ ਨਹੀਂ।

ਸਪੀਕਰ ਸਾਹਿਬ ! development ਸੰਬਧੀ, ਜਿਵੇਂ ਅਸਾਂ ਪਿਛਲੇ ਬਜਟ ਦੀ ਬਹਿਸ ਵਿਚ ਦਸਿਆ ਸੀ, ਇਹ ਬੇਨਤੀ ਹੈ ਕਿ ਵਿਕਾਸ ਦਾ ਨਿਰਭਰ ਜੇਕਰ ਆਰਥਕਤਾ ਤੇ ਕੀਤਾ ਜਾਵੇ ਤਾਂ ਗਵਰਨਮੈਂਟ ਕਿਸ ਹਦ ਤਕ ਇਸ ਬਾਰੇ ਸਫਲ ਹੋ ਸਕਦੀ ਹੈ। ਪੈਦਾਵਾਰ ਦੀਆਂ ਸ਼ਕਤੀਆਂ ਮੁਤਹਰੱਕ ਕਰਨ ਲਈ ਪਲਾਨ (plan) ਕਰਨਾ ਅਤੇ development ਕਰਨਾ ਦੋ ਅਜਿਹੀਆਂ ਜ਼ਰੂਰੀ ਚੀਜ਼ਾਂ ਹਨ ਜੋ ਕਿ ਮੈਂ ਵੇਖਦਾ ਹਾਂ ਕਿ ਅਸਾਨੂੰ ਇਸ ਬਜਟ ਵਿਚ ਨਹੀਂ ਲਭਦੀਆਂ।

ਫਿਰ ਸਪੀਕਰ ਸਾਹਿਬ ! ਸਿਰਫ ਖਰਚੇ ਪਾਕੇ ਕਾਗਜ਼ਾਂ ਉਤੇ ਦਿਖਾ ਦਿਤਾ ਜਾਂਦਾ ਹੈ ਕਿ ਪੈਦਾਵਾਰ ਵਿਚ ਤਰੱਕੀ ਹੋਈ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੈਦਾਵਾਰ ਵਧਾਉਣ ਵਾਸਤੇ ਬਹੁਤ ਰੁਪਿਆ ਖਰਚ ਕੀਤਾ ਗਿਆ ਹੈ। ਅਤੇ ਇਸ ਗਲ ਦੀ ਬਿਨਾ ਤੇ ਸਾਡੇ ਸਾਹਮਣੇ ਬੈਠੇ ਮਿਤਰ ਤਾਰੀਫਾਂ ਦੇ ਪੁਲ ਬੰਨ੍ਹ ਦਿੰਦੇ ਹਨ ਕਿ ਬੜੀ ਤਰੱਕੀ ਹੋ ਰਹੀ ਹੈ। ਪਰ ਇਹ ਕੋਈ ਨਹੀਂ ਦਸਦਾ ਕਿ ਲੋਕਾਂ ਦੀ ਜ਼ਿੰਦਗੀ ਉਤੇ ਇਸ ਤਰੱਕੀ ਦਾ ਕੀ ਅਸਰ ਹੋਇਆ ਹੈ ਅਤੇ ਉਨ੍ਹਾਂ ਦੇ ਰਹਿਣ ਸਹਿਣ ਵਿਚ ਕਿੰਨਾ ਕੁ ਫਰਕ ਪਿਆ ਹੈ। ਅਗਰ ਉਨ੍ਹਾਂ ਦੀ ਜ਼ਿੰਦਗੀ ਅਤੇ ਰਹਿਣ ਸਹਿਣ ਵਿਚ ਕੋਈ ਫਰਕ ਪਿਆ ਤਾਂ ਫਿਰ ਕਿਵੇਂ ਮੰਨ ਲਿਆ ਜਾਵੇ ਕਿ ਪੈਦਾਵਾਰ ਵਧ ਗਈ ਹੈ। ਬੇਸ਼ਕ ਇਹ ਕਪੜੇ ਦੀ ਪੈਦਾਵਾਰ ਦੇ ਅੰਕੜੇ ਪੇਸ਼ ਕਰ ਸਕਦੇ ਹਨ ਅਤੇ ਕਰਨਗੇ ਪਰ ਮੈਂ ਪੁਛਾਂਗਾ ਕਿ ਫੇਰ handloom cloth ਨੂੰ ਕੀ ਮਾਰ ਪੈ ਗਈ ? ਪਿਛਲੇ ਹਫਤੇ ਇਥੇ handloom industry ਦੀ ਨੁਮਾਇਸ਼ ਹੋਈ ਸੀ। ਉਥੇ ਜਿਹੜੇ ਲੋਕੀ ਮਾਲ ਲੈਕੇ ਆਏ ਉਹ ਦੁਹਾਈ ਦਿੰਦੇ ਸੀ ਕਿ ਸਾਡਾ ਮਾਲ ਨਹੀਂ ਵਿਕਦਾ। ਆਖਰ ਇਹਦੀ ਵਜਹ ਕੀ ਹੈ ?

ਪ੍ਰਧਾਨ ਜੀ ! ਉਨ੍ਹਾਂ ਨੇ ਅੰਕੜੇ ਪੇਸ਼ ਕੀਤੇ ਹਨ ਕਿ ਸੂਬੇ ਵਿਚ ਕਾਰਖਾਨੇ ਵਧ ਗਏ ਹਨ ਅਤੇ ਮਜ਼ਦੂਰ ਵੀ ਵਧ ਗਏ ਹਨ ਜਿਸ ਦੇ ਨਾਲ ਉਨ੍ਹਾਂ ਦੇ ਖਿਆਲ ਵਿਚ ਬੇਕਾਰੀ ਘਟ ਗਈ ਹੈ। ਉਨ੍ਹਾਂ ਨੇ ਪਿਛਲੇ ਸਾਲ ਵੀ ਇਹੋ ਕੁਝ ਆਖਿਆ ਸੀ ਅਤੇ ਇਸੇ ਤਰ੍ਹਾਂ ਦੇ ਅੰਕੜੇ ਪੇਸ਼ ਕੀਤੇ ਸਨ। ਮਗਰ ਪਿਛਲੇ ਸਾਲ ਸਿਰਫ ਅੰਮ੍ਰਿਤਸਰ ਵਿਚ ਹੀ 10,000 ਮਜ਼ਦੂਰਾਂ ਨੂੰ ਬੇਰੁਜ਼ਗਾਰ ਕਰ

ਦਿਤਾ ਗਿਆ । ਮੇਰੇ ਦੋਸਤ ਆਖਰ ਇਸ ਗਲ ਨੂੰ ਕਿਉਂ ਨਹੀਂ ਮੰਨ ਲੈਂਦੇ ਕਿ ਕਪੜੇ ਦੀ ਪੈਦਾਵਾਰ ਅਤੇ ਕਾਰਖਾਨਿਆਂ ਦੀ ਤਰੱਕੀ ਮਜ਼ਦੂਰਾਂ ਦੀ cost ਤੇ ਹੋਈ ਹੈ । ਪਹਿਲੇ ਮਜ਼ਦੂਰ ਨੂੰ 4 ਆਨੇ ਫੀ ਰਛ ਮਿਲਦੇ ਹੁੰਦੇ ਸਨ ਅਤੇ ਹੁਣ ਉਸਦੀ ਕਮਾਈ 5 ਪੈਸੇ ਰਹਿ ਗਈ ਹੈ । ਅਸੀਂ ਇਸਨੂੰ ਤਰੱਕੀ ਨਹੀਂ ਕਹਿ ਸਕਦੇ । ਪਿਛਲੇ ਤਿੰਨ ਸਾਲਾ ਵਿਚ ਜਿੱਥੇ ਪੈਦਾਵਾਰ ਵਧੀ ਹੈ ਉਥੇ ਉਸ ਦੇ ਟੋਲ ਤੇ ਪਹੁੰਚਣ ਤੋਂ ਪਹਿਲਾਂ ਹੀ ਮੰਡੀ ਦਾ ਮੰਦਵਾੜਾ ਵੀ ਅਗੇ ਆ ਜਾਂਦਾ ਰਿਹਾ ਹੈ । ਲੋਕਾਂ ਦਾ ਸੰਕਟ ਵਧ ਰਿਹਾ ਹੈ ਅਤੇ ਹਾਲਤ ਬਹੁਤ ਮੰਦੀ ਹੋ ਰਹੀ ਹੈ । ਮੈਂ ਹੈਰਾਨ ਹਾਂ ਕਿ ਉਨ੍ਹਾਂ ਨੇ ਤਸਵੀਰ ਦਾ ਇਹ ਰੁਖ ਕਿਉਂ ਨਹੀਂ ਦਰਸਾਇਆ, ਇਕੋ ਪਾਸਾ ਕਿਉਂ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ ?

ਫੇਰ ਪ੍ਰਧਾਨ ਜੀ, Five-Year Plan ਨੂੰ finance ਕਰਨ ਦਾ ਸਵਾਲ ਵੀ ਬੜਾ ਅਹਿਮ ਤੇ ਜ਼ਰੂਰੀ ਹੈ । ਇਨ੍ਹਾਂ ਨੇ plan ਨੂੰ finance ਕਰਨ ਵਾਸਤੇ ਦੋ ਤਰੀਕੇ ਵਰਤੇ ਹਨ । ਇਕ taxation ਤੇ ਦੂਜਾ deficit financing । ਜਿਥੋਂ ਤਕ taxation ਦਾ ਤਅੱਲਕ ਹੈ ਇਨ੍ਹਾਂ ਨੇ Betterment Levy ਲਗਾ ਕੇ ਲੋਕਾਂ ਉਤੇ ਹਦ ਤੋਂ ਜ਼ਿਆਦਾ ਬੋਝ ਪਾ ਦਿੱਤਾ ਹੈ । ਫਿਰ ਆਬਪਾਸ਼ੀ ਤੇ tax, ਬਿਜਲੀ ਉਤੇ tax ਅਤੇ ਇਸੇ ਤਰਾਂ ਟੈਕਸ ਤੇ ਟੈਕਸ ਲਗਾ ਕੇ ਲੋਕਾਂ ਦਾ ਨਾਸ ਕਰ ਛਡਿਆ ਹੈ । ਹਾਲਾਂ ਤੀਜਰ ਇਨ੍ਹਾਂ ਦੀ ਬਸ ਇਹੀ ਤਰੱਕੀ ਸਾਨੂੰ ਨਜ਼ਰ ਆਈ ਹੈ !

ਇਸ ਤੋਂ ਬਾਅਦ ਮੇਰੇ ਦੋਸਤ ਆਖਦੇ ਹਨ ਕੀ ਅਸਾਂ industry ਵਲ ਧਿਆਨ ਦਿਤਾ ਹੈ । ਇਨ੍ਹਾਂ ਦੇ ਇਸ ਧਿਆਨ ਦੀ ਇਕ ਮਸਾਲ ਇਹ ਹੈ ਕਿ ਸਾਡੇ ਗੁਰਾਇਆ ਤੇ ਬਟਾਲੇ ਵਿਚ metal ਦਾ ਕੰਮ ਹੋ ਰਿਹਾ ਹੈ । ਪੰਜਾਬ ਦੀ ਇਹ industry ਕੁਝ ਅੱਛੀ ਚਲ ਰਹੀ ਹੈ ਲੇਕਿਨ ਇਨ੍ਹਾਂ ਨੇ ਹੁਕਮ ਦਿੱਤਾ ਹੈ ਕਿ 3 horse power ਦੀ ਮੋਟਰ ਵਰਤਨ ਵਾਲਾ ਜੇ ਇਕ ਦਿਨ ਵੀ 21 horse power ਦੀ ਮੋਟਰ ਵਰਤੇਗਾ ਤਾਂ ਓਹਦੇ ਕੋਲੋਂ ਸਾਰੇ ਪੈਸੇ 21 horse power ਦੇ rate ਤੇ ਲਏ ਜਾਣਗੇ । ਪ੍ਰਧਾਨ ਜੀ ! ਜਿਹੜੇ ਕਾਰਖਾਨਿਆਂ ਤੇ ਸੰਕਟ ਆਇਆ ਹੋਇਆ ਹੈ ਅਤੇ ਬੰਦ ਹੋ ਰਹੇ ਹਨ ਉਨ੍ਹਾਂ ਦੇ ਉਤੇ ਸਾਹਮਣੇ ਬੈਠੇ ਮੇਰੇ ਦੋਸਤਾਂ ਦੀ ਇਹ ਕਿਰਪਾ ਹੈ । ਜੇ ਇਨ੍ਹਾਂ ਦਾ ਇਹ plan ਇਸੇ ਤਰਾਂ ਤਰੱਕੀ ਕਰਦਾ ਰਿਹਾ ਅਤੇ ਲੋਕਾਂ ਦਾ ਸੰਕਟ ਅਤੇ ਬੋਝ ਵਧਦਾ ਗਿਆ ਤਾਂ ਫੇਰ ਉਸ ਦਾ ਨਤੀਜਾ ਵਜ਼ੀਰਾਂ ਨੂੰ ਆਪ ਹੀ ਸਮਝ ਲੈਣਾ ਚਾਹੀਦਾ ਹੈ ।

ਪ੍ਰਧਾਨ ਜੀ ! ਉਹ ਕਿਹੜਾ ਪੰਜਾਬੀ ਹੋਵੇਗਾ ਜਿਹੜਾ development ਨਾ ਚਾਹੁੰਦਾ ਹੋਵੇ ? ਆਪਣੇ ਸੂਬੇ ਦੀ ਆਮਦਨੀ ਦੇ ਸਾਧਨ ਅਤੇ ਖੁਸ਼ਹਾਲੀ ਵਧਾਨ ਦੀ ਸਭ ਨੂੰ ਖਾਹਸ਼ ਹੈ । ਲੇਕਿਨ ਸਾਡਾ ਜਿਹੜਾ ਕਰੋੜਾਂ ਰੁਪਿਆ ਖਰਚਿਆ ਜਾ ਰਿਹਾ ਹੈ ਉਹਦੇ ਵਿਚੋਂ ਬਹੁਤ ਸਾਰਾ ਜ਼ਾਇਆ ਹੋ ਰਿਹਾ ਹੈ । ਜਿੰਨ੍ਹਾਂ ਖ਼ਰਚ ਹੋ ਰਿਹਾ ਹੈ ਉਸਦੇ ਮੁਤਾਬਿਕ ਸਿੱਟੇ ਨਹੀਂ ਨਿਕਲਦੇ । ਮੇਰੇ ਦੋਸਤ ਆਖਦੇ ਹਨ 12 ਕਰੋੜ ਰੁਪਿਆ ਹੋਰ ਵੀ development ਉੱਤੇ ਖਰਚ ਕਰਨਾ ਹੈ । ਪਰ ਪਿੰਡਾਂ ਵਿਚ ਇਨ੍ਹਾਂ ਦੇ ਇਸ plan ਤੇ ਖਰਚ ਦਾ ਕੋਈ ਅਸਰ ਕਿਤੇ ਵੀ ਨਹੀਂ ਆ ਰਿਹਾ । ਮੇਰਾ ਖਿਆਲ ਹੈ ਕਿ ਜੇ ਇਹੋ ਹਾਲ ਰਿਹਾ ਤਾਂ ਪੰਜ ਸਾਲ ਦੇ ਇਸ plan ਦੇ ਖ਼ਾਤਮੇ ਤੇ ਇਹ ਸਾਡੇ ਦੋਸਤ ਲੋਕਾਂ ਕੋਲ ਜਾ ਕੇ ਆਖਣਗੇ ਕਿ ਪਿਛਲੇ ਪਲਾਨ ਵਿਚ ਤੇ ਜੋ ਕੁਝ ਹੋਣਾ ਸੀ ਸੋ ਹੋ ਗਿਆ ਅਤੇ ਇਹ ਪਹਿਲਾ ਤਜਰਬਾ ਸੀ । ਪਹਿਲੇ ਕੰਮ ਵਿਚ ਗਲਤੀਆਂ ਹੋ ਹੀ ਜਾਂਦੀਆਂ ਹਨ । ਖੈਰ, ਅਸੀਂ ਹੁਣ ਇਕ ਨਵਾਂ plan ਬਨਾਂਦੇ ਹਾਂ ਬਸ ਇਹਦੇ ਨਾਲ ਸਭ ਕੁਝ ਠੀਕ ਹੋ ਜਾਵੇਗਾ । ਇਹ ਗਲ ਕਹਿ ਕੇ ਫੇਰ ਇਹ ਹੋਰ tax ਲਾ ਦੇਣਗੇ ਅਤੇ ਫੇਰ ਉਹੀਓ ਸਿਲਸਲਾ ਸ਼ੁਰੂ ਹੋ ਜਾਏਗਾ । ਇਸ ਵਾਸਤੇ ਮੈਂ ਅਰਜ਼ ਕਰਦਾ ਹਾਂ ਕਿ ਇਹੋ ਜਿਹੇ

[ਸਰਦਾਰ ਹਰਕਿਸ਼ਨ ਸਿੰਘ ਸੁਰਜੀਤ]

ਕਿੰਨੀਆਂ ਫੜਾਂ ਮਾਰੀ ਜਾਣ ਅਸਲ ਵਿਚ ਹਾਲੇ ਤੀਕਰ ਕੋਈ ਤਰੱਕੀ ਨਹੀ ਹੋਈ ਅਤੇ ਇਨ੍ਹਾਂ ਦੇ plan ਦੀ ਕਾਮਯਾਬੀ ਦਾ ਪਿੰਡਾਂ ਵਿਚ ਕੋਈ ਅਸਰ ਤੇ ਨਸ਼ਾਨ ਨਜ਼ਰ ਨਹੀਂ ਆਉਂਦਾ।

Federation of Commerce and Industry ਦੇ ਰਸਾਲੇ 'Commerce' ਵਿਚ ਇਕ article ਛਪਿਆ ਹੈ " plan ਫੇਲ ਕਿਓਂ ਹੋਇਆ "। ਪ੍ਰਧਾਨ ਜੀ! ਜਿਨ੍ਹਾਂ ਲੋਕਾਂ ਦੀ ਇਹ ਸਾਡੀ ਸਰਕਾਰ ਏਡੀ ਹਿਫ਼ਾਜ਼ਤ ਅਤੇ ਮਦਦ ਕਰਦੀ ਹੈ ਉਨ੍ਹਾਂ ਦੇ ਰਸਾਲੇ ਵਿਚ ਇਹ ਗਲ ਲਿਖੀ ਗਈ ਹੈ ਕਿ plan ਫੇਲ ਕਿਉਂ ਹੋਇਆ। ਮਤਲਬ ਇਹ ਹੈ ਕਿ ਜਿਨ੍ਹਾਂ ਲੋਕਾਂ ਦੀ ਹਿਫਾਜ਼ਤ ਅਤੇ ਤਰੱਕੀ ਦਾ ਮੇਰੇ ਦੋਸਤ ਦਮ ਭਰਦੇ ਹਨ ਓਹ ਵੀ ਕਹਿ ਰਹੇ ਹਨ ਕਿ plan ਫੇਲ ਹੋ ਗਿਆ ਹੈ। ਫੇਰ ਅਸੀਂ ਲੋਕ ਜਿਹੜੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਤਕਲੀਫਾਂ ਨੂੰ ਭਲੀ ਪ੍ਰਕਾਰ ਜਾਣਦੇ ਤੇ ਵੇਖਦੇ ਹਾਂ ਓਹ ਕਿਸ ਤਰਾਂ ਸਮਝ ਲੈਣ ਕਿ plan ਕਾਮਯਾਬ ਹੋ ਗਿਆ ਹੈ ? ਅਸਾਨੂੰ ਤੇ ਪਹਿਲੋਂ ਹੀ ਸਾਰੀ ਹਕੀਕਤ ਮਲੂਮ ਹੈ।

ਦੂਜੀ ਗਲ ਹੈ ਖੁਸ਼ਹਾਲੀ ਦੀ। ਪ੍ਰਧਾਨ ਜੀ ! ਖੁਸ਼ਹਾਲੀ ਦਾ ਕੋਈ ਮਿਆਰ ਹੁੰਦਾ ਹੈ। ਮੈਨੂੰ ਪਤਾ ਨਹੀਂ ਕਿ ਇਹ ਖੁਸ਼ਹਾਲੀ ਦਾ ਕੀ ਮਿਆਰ ਸਮਝਦੇ ਹਨ ਪਰ ਪਿਛਲੇ ਦੋ ਸਾਲਾਂ ਵਿਚ ਜਿਹੜੀ ਬੇਰੋਜ਼ਗਾਰੀ ਵਧੀ ਹੈ ਉਸ ਦੇ ਅੰਕੜੇ ਫ਼ਨਾਂਸ ਮਿਨਿਸਟਰ (Finance Minister) ਸਾਹਿਬ ਨੇ ਖ਼ੁਦ ਅਪਣੀ ਤਕਰੀਰ ਵਿਚ ਦੱਸੇ ਸਨ ਕਿ ਇਤਨੇ ਹਜ਼ਾਰ ਮਜ਼ਦੂਰ ਬੇਕਾਰ ਹੋ ਗਿਆ ਹੈ। ਜੇ ਬੇਕਾਰੀ ਤੇ ਬੇਰੋਜ਼ਗਾਰੀ ਦਾ ਨਾਂ ਖੁਸ਼ਹਾਲੀ ਹੈ ਤਾਂ ਫੇਰ ਸਾਨੂੰ ਇਸ ਤੋਂ ਮਾਫ਼ ਹੀ ਰੱਖਿਆ ਜਾਵੇ।

ਮਜ਼ਦੂਰਾਂ ਤੋਂ ਬਾਅਦ ਕਿਰਸਾਨਾਂ ਦਾ ਹਾਲ ਦੇਖੋ। ਅਸੀਂ ਵੇਖਦੇ ਹਾਂ ਕਿ ਜਿਤਨੇ ਮੁਜ਼ਾਰੇ ਹੁਣ ਬੇਦਖ਼ਲ ਕੀਤੇ ਗਏ ਹਨ, ਇਤਨੇ United Punjab ਵਿਚ ਵੀ ਕਦੀ ਨਹੀਂ ਸੀ ਕੀਤੇ ਗਏ। ਜੇ ਇਹ ਤਰੱਕੀ ਹੈ ਤਾਂ ਅਸੀਂ ਇਸ ਤਰੱਕੀ ਤੋਂ ਬਾਜ਼ ਆਏ। ਇਨ੍ਹਾਂ ਨੇ ਸ਼ਿਕਾਇਤ ਕੀਤੀ ਹੈ ਕਿ ਕੁਝ ਲੋਕ ਕਿਸਾਨਾਂ ਤੇ ਮਜ਼ਦੂਰਾਂ ਨੂੰ ਉਕਸਾਂਦੇ ਹਨ ਅਤੇ ਓਹ ਚੰਗਾ ਨਹੀਂ ਕਰਦੇ। ਪ੍ਰਧਾਨ ਜੀ ! ਜਿਹੜੇ ਲੋਕ ਭੁੱਖੇ ਹੋਣਗੇ ਓਹ ਤੇ ਜ਼ਰੂਰ ਹੀ ਚੀਕਣਗੇ ਅਤੇ ਜ਼ਿੰਦਗੀ ਵਾਸਤੇ ਜੱਦੋ ਜਹਿਦ ਕਰਨਗੇ। ਇਹਦੇ ਵਾਸਤੇ ਕਿਸੇ ਤੇ ਇਲਜ਼ਾਮ ਨਹੀਂ ਲਾਇਆ ਜਾ ਸਕਦਾ।

ਸਪੀਕਰ ਸਾਹਿਬ ! ਸਾਨੂੰ ਤਾਂ ਕੋਈ ਖੁਸ਼ਹਾਲੀ ਨਜ਼ਰ ਨਹੀ ਆਉਂਦੀ। ਉਜਰਤ ਘਟ ਗਈ ਹੈ। ਜਿਹਾ ਕਿ ਮੈਂ ਪਹਿਲੇ ਕਹਿ ਚੁਕਾ ਹਾਂ ਚਾਰ ਆਨੇ ਦੀ ਥਾਂ 5 ਪੈਸੇ ਹੋ ਗਈ ਹੈ। ਦਫਤਰਾਂ ਦੇ ਲੋਕ ਖੁਸ਼ ਨਹੀਂ। ਸਨਅਤ ਦਾ ਨਾਮ ਨਸ਼ਾਨ ਨਜ਼ਰ ਨਹੀਂ ਆਉਂਦਾ। ਪਤਾ ਨਹੀਂ ਹੈ ਕਿਥੇ। ਵਜ਼ੀਰਾਂ ਦੇ ਘਰ ਵਿਚ ਹੋਵੇ ਤਾਂ ਹੋਵੇ। ਹਕੀਕਤ ਇਹ ਹੈ ਕਿ ਲੋਕਾਂ ਵਿਚ ਤਾਂ ਕੋਈ ਖੁਸ਼ਹਾਲੀ ਉਕਾ ਨਹੀਂ।

ਸਪੀਕਰ ਸਾਹਿਬ ! ਤੀਸਰੀ ਗਲ ਸਨਅਤ ਦੇ ਬਾਰੇ ਹੈ। ਐਸ ਵੇਲੇ ਮੈਂ ਇਸ ਬਾਰੇ ਜ਼ਿਆਦਾ ਨਹੀ ਕਹਿਣਾ ਚਾਹੁੰਦਾ। ਜ਼ਿਆਦਾ ਉਸ ਵੇਲੇ ਕਿਹਾ ਜਾਵੇਗਾ ਜਦ Industries ਦੀ Demand ਉਤੇ ਬਹਸ ਹੋਵੇਗੀ। ਹੁਣ ਤਾਂ ਮੈਂ ਇਤਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਸਾਡਾ

irrigation ਦਾ ਮਹਿਕਮਾ ਤਰੱਕੀ ਕਰ ਰਿਹਾ ਹੈ ਅਤੇ ਜੋ ਤਰਕੀ ਐਸ ਵੇਲੇ ਹੋ ਰਹੀ ਹੈ ਉਹ ਪਹਿਲਾ ਕਦੀ ਵੇਖਣ ਵਿਚ ਨਹੀਂ ਸੀ ਆਈ। ਪਰ ਨਾਲ ਹੀ ਇਹ ਵੇਖ ਕੇ ਅਫਸੋਸ ਹੁੰਦਾ ਹੈ ਕਿ ਪਬਲਿਕ ਅਜੇ ਤਕ ਇਨ੍ਹਾਂ ਪ੍ਰਾਜੈਕਟਾਂ ਬਾਰੇ ਅੰਧੇਰੇ ਵਿਚ ਹੈ ਅਤੇ ਇਨ੍ਹਾਂ ਸਬੰਧੀ ਬਹੁਤ ਸਾਰੀਆਂ ਗਲਤ ਫਹਿਮੀਆਂ ਵੀ ਪੈਦਾ ਹੋ ਗਈਆਂ ਹਨ। ਕਿਤੇ ਇਹ ਗਲਤ ਫਹਿਮੀ ਹੈ ਕਿ ਬਿਜਲੀ ਮਹਿੰਗੀ ਹੋਵੇਗੀ ਕਿਤੇ ਇਹ ਕਿਹਾ ਜਾਂਦਾ ਹੈ ਕਿ ਬਿਜਲੀ ਸ਼ਕਤੀ ਵਰਤਨ ਨਾਲ ਆਦਮੀ ਮਰ ਜਾਂਦੇ ਹਨ ਕਿਉਂਕਿ ਇਹ ਖਤਰਨਾਕ ਚੀਜ ਹੈ। ਜੇਕਰ ਇਹੀ ਹਾਲਤ ਰਹੀ ਤਾਂ ਗਵਰਨਮੈਂਟ ਰੁਪਿਆ ਕਰਜ਼ ਲੈ ਲੈ ਕੇ ਤਰੱਕੀ ਵਲ ਚਲੀ ਜਾਵੇਗੀ ਪਰ ਜੇਕਰ ਲੋਕੀ ਭੁਲੇਖੇ ਵਿਚ ਰਹੇ ਅਤੇ ਅਜ ਤੋਂ 10 ਸਾਲ ਪਿਛੇ ਵਾਲੀਆਂ ਗਲੀਆਂ ਦੇ ਹੋ ਰਹੇ ਤਾਂ ਇਨ੍ਹਾਂ ਪ੍ਰਜੈਕਟਾਂ ਤੋਂ ਪਬਲਿਕ ਫਾਇਦਾ ਨਹੀਂ ਉਠਾ ਸਕੇਗੀ ਅਤੇ ਸਰਕਾਰ ਲਈ ਇਹ ਕਰਜ਼ਾ ਉਤਾਰਣਾ ਮੁਸ਼ਕਲ ਹੋ ਜਾਵੇਗਾ। ਮੈਂ ਇਹ ਚਾਹੁੰਦੀ ਹਾਂ ਕਿ ਸਰਕਾਰ ਜਿੱਥੇ ਪ੍ਰਾਜੈਕਟ ਬਨਾਣ ਦੀ ਆਪਣੀ ਜ਼ਿਮੇਵਾਰੀ ਸਮਝਦੀ ਹੈ ਉਥੇ ਇਹ ਜ਼ਿਮੇਵਾਰੀ ਵੀ ਮਹਿਸੂਸ ਕਰੇ ਕਿ ਲੋਕਾਂ ਦੇ ਦਿਲਾਂ ਵਿਚੋਂ ਭੁਲੇਖੇ ਦੂਰ ਕਰਨੇ ਹਨ। ਅਸੀਂ ਜਿੱਥੇ ਲੋਕਾਂ ਤੇ Betterment Charge ਆਦਿ ਦਾ ਬੋਝ ਪਾ ਰਹੇ ਹਾਂ ਉਥੇ ਇਨ੍ਹਾਂ ਪ੍ਰਾਜੈਕਟਾਂ ਤੋਂ ਫਾਇਦਾ ਉਠਾਣ ਬਾਰੇ ਵੀ ਲੋਕਾਂ ਨੂੰ ਦਸਣਾ ਚਾਹੀਦਾ ਹੈ। ਇਸ ਦੀ ਮੈਂ ਸਰਕਾਰ ਪਾਸ ਤਜਵੀਜ਼ ਰਖਾਂਗੀ ਕਿ ਉਹ ਇਹ ਕੰਮ ਆਪਣੇ ਪਬਲਿਸਟੀ ਡੀਪਾਰਟਮੈਂਟ (Publicity Department) ਪਾਸੋਂ ਲੈ ਸਕਦੀ ਹੈ। ਇਸ ਮਹਿਕਮੇਂ ਰਾਹੀਂ ਪ੍ਰੋਪੇਗੰਡਾ (propaganda) ਕਰਵਾ ਕੇ ਉਨ੍ਹਾਂ ਦੀਆਂ ਗਲਤਫਹਿਮੀਆਂ ਦੂਰ ਕੀਤੀਆਂ ਜਾ ਸਕਦੀਆਂ ਹਨ।

ਇਸ ਤੋਂ ਅਗਲੀ ਗਲ education ਬਾਰੇ ਹੈ। ਮੈਂ ਇਸ ਮਹਿਕਮੇ ਵਿਚ ਕਾਫੀ ਤਰੱਕੀ ਵੇਖਦੀ ਹਾਂ। Education Department ਨੇ ਪਿਛਲੇ 6 ਸਾਲਾਂ ਨਾਲੋਂ ਦੁਗਨੀ ਤਰੱਕੀ ਕਰ ਲਈ ਹੈ ਅਤੇ ਮੈਂ Education Minister ਸਾਹਿਬ ਨੂੰ ਇਸ ਪਾਸੇ ਧਿਆਨ ਦੇਣ ਤੇ ਵਧਾਈ ਦਿੰਦੀ ਹਾਂ।

ਮੇਰੀ ਗੁਜ਼ਾਰਿਸ਼ ਹੈ ਕਿ ਪਿੰਡਾਂ ਵਿਚ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਥੇ ਖੇਤੀ ਬਾੜੀ ਬਾਰੇ ਸਿਖਿਆ ਦਿਤੀ ਜਾਵੇ। ਅਤੇ ਪਬਲਿਕ ਦਾ ਇਹ ਵੀ ਖਿਆਲ ਹੈ ਕਿ ਸਰਕਾਰ Education ਦੀ ਮਦ ਦਾ ਰੁਪਿਆ ਪਿੰਡਾਂ ਵਿਚ ਘਟ ਖਰਚ ਕਰਦੀ ਹੈ ਅਤੇ ਸ਼ਹਿਰਾਂ ਵਿਚ ਵਧੇਰੇ। ਮੈਂ ਸਰਕਾਰ ਦਾ ਧਿਆਨ ਇਸ ਗਲ ਵਲ ਦਿਵਾਂਦੀ ਹਾਂ ਕਿ ਜੇਕਰ....

अध्यक्ष महोदय : पांच मिनट और।

ਸ੍ਰੀਮਤੀ ਪ੍ਰਕਾਸ਼ ਕੌਰ : ਸਪੀਕਰ ਸਾਹਿਬ, ਇਹ ਵਕਤ ਥੋੜਾ ਹੈ ਹੋਰ ਸਮਾਂ ਦਿਤਾ ਜਾਵੇ।

अध्यक्ष महोदय: आप स्पीच जारी रखें। आप खुद ही थक जाएंगी।

ਸ੍ਰੀਮਤੀ ਪ੍ਰਕਾਸ਼ ਕੌਰ : ਸਪੀਕਰ ਸਾਹਿਬ ! ਪਿੰਡਾਂ ਵਿਚ ਅਤੇ ਹਰ ਥਾਂ ਜਿਥੇ ਵੀ Primary Education ਸ਼ੁਰੂ ਕੀਤੀ ਗਈ ਹੈ ਉਥੇ ਛੋਟੇ ਛੋਟੇ ਬਚਿਆਂ ਨੂੰ ਖੇਤੀ ਬਾੜੀ ਦੀ ਜਾਚ ਵੀ ਸਿਖਾਈ ਜਾਵੇਗੀ। ਇਹ ਬੜਾ ਚੰਗਾ ਕਦਮ ਹੈ ਅਤੇ ਇਸ ਤਰਾਂ ਬੱਚੇ ਤਰੱਕੀ ਕਰ ਸਕਣਗੇ ਅਤੇ ਖੇਤੀ ਬਾੜੀ ਦੀ ਉਨਤੀ ਵਿਚ ਹੱਥ ਵਟਾਉਣਗੇ। ਪਰ ਇਹ ਬੱਚੇ ਤਾਂ ਕਿਧਰੇ 10-15 ਸਾਲਾਂ ਤਕ ਖੇਤੀ ਬਾੜੀ ਲਈ ਤਿਆਰ ਹੋ ਸਕਣਗੇ। ਇਸ ਵਿਚਾਲੇ ਅਰਸੇ ਲਈ ਸਾਨੂੰ ਕਝ ਸੋਚਣਾ ਪਵੇਗਾ। ਇਸ ਲਈ ਮੈਂ ਤਜਵੀਜ਼ ਕਰਦੀ ਹਾਂ ਕਿ adult education ਵਲ ਧਿਆਨ ਦਿਤਾ ਜਾਵੇ ਅਤੇ ਉਨ੍ਹਾਂ ਜ਼ਿਮੀਂਦਾਰਾਂ ਨੂੰ ਜੋ ਫਸਲ ਬੀਜਦੇ ਹਨ ਨਵੇਂ ਖੇਤੀ ਬਾੜੀ

[ਸ੍ਰੀਮਤੀ ਪ੍ਰਕਾਸ਼ ਕੌਰ]

ਦੇ ਸਾਧਨ ਅਤੇ ਉਨ੍ਹਾਂ ਦੀ ਵਰਤੋਂ ਦੀ ਝਟਾਪਟ ਜਾਚ ਦਸੀ ਜਾਵੇ ਤਾਂ ਜੋ ਉਹ ਖੇਤੀ ਬਾੜੀ ਵਿਚ ਉਨਤੀ ਕਰ ਸਕਣ ਦੇ ਕਾਬਿਲ ਹੋ ਜਾਣ।

ਦੂਜੀ ਗਲ ਇਹ ਹੈ ਕਿ ਪ੍ਰਾਜੈਕਟਾਂ ਤੋਂ ਫਾਇਦਾ ਉਠਾਣ ਦੀ ਜ਼ਿਮੇਂਵਾਰੀ ਨੂੰ ਨਿਭਾਉਣ ਲਈ ਐਗਰੀਕਲਚਰ (Agriculture) ਦਾ ਮਹਿਕਮਾ Useful ਮਲੂਮ ਹੁੰਦਾ ਹੈ। ਅਤੇ ਸਰਕਾਰ ਨੂੰ Agriculture ਦੇ ਮਹਿਕਮੇ ਨੂੰ ਜ਼ਿਆਦਾ ਰਕਮ ਦੇਣੀ ਚਾਹੀਦੀ ਸੀ ਪਰ ਮੈਂ ਵੇਖਦੀ ਹਾਂ ਕਿ ਬਜਟ ਵਿਚ ਇਸ ਤੋਂ ਉਲਟ ਹੀ ਨਜ਼ਰ ਆਉਂਦਾ ਹੈ। ਇਸ ਮਹਿਕਮੇ ਵਿਚ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਘਟ ਰਕਮ ਰਖੀ ਜਾ ਰਹੀ ਹੈ। ਅੰਕੜਿਆਂ ਤੋਂ ਪਤਾ ਲਗੇਗਾ ਕਿ ਇਸ ਮਹਿਕਮੇ ਲਈ 1948-50 ਦੇ ਬਜਟ ਵਿਚ 70 ਲਖ 71 ਹਜ਼ਾਰ, 1951-52 ਵਿਚ 65 ਲਖ. 1952-53 ਵਿਚ 53 ਲਖ ਹੈ। 1954-55 ਵਿਚ 51 ਲਖ 12 ਹਜ਼ਾਰ ਦੀ ਰਕਮ ਰਖੀ ਗਈ ਹੈ। ਸ਼ਾਇਦ ਇਸ ਮਹਿਕਮੇ ਨੂੰ ਜ਼ਿੰਮੇਵਾਰ ਨਹੀਂ ਸਮਝਿਆ ਜਾਂਦਾ। ਇਸ ਲਈ ਇਸ ਦੀ ਗਰਾਂਟ ਹਰ ਸਾਲ ਘਟਾਈ ਜਾ ਰਹੀ ਹੈ ਹਾਲਾਂਕਿ ਇਸ ਮਹਿਕਮੇ ਨੂੰ ਜ਼ਿਆਦਾ ਤੋਂ ਜ਼ਿਆਦਾ ਰਕਮ ਦਿਤੀ ਜਾਣੀ ਚਾਹੀਦੀ ਸੀ। ਮੈਨੂੰ ਵੇਖ ਕੇ ਅਫਸੋਸ ਹੋਇਆ ਹੈ ਕਿ ਐਗਰੀਕਲਚਰ (Agriculture) ਦੇ ਮਹਿਕਮੇ ਦੀ ਰਕਮ ਪਹਿਲਾਂ ਨਾਲੋਂ ਕਾਫ਼ੀ ਘਟਾ ਦਿਤੀ ਗਈ ਹੈ। ਜ਼ਿਲ੍ਹੇ ਦੀ ਐਡਮਨਿਸਟ੍ਰੇਸ਼ਨ (Administration) ਵਿਚ ਵੀ ਇਸ ਮਹਿਕਮੇ ਨੂੰ ਕੋਈ importance ਨਹੀਂ ਦਿਤੀ ਜਾਂਦੀ। ਅਤੇ ਇਸ ਨੂੰ ਯਤੀਮ ਮਹਿਕਮਿਆਂ ਵਿਚ ਗਿਣਿਆ ਗਿਆ ਹੈ। ਜਦੋਂ ਵੀ ਕੋਈ function ਹੋਵੇ ਤਾਂ ਇਹੋ ਹੀ ਕਹਿ ਦਿਤਾ ਜਾਂਦਾ ਹੈ ਕਿ ਇਹ ਤਾਂ ਯਤੀਮ ਮਹਿਕਮਾ ਹੈ। ਇਸ ਤਰਾਂ ਦੇ ਹੋਰ ਵੀ ਮਹਿਕਮੇ ਹਨ ਜਿਵੇਂ ਕਿ ਵੈਟਰੀਨਰੀ (Veterinary Department) ਵਿਚ ਇਨ੍ਹਾਂ ਮਹਿਕਮਿਆਂ ਦੇ ਜੋ ਇਨਸਪੈਕਟਰ ਲਗਾਏ ਗਏ ਹਨ ਉਹਨਾਂ ਦੇ ਹਲਕੇ ਅਜਿਹੇ ਵੱਡੇ ਹਨ ਕਿ ਉਹ ਜ਼ਿਮੀਂਦਾਰ ਤਕ approach ਨਹੀਂ ਕਰ ਸਕਦੇ। ਮੈਂ ਸਰਕਾਰ ਪਾਸੋਂ ਮੰਗ ਕਰਾਂਗੀ ਕਿ ਹਰ ਇਕ ਪਿੰਡ ਵਿਚ ਇਸ ਮਹਿਕਮੇ ਦੇ ਇਨਸਪੈਕਟਰ ਹੋਣ ਅਤੇ ਅਜਿਹੇ ਇਨਸਪੈਕਟਰ ਨੀਯਤ ਕੀਤੇ ਜਾਣ ਜੋ ਇਸ ਕੰਮ ਨੂੰ ਚੰਗੀ ਤਰ੍ਹਾਂ ਕਰ ਸਕਦੇ ਹੋਣ। ਅਜਿਹੇ ਨਾ ਹੋਣ ਜੋ ਪਬਲਿਕ ਨੂੰ ਕੁਝ ਨ ਦਸ ਸਕਣ। ਜਾਂ ਇਨਸਪੈਕਟਰ ਦੇ ਹਲਕੇ ਅਜਿਹੇ ਬਣਾ ਦਿਤੇ ਜਾਣ ਕਿ ਜ਼ਿਮੀਂਦਾਰ ਸਹਿਲੇ ਇਨਸਪੈਕਟਰ ਕੋਲ ਪਹੁੰਚ ਸਕਣ ਤੇ ਉਨ੍ਹਾਂ ਨੂੰ ਖੇਤੀ ਬਾੜੀ ਦੇ ਕੰਮ ਬਾਰੇ ਚੰਗੀ ਤਰ੍ਹਾਂ educate ਕਰ ਸਕਣ।

ਇਸ ਸਬੰਧ ਵਿਚ ਮੇਰੀ ਦੂਜੀ suggestion ਇਹ ਹੈ ਕਿ ਖੇਤੀ ਬਾੜੀ ਦੀ ਉੱਨਤੀ ਲਈ ਰੈਡ ਕਰਾਸ (Red Cross) ਦੇ ਮੇਲਿਆਂ ਵਾਂਗੂੰ ਮੇਲੇ ਕੀਤੇ ਜਾਣ। ਰੈਡ ਕ੍ਰਾਸ ਦੇ ਮੇਲੇ ਸ਼ਹਿਰਾਂ ਵਿਚ ਕੀਤੇ ਜਾਂਦੇ ਹਨ। ਇਕ ਤਾਂ ਸ਼ਹਿਰਾਂ ਵਿਚ ਮੇਲੇ ਹੋ ਜਾਂਦੇ ਹਨ ਅਤੇ ਅਫਸਰਾਂ ਤੇ ਉਨ੍ਹਾਂ ਦੀਆਂ ਬੀਵੀਆਂ ਦੀ ਵਾਹ ਵਾਹ ਹੋ ਜਾਂਦੀ ਹੈ ਪਰ ਇਹੋ ਜਿਹੇ ਮੇਲੇ ਜੇ ਕਰ ਖੇਤੀ ਬਾੜੀ ਸਬੰਧੀ ਕੀਤੇ ਜਾਣ ਅਤੇ ਲੋਕਾਂ ਨੂੰ ਚੰਗੀ ਖੇਤੀ ਬਾੜੀ ਦੇ ਤਰੀਕਿਆਂ ਬਾਰੇ ਦਸਿਆ ਜਾਵੇ ਤਾਂ ਇਸ ਦਾ ਬਹੁਤ ਚੰਗਾ ਪ੍ਰਭਾਵ ਪਏਗਾ। ਮੈਨੂੰ ਇਹ ਵੇਖ ਕੇ ਬੜੀ ਖੁਸ਼ੀ ਹੋਈ ਹੈ ਕਿ ਐਗ੍ਰੀਕਲਚਰ ਦੇ ਡਿਪਟੀ ਡਾਇਰੈਕਟਰ ਸਰਦਾਰ ਉਮਰਾਓ ਸਿੰਘ ਹੋਰਾਂ ਗੁਰਦਾਸਪੁਰ ਵਿਚ ਖੇਤੀ ਬਾੜੀ ਦਾ ਹਫਤਾ ਮਨਾਉਣ ਦਾ ਯਤਨ ਕੀਤਾ ਹੈ। ਅਸਾਨੂੰ ਅਜਿਹੇ ਮੇਲੇ District-wise ਕਰਨੇ ਚਾਹੀਦੇ ਹਨ। ਮੈਂ ਅਪੀਲ ਕਰਾਂਗੀ ਕਿ ਗੁਰਦਾਸਪੁਰ ਦੇ ਮੇਲੇ ਵਿਚ ਸਰੂਰ ਸਾਹਿਬ ਤੇ ਹੋਰ ਵਜ਼ੀਰ ਵੀ ਹਿੱਸਾ ਲੈਣ ਤਾਂ ਜੋ ਮੇਲਿਆਂ ਦੀ ਅਹਿਮੀਅਤ ਵਧੇ

ਅਤੇ ਇਨ੍ਹਾਂ ਦੀ ਮਹਾਨਤਾ ਦਾ ਲੋਕਾਂ ਨੂੰ ਪਤਾ ਲਗੇ । ਇਨ੍ਹਾਂ ਮੇਲਿਆਂ ਰਾਹੀ ਲੋਕ ਚੰਗੀ ਤਰਾਂ ਸਿਖ ਸਕਨਗੇ ਕਿ ਖੇਤੀ ਬਾੜੀ ਨੂੰ ਕਿਵੇਂ ਉਨੱਤ ਕਰਨਾ ਹੈ।

ਸਪੀਕਰ ਸਾਹਿਬ, ਦੂਜਾ point ਸਾਡੇ ਮਹਿਕਮਿਆਂ ਦੀ ਵਰਕਿੰਗ ਦਾ ਹੈ । ਇਸ ਦੀਆਂ ਕਈ ਮਿਸਾਲਾਂ ਮਿਲ ਸਕਦੀਆਂ ਹਨ । ਜਿਵੇਂ ਕਿ ਐਗ੍ਰੀਕਲਚਰ Agriculture ਦਾ ਮਹਿਕਮਾ ਅਸਾਨੂੰ ਕੈਮੀਕਲ ਖਾਦਾਂ ਦਿਦਾ ਹੈ । ਸਰਕਾਰ ਨੇ ਜਿੱਥੇ ਅਜੇਹੀਆਂ ਸਹੂਲਤਾਂ ਦਿਤੀਆਂ ਹਨ ਅਤੇ ਜ਼ਮੀਦਾਰਾਂ ਨੂੰ ਤਕਾਵੀਆਂ ਦਿਤੀਆਂ ਹਨ ਓਥੇ ਇਸ ਦਾ ਮਨਸ਼ਾ ਇਹ ਹੈ ਕਿ ਇਸ ਤਕਾਵੀ ਨਾਲ ਜਿੱਥੇ ਫਸਲ ਨੂੰ ਖਾਦ ਪਾਈ ਜਾਏ ਉਥੇ ਫਸਲ ਦੀ ਕਟਾਈ ਦੇ ਬਾਦ ਮੁਆਮਲੇ ਨਾਲ ਇਹ ਵੀ ਉਗਰਾਹੀ ਜਾਵੇ।

ਇਹ ਠੀਕ ਨਹੀਂ । ਤਹਸੀਲਦਾਰਾਂ ਨੂੰ order ਦਿਤਾ ਗਿਆ ਹੈ ਕਿ ਜਿਨ੍ਹਾਂ ਕਿਸਾਨਾਂ ਨੇ ੩੦ ਨਵੰਬਰ ਤੋਂ ਪਹਿਲਾਂ ਤਕਾਵੀ ਲਈ ਸੀ ਉਨ੍ਹਾਂ ਪਾਸੋਂ ਦਸੰਬਰ ਜਨਵਰੀ ਵਿਚ ਮੁਆਮਲੇ ਦੇ ਨਾਲ ਇਹ ਤਕਾਵੀ ਉਗਰਾਹੀ ਜਾਵੇ । ਹਾਲਾਂ ਕਿ ਕਿਸਾਨ ਕਣਕਾਂ ਅਕਤੂਬਰ ਨਵੰਬਰ ਵਿਚ ਬੀਜਦੇ ਹਨ । ਬਿਜਾਈ ੨੦ ਅਕਤੂਬਰ ਤੋਂ ਨਵੰਬਰ ਦੇ end ਤਕ ਹੁੰਦੀ ਹੈ ਰੂਣੀ ਭੀ ੯੦% ੩੦ ਨਵੰਬਰ ਤੋਂ ਪਹਿਲਾਂ ਹੀ ਲਈ ਜਾ ਸਕਦੀ ਹੈ । ਸੋ ਇਹ ਉਗਰਾਹੀ ਹਾੜ ਦੀ ਫਸਲ ਤੋਂ ਹੋਣੀ ਸੀ । ਪਰ ਉਗਰਾਹੀ ਪਹਿਲਾਂ ਕੀਤੀ ਜਾ ਰਹੀ ਹੈ । ਤਕਾਵੀ ਹਾੜੀ ਦੀ ਫਸਲ ਦੀ ਹੈ ਤੇ ਇਸ ਨੂੰ ਸਾਉਣੀ ਦੀ ਫਸਲ ਨਾਲ ਉਗਰਾਹਿਆ ਜਾ ਰਿਹਾ ਹੈ । ਇਸ ਨਾਲ ਜਿਮੀਦਾਰਾਂ ਤੇ ਬੋਝ ਪਿਆ ਹੈ ਅਤੇ ਉਹ ਇਸ ਗਲ ਦਾ burden feel ਕਰਤੇ ਹਨ ਕਿ ਤਕਾਵੀ ਛੇਤੀ ਲਈ ਜਾ ਰਹੀ ਹੈ।

ਇਕ suggestion ਹੋਰ ਹੈ ਕਿ Agriculture Information Service ਨੂੰ ਠੀਕ ਤਰੱਕੀ ਦਿਤੀ ਜਾਵੇ । ਕਿਉਂ ਜੋ ਖੇਤੀ ਬਾੜੀ ਸੰਬੰਧੀ ਉਨੱਤੀ ਦੀਆਂ ਸਕੀਮਾਂ ਵਾਸਤੇ ਸੈਂਟਰਲ ਗੌਰਨਮੈਂਟ ਵੀ ਪੈਸਾ ਦਿੰਦੀ ਹੈ ਅਤੇ ਪੰਜਾਬ ਸਰਕਾਰ ਵੀ ਰੁਪਿਆ ਖਰਚ ਕਰਦੀ ਹੈ ਪਰ ਲੋਕਾਂ ਨੂੰ ਸਕੀਮਾਂ ਬਾਰੇ ਪਤਾ ਹੀ ਕੁਝ ਨਹੀਂ ਹੁੰਦਾ । ਖੇਤੀ ਬਾੜੀ ਦੇ ਉਨੱਤ ਤਰੀਕਿਆਂ ਦੇ ਸਿਲਸਿਲੇ ਵਿਚ ਜਿੰਨਾਂ ਵੀ literature ਛਪਦਾ ਹੈ ਉਸ ਦਾ ੯੦ ਫੀ ਸਦੀ ਪਬਲਿਕ ਨੂੰ ਪਤਾ ਹੀ ਨਹੀ ਹੁੰਦਾ ਅਤੇ ਜਿਨ੍ਹਾਂ ਲੋਕਾਂ ਨੂੰ ਇਸ ਲਿਟਰੇਚਰ (Literature) ਬਾਰੇ ਕੁਝ ਪਤਾ ਲਗਦਾ ਹੈ ਉਨ੍ਹਾਂ ਨੂੰ ਇਹ ਮਿਲਦਾ ਹੀ ਨਹੀ ਇਸ ਲਈ ਮੇਰੀ ਇਹ ਤਜਵੀਜ਼ ਹੈ ਕਿ ਹਰ District ਵਿਚ ਇਕ ਲਾਇਬ੍ਰੇਰੀ ਹੋਵੇ ਜਿਸ ਵਿਚ ਅਜੇਹਾ ਲਿਟਰੇਚਰ ਮਿਲ ਸਕੇ ਅਤੇ ਕਿਸਾਨਾਂ ਨੂੰ ਲਾਭ ਹੋ ਸਕੇ ।

ਸਪੀਕਰ ਸਾਹਿਬ ! ਤੀਜਾ point ਜਿਸ ਵਲ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਹੁੰਦੀ ਹਾਂ ਉਹ ਹੈ ਪ੍ਰੋਜੈਕਟਾਂ ਤੋਂ ਫਾਇਦਾ ਉਠਾਣ ਦੇ ਸਾਧਨ ।

ਮੈਂ ਇਹ ਦਸਣਾ ਚਾਹੁੰਦੀ ਹਾਂ ਕਿ ਟਰੈਕਟਰਾਂ ਦੇ ਬਾਵਜੂਦ ਸਾਡੇ ਕਿਸਾਨ ਬਹੁਤੀ ਕੰਮ ਬਲਦਾਂ ਤੇ ਮੱਝਾਂ ਕੋਲੋਂ ਕਈ ਸਾਲ ਲੈਣਗੇ ਇਸ ਦੇ ਉਪਰੰਤ ਜ਼ਿਮੀਂਦਾਰ ਗਾਈਆਂ ਤੋਂ ਦੁਧ ਲੈਂਦੇ ਹਨ ਤੇ ਇਹ ਉਹਨਾਂ ਦੀ ਬਹੁਤ ਵਡੀ ਦੌਲਤ ਹਨ । ਇਸ ਵਾਸਤੇ ਸਰਕਾਰ ਨੂੰ ਪਸ਼ੂਧਨ ਵਲ ਧਿਆਨ ਕਰਨਾ ਚਾਹੀਦਾ ਹੈ । ਜੇਕਰ ਤੁਸੀਂ ਜ਼ਿਮੀਂਦਾਰਾਂ ਨੂੰ ਫਾਇਦਾ ਪਹੁੰਚਾਦੇ ਹੋ ਤਾਂ ਉਨ੍ਹਾਂ ਦੇ ਪਸ਼ੂਧਨ ਦੀਆਂ ਬਿਮਾਰੀਆਂ ਵਲ ਧਿਆਨ ਕਰਕੇ ਉਨ੍ਹਾਂ ਦੇ ਇਲਾਜ ਦਾ ਇੰਤਜ਼ਾਮ ਕੀਤਾ ਜਾਵੇ । ਪਿੰਡਾਂ ਵਿਚ ਡੰਗਰਾਂ ਨੂੰ ਜ਼ਿਆਦਾ ਤਰ ਦੋ ਬਿਮਾਰੀਆਂ ਹੁੰਦੀਆਂ ਹਨ । ਇਕ ਗਲ਼ੀ ਤੇ ਦੂਜੀ ਮੂੰਹ ਖੁਰ ਦੀ ਬੀਮਾਰੀ । ਇਨ੍ਹਾਂ ਦੇ ਇਲਾਜ ਅਤੇ ਡੰਗਰਾਂ ਦੇ ਬਚਾ ਵਾਸਤੇ Veterinary

[ਸ਼੍ਰੀਮਤੀ ਪ੍ਰਕਾਸ਼ ਕੌਰ]

ਇਮਦਾਦ ਵਲ ਹੋਰ ਵੀ ਜ਼ਿਆਦਾ ਤਵੱਜੋ ਕਰਨੀ ਚਾਹੀਦੀ ਸੀ ਪਰ ਮੈਨੂੰ ਅਫ਼ਸੋਸ ਹੈ ਕਿ ਇਸ ਮਹਿਕਮੇ ਦਾ ਖਰਚ ਅਗੇ ਨਾਲੋਂ ਘਟਾ ਦਿਤਾ ਗਿਆ ਹੈ । ਪਿਛਲੇ ਸਾਲ ਇਹਦਾ ਖਰਚ 29 ਲਖ ਰੁਪੈ ਦੇ ਲਗ ਭਗ ਸੀ ਪਰ ਹੁਣ 24 ਲਖ ਦੇ ਕਰੀਬ ਕਰ ਦਿਤਾ ਗਿਆ ਹੈ। ਮੈਂ ਬੇਨਤੀ ਕਰਦੀ ਹਾਂ ਕਿ ਸਰਕਾਰ ਨੂੰ ਜ਼ਿਮੀਂਦਾਰਾਂ ਦੀ ਤਕਲੀਫ ਦਾ ਅੰਦਾਜ਼ਾ ਕਰਨਾ ਚਾਹੀਦਾ ਹੈ । ਜਿਸ ਵੇਲੇ ਉਹ Veterinary Assistant ਕੋਲ ਡੰਗਰਾਂ ਨੂੰ ਟੀਕਾ ਲਗਾਉਣ ਵਾਸਤੇ ਜਾਂਦੇ ਹਨ ਤਾਂ ਉਹ ਜਵਾਬ ਦਿੰਦਾ ਹੈ ਕਿ ਮੇਰੇ ਪਾਸ ਦਵਾ ਨਹੀਂ ਯਾ ਇਹ ਆਖਦਾ ਹੈ ਕਿ ਦਵਾ ਥੋੜੀ ਹੈ । ਇਸ ਵਾਸਤੇ ਜਿਥੇ ਬੀਮਾਰੀ ਪਈ ਹੋਈ ਹੈ ਉਥੇ ਜਾਕੇ ਟੀਕੇ ਲਗਾਵਾਂ ਗਾ । ਮੈਂ ਅਰਜ਼ ਕਰਦੀ ਹਾਂ ਕਿ ਜਿਥੇ ਬੀਮਾਰੀ ਸ਼ੁਰੂ ਹੋ ਚੁਕੀ ਹੋਵੇ ਉਥੇ ਟੀਕਾ ਲਗਾਉਣਾ ਬਿਲਕੁਲ ਬੇਫਾਇਦਾ ਹੁੰਦਾ ਹੈ । ਇਹ ਦਵਾਈ ਉਥੇ ਵਰਤਣੀ ਚਾਹੀਦੀ ਹੈ ਜਿਥੇ ਕਿ ਬੀਮਾਰੀ ਦੀ ਰੋਕ ਹੋ ਸਕੇ । ਬਾਕੀ ਦਵਾਂ ਦੀ ਕਮੀ ਦਾ ਵੀ ਇੰਤਜ਼ਾਮ ਹੋਣਾ ਚਾਹੀਦਾ ਹੈ । ਉਹਦੇ ਵਾਸਤੇ ਇਕ ਅੱਛੀ Institute ਡਗਸ਼ਈ ਵਰਗੀ Vaccine ਤਿਆਰ ਕਰਨ ਵਾਸਤੇ, ਬੜੀ ਆਸਾਨੀ ਨਾਲ ਕਾਇਮ ਕੀਤੀ ਜਾ ਸਕਦੀ ਹੈ ਅਤੇ ਕਾਇਮ ਕਰਨੀ ਚਾਹੀਦੀ ਹੈ । ਜੇ ਇਸ item ਬਾਰੇ Central Government ਨੇ ਆਪਣਾ ਹਿੱਸਾ ਘਟ ਕਰ ਦਿਤਾ ਹੈ ਤਾਂ ਅਸਾਨੂੰ ਆਪ ਖਰਚ ਕਰਨਾ ਚਾਹੀਦਾ ਹੈ । ਇਸ Institute ਵਿਚ ਤਿਆਰ ਕੀਤਾ ਹੋਇਆ Vaccine ਪੈਪਸੂ ਵਿਚ ਅਤੇ ਹੋਰ ਜਗ੍ਹਾ ਵੀ ਲਗੇਗਾ ਇਸ ਵਾਸਤੇ ਸਰਕਾਰ ਨੂੰ ਇਹ ਸੌਦਾ ਘਾਟੇ ਵਿਚ ਨਹੀਂ ਰਹਿਣ ਲਗਾ ।

ਸ੍ਰੀ ਸਪੀਕਰ : ਤੁਹਾਡਾ ਵਕਤ ਹੋ ਗਿਆ ।

ਸ਼੍ਰੀਮਤੀ ਪਰਕਾਸ਼ ਕੌਰ : ਮੈਂ ਬਸ ਇਕ ਦੋ ਗੱਲਾਂ ਹੋਰ ਕਰਨੀਆਂ ਚਾਹੁੰਦੀ ਹਾਂ । ਹਿਸਾਰ ਵਿਚ ਸਾਡਾ ਇਕ ਫਾਰਮ ਹੈ। ਉਥੇ breeding ਦੇ ਬਾਰੇ ਵਿਚ ਜ਼ਿਮੀਂਦਾਰਾਂ ਨੂੰ ਦੱਸਿਆ ਜਾਂਦਾ ਹੈ ਕਿ ਪਸ਼ੂਆਂ ਦੀ ਚੰਗੀ ਨਸਲ ਪੈਦਾ ਕੀਤੀ ਜਾਏ ਤਾਕਿ ਪੰਜਾਬ ਵਿਚ ਦੁਧ ਦੀਆਂ ਨਹਿਰਾਂ ਵਗਨ । ਪਰ ਅਫਸੋਸ ਹੈ ਕਿ ਉੱਥੇ ਸਰਕਾਰ ਨੇ ਬਹੁਤ ਹੀ ਥੋੜੇ ਡੰਗਰ ਰੱਖੇ ਹੋਏ ਹਨ........

ਸ੍ਰੀ ਸਪੀਕਰ : ਹੁਣ ਬਸ ਕਰੋ ।

ਸ਼੍ਰੀਮਤੀ ਪਰਕਾਸ਼ ਕੌਰ : ਬਸ ਇਕ ਮਿੰਟ ਹੋਰ । ਦੂਜਾ point ਇਹ ਹੈ ਕਿ ਜੇ ਅਸਾਂ Projects ਤੋਂ ਫ਼ਾਇਦਾ ਉਠਾਉਣਾ ਹੈ ਤਾਂ ਸ਼ਰੀਰਕ ਸ਼ਕਤੀ ਵਲ ਪਹਿਲੋਂ ਤਵੱਜੁ ਕਰਨੀ ਪਏਗੀ ਅਤੇ ਕਰਨੀ ਚਾਹੀਦੀ ਹੈ । ਪਰ ਇਸ ਬਜਟ ਵਿਚ ਸਰਕਾਰ ਨੇ Public Health ਵਾਸਤੇ ਸਿਰਫ਼ 38 ਲਖ ਰੁਪਿਆ ਰੱਖਿਆ ਹੈ । ਇਹ ਰਕਮ ਬਹੁਤ ਹੀ ਥੋੜੀ ਹੈ । 10,38,000 ਰੁਪਏ ਵਿਚ ਸਰਕਾਰ ਨੇ ਸਤ ਐਂਟੀ ਮਲੇਰੀਆ ਯੂਨਿਟ ਬਣਾਨੇ ਹਨ ਸਾਢੇ ਚਾਰ ਲਖ ਹੋਰ ਖਰਚ ਕੇ ਘੱਟੋ ਘਟ ਦਸ ਅਜਿਹੀਆਂ ਯੂਨਿਟਾਂ ਬਣ ਜਾਣੀਆਂ ਚਾਹੀਦੀਆਂ ਹਨ ।

ਸ੍ਰੀ ਸਪੀਕਰ : ਬਸ ਹੁਣ ਵਰਕਾ ਨਾ ਉਥਲੋ ।

ਸ਼੍ਰੀਮਤੀ ਪਰਕਾਸ਼ ਕੌਰ : ਇਕ ਮਿੰਟ ਹੋਰ ਦੇ ਦਿਓ ।

ਸ੍ਰੀ ਸਪੀਕਰ : ਬਸ ਹੁਣ ਫੇਰ ਸਹੀ । ਕਿਸੀ ਹੋਰ ਮੌਕੇ ਤੇ ਬੋਲ ਲੈਣਾ ।

ਸ਼੍ਰੀਮਤੀ ਪਰਕਾਸ਼ ਕੌਰ : ਬਹੁਤ ਅਛਾ, ਮੈਂ Co-operative ਦੇ ਬਾਰੇ ਵਿਚ ਇਹ ਕਹ ਕੇ ਖਤਮ ਕਰਦੀ ਹਾਂ ਕਿ ਚੌਧਰੀ ਲਹਿਰੀ ਸਿੰਘ ਜੀ ਨੇ ਯਕੀਨ ਦਿਵਾਇਆ ਹੈ ਕਿ ਓਹ ਇਸ organisation ਨੂੰ ਠੀਕ ਕਰਨਗੇ । ਮੈਂ ਉਨ੍ਹਾਂ ਨੂੰ ਇਸ ਤੇ ਵਧਾਈ ਦਿੰਦੀ ਹਾਂ ਅਤੇ ਆਸ ਕਰਦੀ ਹਾਂ ਕਿ ਇਹ ਸਿਰਫ ਗਲ ਹੀ ਨਹੀਂ ਰਹੇਗੀ ਬਲਕਿ ਠੋਸ ਕਮ ਵੀ ਕੀਤਾ ਜਾਵੇਗਾ ਅਤੇ ਵਾਇਦਾ ਪੂਰਾ ਕੀਤਾ ਜਾਇਗਾ ।

श्री मनी राम (फतेहाबाद) : सभापति जी ! आज मैं दोनों तरफ की तकरीरें सुन रहा था। Opposition वाले तो नुक्ताचीनी से शुरू करते थे और नुक्ताचीनी पर ही खत्म करते थे। और बरसरेइकतदार पार्टी वाले अपनी तकरीरें अफ़सोस और नुक्ताचीनी से शुरु करके तारीफ़ पर खत्म करते रहे। अब देखना यह है कि किस बात में कितनी सचाई है। इस बजट को Welfare State बजट कह कर इस की सराहना की गई है। मगर इसे ज़रा गौर से देखें तो असलीयत खुल जाती है। प्रधान जी, Welfare State का यह मतलब नहीं कि ग़रीब ज्यादा ग़रीब और अमीर ज्यादा अमीर होते जाएं। Welfare State का यह मतलब नहीं कि पुलिस के डंडे से लोगों की आवाज़ को दबा कर यह समझ लिया जाए कि सब कुछ ठीक है। सब से पहली बात इस में यह देखनी चाहिये कि रुपया कहां से और किन से लिया जाता है और कहां खर्च किया जाता है। अगर आप किसानों पर और उन की भलाई के लिये रुपया खर्च नहीं करते तो यह Welfare State नहीं हो सकती। इस से वज़ीर खुश हो सकते हैं बड़े बड़े अफ़सर खुश हो सकते हैं मगर अवाम खुश नहीं हो सकते। हम सब अवाम के चुने हुए पंच हैं। अवाम के पंचों को यह समझ लेना चाहिये कि अगर अवाम और किसानों की खबर न ली गई तो Opposition और बरसरे इकतदार पार्टी दोनों खतम हो जायेंगे। मैं आप को बता देना चाहता हूं कि 50 लाख आदमी आप के इखतियार किये हुए तरीकों से बेकार और बेरोज़गार हो रहे हैं। इस से किसानों की हकीकी नुमाइंदों को उन्हें अपनी भलाई के लिये हाथ पांव हिलाने की सलाह देने का मौका मिलेगा। यह जो बाज़ मेम्बर आप के दबाओ और discipline के डर से यहां चुप हैं अपने इलाकों में जा कर इन को भी मुंह खोलना पड़ेगा। मगर इस से भी ज्यादा अजीब बात यह है कि अकाली, कम्युनिस्ट और बरसरे इकतदार पार्टी किसी ने भी किसानों का जिक्र नहीं किया। किसानों की तिकलीफ़ों का यह कोई जबाब नहीं कि बरसरेइकतदार पार्टी के मुखालिफ़ उन्हें भड़का रहे हैं।

उन्हें बरसरेइकतदार पार्टी को अपनी सफ़ाई देनी चाहिये। सवाल यह है कि पंजाब के अंदर बेकारी बढ़ रही है या नहीं। बड़े बड़े दावे किये जाते हैं कि पंजाब आगे जा रहा है। परन्तु समझ नहीं आती कैसे आगे जा रहा है। ज़रा मज़दूरों की हालत को देखिये ! क्या वज़ीर साहिबान जो इस समय बरसरेइकतदार हैं या वे माननीय सदस्य जो किसी समय वज़ीर थे परन्तु अब opposition में जा चुके हैं नहीं जानते कि मज़दूर किस कदर गंदे quarters में रहते हैं। मैं हैरान होता हूं कि वे इतनी गंदगी में ज़िन्दा कैसे रहते हैं। शायद वे इस लिये ज़िन्दा हैं वे समझते हैं कि एक दिन उन के यह पंच जो इस समय सभा में मौजूद हैं उन की हालत को ठीक कर देंगे।

[श्री मनी राम]

स्पीकर साहिब ! यदि हमें ज़्यादा अनाज पैदा करना है तो हम अपने अन्नदाता किसान को सुखी करना होगा । हमें किसान को विश्वास दिलाना होगा कि उसे अपनी ज़मीन से उखेड़ा नहीं जायगा । वह केवल इसी हालत में मन लगा कर काम कर सकता है जब उसे पता हो कि ज़मीन उसी की है । लोग अपने घर वालों को गहने और अच्छे अच्छे कपड़े लेकर देते हैं महिमानों को नहीं । वह इस लिये कि महिमान तो चले जाते हैं परन्तु अपनी औरतें और लड़के बाले तो घर में ही रहते हैं । इस लिये किसान उसी समय मन लगा कर काम कर सकता है जब उसे विश्वास हो कि उसे उस की ज़मीन से कोई न उखाड़ेगा । यदि ऐसा न किया जाये तो उस में श्रम शक्ति पैदा ही नहीं हो सकती । फिर जब तक यह श्रम शक्ति किसान में नहीं आती हम अपने सूबे को Welfare State नहीं बना सकत ।

श्रीमान जी! कई भाइयों ने कहा है कि रोहतक के किस्से को क्यों उठाया जाता है और औरतों की बेइज्ज़ती का ज़िकर बार बार क्यों किया जाता है । मैं कहता हूं कि अगर केवल मेरी अपनी मां या बहन की बेइज्ज़ती हुई होती तो मैं इस बात को पी जाता और नाम तक न लेता । लेकिन यहां तो बात और है । हमें दूसरे की इज्जत को अपनी इज्ज़त समझना है । मैं कहता हूं कि यदि Police ने दशद्दुद किया था तो बरसरेइक्तदार पार्टी ने किसी Magistrate या हाईकोर्ट के जज से inquiry क्यों न करवाई । और तमाम बात जनता के सामने क्यों न आने दी । यह ठीक है कि सूबे में ऐसे अनसर को खत्म करना चाहिये जो अमन में खलल डालता है लेकिन मैं कहता हूं कि एक डाकू और उस Police Officer में क्या फर्क है जो लोगों की औरतों की इज्ज़त पर डाके डालता है और प्रदेश की शान्ति और अमन को भग करता है ।

अध्यक्ष महोदय: यह public meeting या किसी स्कूल का declamation contest नहीं । आप आराम से अपनी बात कीजिये ।

श्री मनी राम: आप को एतराज़ क्या है ।

अध्यक्ष महोदय: जिस ढब से आप तकरीर फरमा रहे हैं ठीक नहीं । House के एहतराम के लिये आप को आराम से बोलना चाहिये ।

श्री मनी राम: मैंने कोई ऐसा लफ़ज नहीं कहा जो House के एहतराम के विरुद्ध हो । यह तो मेरे बोलने का तरीका है । हां यदि मैं ने कोई ग़लत लफ़ज कह दिया हो तो उसे वापिस लेने के लिये तैयार हूं ।

श्रीमान् जी! कहा जाता है कि corruption दूर नहीं होती । मगर यह दूर हो ही कैसे सकती है । देखने में आ रहा है कि हमारी पंजाब सरकार सड़क की किसी गलत तर्फ को नहीं जा रही है बल्कि सड़क के बीचों बीच जा रही है । हमारे वज़ीर साहिबान लोगों को ठीक होने को कहते हैं लेकिन अपनी corruption दूर नहीं करते । हमारे वज़ीर चौधरी लहरी सिंह ने हिसार के लोगों को कहा कि अगर वे कांग्रेस को vote न देंगे तो उनको भाकड़ा का पानी और बिजली नहीं मिलेगी ।

श्री मनी राम : यह सब ग़लत है ।

सिचाई मंत्री: मुझे समझ नहीं आती कि House के descipline को तोड़ने का हक किसी वज़ीर को कैसे हो सकता है ।

Minister for Finance : Sir, the hon. Member should address the Chair.

अध्यक्ष महोदय: आप किसी मेम्बर से बात न करें । आप मेरी तरफ देखें ।

श्री मनी राम: यदि आप चाहते हैं तो microphone का मुंह मैं आप की तरफ किये देता हूं । मैं अर्ज़ कर रहा था कि फतेहबाद में चौधरी लहरी सिंह ने लोगों से कहा कि यदि वे कांग्रेस को वोट न देंगे तो हिसार के लोगों को भाकड़ा की नहर का पानी और बिजली न दी जायेगी । यदि वज़ीरों का यह इखलाक हो तो छोटे लोगों को कैसे कहा जा सकता है कि वे corruption को दूर करें ।

कहा जाता है कि पंजाब तरक्की पर जा रहा है । गया होगा । परन्तु कौनसा पंजाब तरक्की पर गया है । वह पंजाब जो गांवों में बट रहा है । वह तो तरक्की पर नहीं बल्कि तनज़ली पर गया है । हिसार और फिरोज़पुर में कहत और पानी के न होने के कारण कोई डेढ़ लाख पशु भूख से तड़प तड़प कर मर गये ।

अध्यक्ष महोदय : Order please खत्म कीजिये ।

सिचाई मंत्री: इन को खत्म ही करना चाहिये । (हंसी) ।

श्री मनी राम: श्रीमान् जी, वज़ीर साहिब बीच में बोल रहे हैं । यदि यह या Chief Minister भी बीच में बोलेंगे तो मुझे जवाब देना पड़ेगा । आप इन्हें कहें कि यह बीच में न बोलें ।

अध्यक्ष महोदय: आप अपनी तकरीर जारी रखें ।

श्री मनी राम: मुझे दुःख से कहना पड़ता है कि कल से चौधरी लहरी सिंह House के discipline को तोड़ रहे हैं ।

Mr. Speaker : You please go on with your own speech. What right have you to talk of others ?

श्री मनी राम: मैं तो House का ध्यान इस बात की ओर दिला रहा था ।

अध्यक्ष महोदय: आप ऐसा नहीं कर सकते ।

श्री मनी राम: मैं निवेदन करना चाहता हूं कि ज़िला हिसार में लाखों मन चना black में बिका ।

अध्यक्ष महोदय: आपके केवल तीन मिनट और रहते हैं ।

श्री मनी राम: मुझ से ही आप यह सलूक करना चाहते हैं ।

Mr. Speaker : Order, order

श्री मनी राम: आपने और सदस्यों को बहुत समय दिया । ना मालूम मुझे क्यों नहीं देते ।

अध्यक्ष महोदय: आप को यह लफ़ज़ वापिस लेने पड़ेंगे । आपका कहना है कि मेरा आप से treatement partial है । क्या आप को मालूम है आप को कितना वक्त दिया गया है ?

श्री मनी राम: चलो जी, वापिस लेता हूं ।

अध्यक्ष महोदय: चलो जी नहीं । अपने लफ़्ज़ वापिस लीजिये ।

श्री मनी राम: मैं अपने लफ्ज़ वापिस लेता हूं और अपनी तकरीर भी खत्म करता हूं ।

ਸਰਦਾਰ ਸ਼ਿਵ ਸਿੰਘ (ਰਣੀਆਂ): ਪ੍ਰਧਾਨ ਜੀ, ਅਜ ਮਾਨਯੋਗ ਮੈਂਬਰਾਂ ਨੇ ਬਜਟ ਤੇ ਬਹੁਤ ਸਾਰੀਆਂ ਤਕਰੀਰਾਂ ਕੀਤੀਆਂ ਹਨ । ਇਕ ਤਰਫੋਂ ਤੇ ਇਹ ਕਿਹਾ ਗਿਆ ਹੈ ਕਿ ਸਰਕਾਰ ਨੇ ਜਨਤਾ ਦੀ ਭਲਾਈ ਲਈ ਕੁਝ ਨਹੀਂ ਕੀਤਾ ਤੇ ਦੂਜੀ ਤਰਫੋਂ ਇਹ ਕਿਹਾ ਗਿਆ ਹੈ ਕਿ ਸਰਕਾਰ ਸੂਬੇ ਦੀ ਤਰਕੀ ਲਈ ਬਹੁਤ ਕੁਝ ਕਰ ਰਹੀ ਹੈ । ਮਾਨਯੋਗ ਵਜ਼ੀਰ ਖ਼ਜ਼ਾਨਾ ਨੇ ਆਪਣੀ ਤਕਰੀਰ ਵਿਚ ਦਸਿਆ ਹੈ ਕਿ ਸਾਡੀ ਸਰਕਾਰ ਪ੍ਰਾਂਤ ਨੂੰ ਤਰੱਕੀ ਦੀ ਰਾਹ ਤੇ ਚਲਾ ਰਹੀ ਹੈ । ਬਹੁਤ ਸਾਰੇ ਇਸ ਹਾਉਸ ਦੇ ਮੈਂਬਰ ਇਸ ਨੂੰ ਸਵੀਕਾਰ ਕਰਦੇ ਹਨ ਤੇ ਇਹ ਵਖਰੀ ਗਲ ਹੈ ਕਿ ਉਹ ਇਹ ਕਹਿਨ ਕਿ ਸਰਕਾਰ ਨੂੰ ਇਸ ਤੋਂ ਵੀ ਜ਼ਿਆਦਾ ਕੁਝ ਸੂਬੇ ਦੀ ਬੇਹਤਰੀ ਲਈ ਕਰਨਾ ਚਾਹੀਦਾ ਸੀ । ਸਾਨੂੰ ਇਹ ਵੇਖਣ ਦੀ ਲੋੜ ਹੈ ਕਿ ਰੁਪਿਆ ਕਿੱਥੋਂ ਤੇ ਕਿਨ੍ਹਾਂ ਸਾਧਨਾਂ ਨਾਲ ਇਕਠਾ ਕੀਤਾ ਜਾਏ । ਮੈਂ ਮਾਨਯੋਗ ਵਜ਼ੀਰ ਖਜ਼ਾਨਾ ਨੂੰ ਇਸਤਰਾਂ ਦਾ ਚੰਗਾ ਬਜਟ ਪੇਸ਼ ਕਰਣ ਤੇ ਵਧਾਈ ਦੇਂਦਾ ਹਾਂ ਤੇ ਇਹ ਕਹਾਂਗਾਂ ਕਿ ਵਖਰੇ ਵਖਰੇ ਮਹਿਕਮਿਆਂ ਦਿਆਂ ਅਫ਼ਸਰਾਂ ਨੂੰ ਚਾਹੀਦਾ ਹੈ ਕਿ ਜਿਹੜਾ ਰੁਪੈਆ ਉਨ੍ਹਾਂ ਨੂੰ ਦਿੱਤਾ ਗਿਆ ਹੈ ਉਹਨੂੰ ਠੀਕ ਤੇ ਮੁਨਾਸਬ ਢੰਗ ਨਾਲ ਵਰਤਨ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਏਥੇ ਬਜਟ ਪਾਸ ਕੀਤਾ ਜਾਂਦਾ ਹੈ ਤੇ ਤਕਰੀਰਾਂ ਕੀਤੀਆਂ ਜਾਂਦੀਆਂ ਹਨ ਕਿ ਖੇਤੀ ਬਾੜੀ ਦੇ ਮਹਿਕਮੇ ਤੇ ਜ਼ਿਆਦਾ ਰੁਪਏ ਦਾ ਪ੍ਰਬੰਧ ਕੀਤਾ ਜਾਏ ਤਾਂ ਜੋ ਪੈਦਾਵਾਰ ਵਧੇ । ਜ਼ਿਆਦਾ ਦਸਤਕਾਰੀਆਂ ਸਥਾਪਤ ਕੀਤੀਆਂ ਜਾਣ, ਕੋਪਰੇਟਿਵ ਸੋਸਾਇਟੀਆਂ ਬਨਾ ਕੇ ਚੰਗੇ ਤਰੀਕੇ ਨਾਲ ਵਾਹੀ ਕੀਤੀ ਜਾਏ । ਪਰੰਤੂ ਸਾਡੇ ਪ੍ਰਾਂਤ ਦੇ ਮਾਲ ਅਫ਼ਸਰ ਤੇ ਡਿਪਟੀ ਕਮਿਸ਼ਨਰ ਪਹਿਲੀ ਬ੍ਰਿਟਿਸ਼ ਸਰਕਾਰ ਦੇ ਵੇਲੇ ਤੋਂ ਚਲੇ ਆ ਰਹੇ ਹਨ ਤੇ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਵਿਚ ਕੋਈ ਖਾਸ ਤਬਦੀਲੀ ਨਹੀਂ ਆਈ । ਉਸ ਵੇਲੇ ਜਿਹੜੇ ਅਸੈਂਬਲੀ ਦੇ ਮੈਂਬਰ ਹੁੰਦੇ ਸਨ ਉਨ੍ਹਾਂ ਦੀ ਵਜ਼ੀਰਾਂ ਨਾਲ ਖਾਸੀ ਵਾਕਫ਼ੀਅਤ ਹੁੰਦੀ ਸੀ । ਜਦੋਂ ਵਜ਼ੀਰ ਖ਼ਜ਼ਾਨਾ ਅਪਣੀ ਤਕਰੀਰ ਹਾਉਸ ਵਿਚ ਪੜ੍ਹਦੇ ਸਨ ਤੇ ਉਹ ਅਖ਼ਬਾਰ ਵਿਚ ਛਪ ਜਾਂਦੀ ਸੀ ਤੇ ਉਸ ਦੇ ਬਾਅਦ ਲੋਕ ਆਪਣੇ ਅਸਰ ਰਸੂਖ ਨਾਲ ਫਾਇਦਾ ਉਠਾਨ ਦਾ ਜਤਨ ਕਰਦੇ ਸਨ । ਮੈਨੂੰ ਇਸ ਵੇਲੇ ਇਸ ਸਿਲਸਿਲੇ ਵਿਚ ਇਕ ਮਿਸਾਲ ਯਾਦ ਆਈ ਹੈ ਕਿ ਪਿੰਡਾਂ ਵਿਚ ਜਦੋਂ ਕਿਸੇ ਲੜਕੀ ਦਾ ਵਿਆਹ ਹੁੰਦਾ ਹੈ ਤਾਂ ਉਸ ਦੀ ਡੋਲੀ ਤੇ ਬਹੁਤ ਸਾਰੇ ਪੈਸੇ ਸੁਟੇ ਜਾਂਦੇ ਹਨ ਤੇ ਜਿਹੜੇ ਹੁਸ਼ਿਆਰ ਤੇ ਚਾਲਾਕ ਆਦਮੀ ਹੁੰਦੇ ਹਨ ਉਹ ਇਕ ਵਡੀ ਸਾਰੀ ਚਾਦਰ ਆਪਣੇ ਨਾਲ ਲੈ ਆਉਂਦੇ ਹਨ ਤੇ ਡੋਲੀ ਦੇ ਆਸ ਪਾਸ ਉਹ ਚਾਦਰ ਫੈਲਾ ਦੇਂਦੇ ਹਣ ਤੇ ਇਸਤਰ੍ਹਾਂ ਉਹ ਸਾਰੇ ਪੈਸੇ ਇਕਠੇ ਕਰ ਲੈਂਦੇ ਹਨ (ਹਾਸਾ)।

ਜਿੱਥੋਂ ਤਕ Wholesale Co-operative Societies ਬਨਾਉਣ ਦਾ ਸੰਬੰਧ ਹੈ ਉਸ ਦੇ ਬਾਰੇ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਇਕ ਵਾਰੀ ਮੈਂ ਆਪਣੇ ਜ਼ਿਲੇ ਵਿਚ ਗਿਆ ਤੇ ਉਥੇ Assistant Registrar ਸਾਹਿਬ ਦਸਾਂ ਪੰਦਰਾਂ ਆਦਮੀਆਂ ਨੂੰ ਇਕਠਾ ਕਰ ਕੇ ਬੈਠੇ ਹੋਏ ਸਨ ਤੇ Co-oprative Societies ਬਨਾਉਣ ਤੇ ਵਿਚਾਰ ਕਰ ਰਹੇ ਸਨ । Co-operative Societies ਬਨਾਉਣ ਦਾ ਤਦ ਹੀ ਫਾਇਦਾ ਹੋ ਸਕਦਾ ਹੈ ਜੇ ਗਵਰਨਮੇਂਟ ਇਸ ਗਲ ਦੀ ਚੰਗੀ ਤਰ੍ਹਾਂ ਪੜਤਾਲ ਕਰੇ ਕਿ Co-operative Societies ਦੀ ਰਾਹੀਂ ਗਰੀਬ ਲੋਕਾਂ ਨੂੰ ਫਾਇਦਾ ਪਹੁੰਚ ਰਿਹਾ ਹੈ ਕਿ ਨਹੀ । ਅਸਲ ਵਿਚ ਹੁੰਦਾ ਇਹ ਕਿ 200 ਜਾਂ 500 ਘੁਮਾਂ ਜ਼ਮੀਨ ਵਾਲੇ ਮਾਲਕਾਂ ਨੂੰ Co-operative Societies

ਦਾ ਮੈਂਬਰ ਬਨਾ ਲਿਆ ਜਾਂਦਾ ਹੈ ਤੇ ਗ਼ਰੀਬ ਕਿਸਾਨ ਇਨ੍ਹਾਂ ਸੋਸਾਇਟੀਆਂ ਤੋਂ ਫਾਇਦਾ ਨਹੀ ਉਠਾ ਸਕਦੇ । ਮੈਂ ਆਪਣੇ ਜ਼ਿਲੇ ਦੇ ਬਾਰੇ ਵਿਚ ਦਸ ਰਿਹਾ ਸਾਂ ਕਿ Assistant Registrar ਇਕ ਵਾਰੀ ਮੇਰੇ ਜ਼ਿਲੇ ਵਿਚ ਕੁਝ ਆਦਮੀਆਂ ਨੂੰ ਇਕੱਠਾ ਕਰਕੇ ਕੋਆਪਰੇਟਿਵ ਸੋਸਾਇਟੀ ਬਨਾਉਨ ਤੇ ਵਿਚਾਰ ਕਰ ਰਹੇ ਸਨ । ਮੈਂ ਵੀ ਇਤਫਾਕ ਨਾਲ ਉਥੇ ਪਹੁੰਚ ਗਿਆ ਤੇ ਉਨ੍ਹਾਂ ਨੂੰ ਪੁਛਿਆ ਕਿ ਕੀ ਕਰ ਰਹੇ ਹੋ ਤੇ ਉਹ ਕਹਿਣ ਲਗੇ ਕਿ ਕੋਆਪਰੇਟਿਵ ਸੋਸਾਇਟੀ ਬਨਾ ਰਹੇ ਹਾਂ । ਉਨ੍ਹਾਂ ਨੇ ਮੈਨੂੰ ਕਿਹਾ ਕਿ ਸੋਸਾਇਟੀ ਦਾ ਮੈਂਬਰ ਬਨ ਜਾਉ । ਮੈਂ ਮਨ ਨੂੰ ਢਿਲਾ ਕੀਤਾ ਤੇ ਆਖਿਆ ਕਿ ਮੈਂ ਮੈਂਬਰ ਨਹੀਂ ਬਣਨਾ ਚਾਹੁੰਦਾ । ਮੈਂਬਰ ਬਣਨ ਦੀ ਫੀਸ 51 ਰੁਪਏ ਸੀ ਤੇ ਮੈਂ ਕਿਹਾ ਕਿ ਮੇਰੇ ਕੋਲ ਰੁਪਏ ਨਹੀਂ । ਉਨ੍ਹਾਂ ਨੇ ਮੈਨੂੰ ਕਿਹਾ ਕਿ ਫਿਕਰ ਨਾ ਕਰੋ ਮੈਂ ਸਬ ਇਨਸਪੈਕਟਰ ਨੂੰ ਕਹਿ ਦਿਤਾ ਹੈ ਕਿ ਸਰਦਾਰ ਸਾਹਿਬ ਨੂੰ ਮੈਂਬਰ ਬਨਾਉਣਾ ਹੈ ਤੇ ਜਿਹੜੇ ਗ਼ਰੀਬ ਆਦਮੀ ਉਥੇ ਬੁਲਾਏ ਗਏ ਸਨ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਮੈਂਬਰ ਨਾ ਬਨਾਇਆ ਗਿਆ । ਇਕ Retired ਆਦਮੀ ਸੀ ਜਿਸ ਨੂੰ ਉਨ੍ਹਾਂ ਨੇ Co-operative Society ਦਾ ਪ੍ਰੈਜ਼ੀਡੈਂਟ ਬਨਾ ਦੇਣਾ ਸੀ ਜਾਂ ਉਸ ਦੇ ਲੜਕੇ ਨੂੰ ਬਨਾਉਣ ਦਾ ਵਿਚਾਰ ਸੀ । ਸਪੀਕਰ ਸਾਹਿਬ, ਜਿਹੜੇ ਸਜੱਣ ਲਾਇਲਪੁਰ ਤੋਂ ਆਏ ਹਨ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਉਥੇ ਜਿਹੜਾ ਇਕ Co-operative Store ਬਨਾਇਆ ਗਿਆ ਸੀ ਉਸ ਦਾ ਸੈਕ੍ਰੇਟਰੀ ਉਥੋਂ ਦੇ ਇਕ ਅਫ਼ਸਰ ਦੇ ਭਾਈ ਨੂੰ ਤੇ ਇਕ ਐਮ. ਐਲ. ਏ. (M.L.A.) ਨੂੰ ਉਸ ਦਾ ਪ੍ਰੈਜ਼ੀਡੈਂਟ ਬਨਾ ਦਿਤਾ ਗਿਆ ਸੀ । ਜਿਨ੍ਹਾਂ ਸੋਸਾਇਟੀਆਂ ਨੇ ਉਸ ਵਿਚ ਪੈਸੇ ਪਾਏ ਸਨ ਉਨ੍ਹਾਂ ਨੂੰ ਕਿਸੇ ਨੂੰ ਪੈਸੇ ਨਾ ਮਿਲੇ । ਹੁਣ ਉਸ ਦੇ ਬਾਅਦ Assistant Registrar ਉਸ ਦਾ ਪ੍ਰੈਜ਼ੀਡੈਂਟ ਬਨ ਗਿਆ ਹੋਵੇਗਾ ਜਾਂ ਉਸ ਦਾ ਲੜਕਾ ਬਨ ਗਿਆ ਹੋਵੇਗਾ ।

Mr. Speaker : I would ask the hon. Member to wind up his speech.

ਸਰਦਾਰ ਸ਼ਿਬ ਸਿੰਘ : ਸਪੀਕਰ ਸਾਹਿਬ ! ਮੈਂ ਦਸਣਾ ਚਾਹੁੰਦਾ ਹਾਂ ਕਿ ਅਫ਼ਸਰਾਂ ਨੇ ਇਹ ਫੈਸਲਾ ਕੀਤਾ ਹੋਇਆ ਹੈ ਕਿ ਕੇਵਲ ਧੱਨਾਢ ਆਦਮੀਆਂ ਨੂੰ ਹੀ ਕੋਆਪਰੇਟਿਵ ਸੋਸਾਇਟੀਆਂ ਦਾ ਮੈਂਬਰ ਬਨਾਇਆ ਜਾਵੇ ਤੇ ਇਹ ਉਹੀ ਦਸਤੂਰ ਚਲਿਆ ਆ ਰਿਹਾ ਹੈ ਜਿਹੜਾ ਕਿ ਅੰਗ੍ਰੇਜ਼ ਦੇ ਵੇਲੇ ਕਾਇਮ ਸੀ ।

ਇਹ ਹੀ ਹਾਲ Agriculture Department ਦਾ ਹੈ ਕਿ ਜਦੋਂ cane-growers ਦੀਆਂ ਸੋਸਾਇਟੀਆਂ ਬਨਾਈਆ ਜਾਂਦੀਆਂ ਹਨ ਤਾਂ ਕਿਸੇ ਅਫ਼ਸਰ ਦੇ ਰਿਸ਼ਤੇਦਾਰ ਨੂੰ ਸੈਕ੍ਰੇਟਰੀ ਬਨਾਇਆ ਜਾਂਦਾ ਹੈ ਤੇ ਕਿਸੇ ਨੂੰ ਪ੍ਰੈਜ਼ੀਡੈਂਟ (ਵਿਘਨ) ।

Mr. Speaker : I would now ask the hon. Member to resume his seat.

ਸਰਦਾਰ ਅਜਮੇਰ ਸਿੰਘ (ਸਮਰਾਲਾ) **:** ਮਾਨਯੋਗ ਸਪੀਕਰ ਸਾਹਿਬ, ਇਹ ਪੰਜਾਬ ਦਾ ਬਜਟ ਜਿਹੜਾ ਬਹੁਤ ਸਵਾਰਿਆ ਅਤੇ ਸ਼ਿੰਗਾਰਿਆ ਹੋਇਆ ਹੈ ਇਕ ਉਸ ਸਜੇ ਹੋਏ ਹਾਥੀ ਵਰਗਾ ਹੈ ਜਿਹੜਾ ਖੂਬ ਸਜਾਇਆ ਹੋਇਆ ਹੋਵੇ ਅਤੇ ਜਿਸ ਤੇ ਜ਼ਰਾ ਬਕਤਰ ਪਾਇਆ ਹੋਇਆ ਹੋਵੇ । ਉਸ ਸਜੇ ਹੋਏ ਹੋਦੇ ਤੇ ਸਰਦਾਰ ਉਜੱਲ ਸਿੰਘ ਸਵਾਰ ਹਨ । ਅਤੇ ਬਾਕੀ ਦੇ ਛੇ ਵਜ਼ੀਰ ਇਸ ਜਲੂਸ ਵਿਚ ਆਪਣਾ ਆਪਣਾ ਨਿਸ਼ਾਨ ਲੈਕੇ ਤੁਰੇ ਜਾਂਦੇ ਹਨ । ਇਹ ਉਮੀਦ ਕੀਤੀ ਜਾਂਦੀ ਹੈ ਕਿ Opposition ਵੀ ਇਸ ਜਲੂਸ ਦੀ ਤਾਰੀਫ ਕਰੇ । ਪਰੰਤੂ ਮੈਂ ਦਸ ਦਿਆਂ ਕਿ ਜੇ ਸਰਕਾਰ ਇਹ ਚਾਹੁੰਦੀ ਹੈ ਕਿ ਇਸ ਭਜਨ ਮੰਡਲੀ ਦੀ ਤਾਰੀਫ਼ ਕੀਤੀ ਜਾਵੇ ਤਾਂ ਇਸ

[ਸਰਦਾਰ ਅਜਮੇਰ ਸਿੰਘ]

ਨੂੰ ਇਸ ਮਕਸਦ ਲਈ ਕਿਸੇ ਹੋਰ ਪਾਸੇ ਵੇਖਣਾ ਚਾਹੀਦਾ ਹੈ । ਅਸਾਂ ਤਾਂ ਇਹ ਵੇਖਣਾ ਹੈ ਕਿ ਐਡਾ ਵਡਾ ਹਾਥੀ ਕਿੱਧਰੇ ਜੰਤਾ ਨੂੰ ਲਤਾੜੀ ਤਾਂ ਨਹੀਂ ਜਾਂਦਾ । ਇਸ ਹਾਥੀ ਅਗੇ ਕਿਧਰੇ ਐਨਾਂ ਚਾਰਾ ਤਾਂ ਨਹੀਂ ਪਿਆ ਹੋਇਆ ਜਿਤਨਾ ਕਿ ਦਸ ਪੰਦਰਾਂ ਪਸ਼ੂ ਖਾ ਸਕਦੇ ਹਨ । ਅਸਾਂ ਵੇਖਣਾ ਹੈ ਕਿ ਇਸ ਵਿਚ ਓਣਤਾਈ ਕੀ ਹੈ ਅਤੇ ਅਸਲ ਵਿਚ Opposition ਤੋਂ ਆਸ ਵੀ ਇਹੋ ਕਰਨੀ ਚਾਹੀਦੀ ਹੈ । ਕਲ ਚੌਧਰੀ ਲਹਿਰੀ ਸਿੰਘ ਕਹਿੰਦੇ ਸਨ ਕਿ Opposition ਵਾਲੇ ਸਰਕਾਰ ਦੀ ਤਾਰੀਫ ਕਿਉਂ ਨਹੀਂ ਕਰਦੇ ? ਮੈਂ ਸਮਝਦਾ ਹਾਂ ਕਿ ਸਾਡੇ ਕੋਲੋਂ ਇਹ ਅੰਧਾ ਧੁੰਦ ਨਹੀਂ ਹੋ ਸਕਦੀ । ਇਸ ਕੰਮ ਲਈ ਉਸ ਪਾਸੇ ਬਹੁਤ ਆਦਮੀ ਹਨ ।

ਇਸ ਬਜਟ ਬਾਰੇ ਸਭ ਤੋਂ ਪਹਿਲਾਂ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਦੇ ਰਾਜ ਵਿਚ Civil Liberties ਬਿਲਕੁਲ ਖ਼ਤਮ ਹੋ ਚੁਕੀਆਂ ਹਨ । ਅਜ ਅਸੀਂ ਵੇਖਦੇ ਹਾਂ ਕਿ ਕਿਧਰੇ ਦਫਾ 144 ਲੱਗੀ ਹੋਈ ਹੈ । ਕਿੰਨੇ ਹੀ ਮੁਕਦਮੇ ਦਫਾ 188 ਦੇ ਮਾਤਹਿਤ ਅਤੇ Security of State Act ਦੇ ਅਧੀਨ ਚਲਾਏ ਜਾ ਰਹੇ ਹਨ । Section 9 of Punjab Security of State Act ਦੇ ਅਧੀਨ ਉਨ੍ਹਾਂ ਬੱਚਿਆਂ ਤੇ ਮੁਕੱਦਮੇ ਚਲਾਏ ਜਾਂਦੇ ਹਨ ਜਿਨ੍ਹਾਂ ਨੇ Religious ਜਲੂਸ ਵਿਚ ਨਾਅਰੇ ਲਾਏ ਸਨ । ਸਾਡੇ ਚੀਫ ਮਿਨਿਸਟਰ ਸ਼੍ਰੀ ਸੱਚਰ ਜੀ ਨੇ Security Act ਪਾਸ ਹੋਣ ਸਮੇਂ ਕਿਹਾ ਸੀ ਕਿ ਅਸੀ Normal ਹਾਲਾਤ ਵਿਚ ਇਸ ਨੂੰ ਲਾਗੂ ਨਹੀਂ ਕਰਾਂਗੇ । ਕੀ ਹੁਣ abnormal ਹਾਲਾਤ ਹਨ ? ਇਹ ਭਰਾ ਅੰਗਰੇਜ਼ ਦੇ ਵਕਤ ਮੰਘ ਪਾੜ ਪਾੜ ਕੇ ਕਹਿੰਦੇ ਸਨ ਕਿ ਆਜ਼ਾਦੀ ਮਿਲ ਜਾਣ ਤੋਂ ਬਾਦ ਸਭ ਨੂੰ ਤਕਰੀਰ ਦੀ ਆਜ਼ਾਦੀ ਹੋਵੇਗੀ ਹੁਣ ਇਹ ਹਾਲ ਹੈ ਕਿ Leader of the Opposition ਦੇ ਵਿਰੁਧ ਚੋਦਾਂ ਮੁਕਦਮੇ ਚਲਾਏ ਗਏ ਹਨ । ਉਨ੍ਹਾਂ ਚੋਦਾਂ ਮੁਕੱਦਮਿਆਂ ਵਿਚੋਂ ਇਕ ਸਿਰੇ ਚੜ੍ਹਿਆ ਅਤੇ ਉਸ ਵਿਚ ਵੀ A.D.M. ਨੇ ਇਹ ਫੈਸਲਾ ਦਿੱਤਾ ਕਿ ਮੁਕੱਦਮਾ ਬੇਬੁਨਿਆਦ ਹੈ । ਇਸ ਸਰਕਾਰ ਦੇ Legal ਸਲਾਹਕਾਰ ਇਸ ਕਿਸਮ ਦੀ ਸਲਾਹ ਇਸਨੂੰ ਦਿੰਦੇ ਹਨ । ਇਹ ਖਬਰ ਅਮਰੀਕਾ ਦੇ ਇਕ ਅਖਬਾਰ ਵਿਚ ਵੀ ਛਪੀ ਸੀ । ਇਹ ਸ਼ਾਇਦ ਇਸ ਲਈ ਕੀਤਾ ਜਾਂਦਾ ਹੈ ਕਿ ਸਰਕਾਰ Opposition ਨੂੰ ਦਬਾਉਣਾ ਚਾਹੁੰਦੀ ਹੈ ਅਤੇ ਜਿਹੜਾ Congressman ਨਹੀਂ ਹੈ ਉਸਨੂੰ ਇਹ ਸਮਝਦੀ ਹੈ ਕਿ ਉਹ ਪੰਜਾਬ ਵਿਚ ਰਹਿਣ ਦਾ ਮੁਸਤਹਿਕ ਨਹੀਂ । ਮੈਨੂੰ ਤਾਂ ਇਹ ਗਲ ਉਸ ਬਾਣੀਏ ਵਰਗੀ ਨਜ਼ਰ ਆਉਂਦੀ ਹੈ ਜਿਹੜਾ ਕਿਸੇ ਜੱਟ ਦੇ ਉਤੇ ਪਿਆ ਵੀ ਰੋਈ ਜਾਂਦਾ ਸੀ ਕਿਉਂਕਿ ਉਹ ਸਮਝਦਾ ਸੀ ਕਿ ਜੇ ਜੱਟ ਉਤੇ ਆ ਗਿਆ ਤਾਂ ਉਸ ਨੂੰ ਮਾਰੇਗਾ । ਪਿਛਲੇ ਦਿਨੀ ਮੈਨੂੰ ਇਕ ਆਦਮੀ ਮਿਲਿਆ ਜਿਸ ਤੇ ਇਕ ਮੁਕੱਦਮਾ ਚਲ ਰਿਹਾ ਸੀ । ਮੈਂ ਉਸਨੂੰ ਪੁਛਿਆ ਕਿ ਤੂੰ ਤਾਂ ਬਹੁਤ ਦੇਰ ਤਕ ਨਸਿਆ ਰਿਹਾ ਹੈ ਕਿਉਂਕਿ ਤੂੰ ਇਕ ਗਵਾਹ ਨੂੰ ਕੋਠੇ ਤੋਂ ਥੱਲੇ ਸੁਟ ਦਿਤਾ ਸੀ । ਉਸ ਨੇ ਕਿਹਾ ਕਿ ਮੈਂ ਉਸਨੂੰ ਨਹੀਂ ਸੀ ਸੁਟਿਆ; ਉਸਨੂੰ ਸੁਪਨਾ ਆਇਆ ਸੀ ਕਿ ਮੈਂ ਉਸਨੂੰ ਮਾਰਿਆ ਹੈ ਅਤੇ ਉਹ ਡਰ ਕੇ ਕੋਠੇ ਤੋਂ ਥੱਲੇ ਡਿਗ ਪਿਆ ਸੀ । ਇਸ ਤੇ ਉਸ ਆਦਮੀ ਦੇ ਵਿਰੁਧ ਮੁਕੱਦਮਾ ਚਲਾ ਦਿਤਾ ਗਿਆ । ਇਕ ਲਫਜ਼ Anti-social ਸਰਕਾਰ ਨੇ ਘੜ ਲਿਆ ਹੈ ਜਿਸ ਨਾਲ ਕਿਸੇ ਆਦਮੀ ਨੂੰ ਅੰਦਰ ਧਕ ਦਿਤਾ ਜਾਂਦਾ ਹੈ । ਸਰਕਾਰ ਵਿਚ ਈਮਾਨਦਾਰੀ ਹੋਣੀ ਚਾਹੀਦੀ ਹੈ ।

ਦੂਜੀ ਚੀਜ਼ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਮਹਿਕਮਿਆਂ ਵਿਚ ਗ਼ਰੀਬ ਦੀ ਕੋਈ ਸੁਣਵਾਈ ਨਹੀਂ ਹੈ । red tapism ਅੰਗਰੇਜ਼ ਦੇ ਰਾਜ ਦੀ ਤਰਾਂ ਉਸੇ ਤਰਾਂ ਚਲ ਰਿਹਾ ਹੈ । inefficiency ਗੈਰ ਜ਼ਿੰਮੇਵਾਰੀ, ਸੁਸਤੀ, ਅਫਸਰਾਂ ਵਿਚ ਆ ਚੁਕੀ ਹੈ ।

ਉਹ ਗਿਲਾ ਕਰਦੇ ਹਨ ਕਿ ਸਾਡੇ ਕੰਮ ਦੀ ਕੋਈ appreciation ਨਹੀਂ ਹੁੰਦੀ। ਹਾਲਤ ਇਹ ਹੈ ਕਿ ਜੇ ਕੋਈ ਆਮ ਆਦਮੀ ਕੋਈ ਦਰਖ਼ਾਸਤ ਦੇਵੇ ਅਤੇ ਫੇਰ ਉਹ ਉਸ ਦਰਖ਼ਾਸਤ ਨੂੰ ਲੱਭਣਾ ਚਾਹੇ ਤਾਂ ਉਹ ਨਹੀਂ ਮਿਲਦੀ। ਫੇਰ ਉਸ ਦਰਖਾਸਤ ਨੂੰ ਕੋਈ ਤਕੜਾ ਆਦਮੀ ਸਿਫਾਰਿਸ਼ ਨਾਲ ਜਾਂ ਰਿਸ਼ਵਤ ਨਾਲ ਹੀ ਕਢਾ ਸਕਦਾ ਹੈ। ਇਕ ਪੇਂਡੂ ਅਨਪੜ੍ਹ ਨੂੰ ਪੁੱਛੋ ਤਾਂ ਉਹ ਕਹਿੰਦਾ ਹੈ ਕਿ ਅੰਗਰੇਜ਼ੀ ਸਰਕਾਰ ਦੇ ਰਾਜ ਵਿਚ ਇਸ ਤਰ੍ਹਾਂ ਨਹੀਂ ਸੀ ਹੁੰਦਾ। ਇਸ ਸਰਕਾਰ ਨੂੰ ਉਹ ਸਰਕਾਰ ਹੀ ਨਹੀਂ ਸਮਝਦੇ। ਆਜ਼ਾਦੀ ਆਪ ਨੂੰ ਇਸ ਲਈ ਨਹੀਂ ਮਿਲੀ ਕਿ ਜੋ ਤੁਹਾਡੀ ਮਰਜੀ ਹੋਵੇ ਕਰੋ।

ਤੀਸਰੀ ਚੀਜ਼ ਮੈਂ ਆਪਣੇ ਇਲਾਕੇ ਦੇ ਕੁਝ ਪਿੰਡਾਂ ਬਾਰੇ ਕਹਿਣਾ ਚਾਹੁੰਦਾ ਹਾਂ ਸਾਡੇ ਇਲਾਕੇ ਦੇ ਪੰਜਾਂ ਪਿੰਡਾਂ ਨੇ ਜਿਨ੍ਹਾਂ ਦੇ ਨਾਂ ਇਹ ਹਨ; ਪਾਲ ਮਾਜਰਾ, ਪਾਨਾ, ਰੋੜਾ, ਢਾਂਡਾ ਅਤੇ ਗੜ੍ਹੀ ਤਰਖਾਨਾਂ, ਇਕ ਦਰਖ਼ਾਸਤ ਦਿੱਤੀ ਸੀ ਕਿ ਉਨ੍ਹਾਂ ਦੀਆਂ ਫਸਲਾਂ ਸੇਮ ਨਾਲ ਖ਼ਰਾਬ ਹੋ ਰਹੀਆਂ ਹਨ ਉਸ ਦਾ ਪ੍ਰਬੰਧ ਕੀਤਾ ਜਾਵੇ। ਉਹ ਦਰਖ਼ਾਸਤ 26 ਅਗਸਤ ਨੂੰ ਦਿੱਤੀ ਗਈ ਸੀ। 9 ਅਕਤੂਬਰ ਨੂੰ ਜਵਾਬ ਆਉਂਦਾ ਹੈ ਆਪ ਦੀ ਦਰਖਾਸਤ ਤੇ ਗ਼ੌਰ ਹੋ ਰਿਹਾ ਹੈ। ਇਹ ਚੌਧਰੀ ਲਹਿਰੀ ਸਿੰਘ ਦੇ ਮਹਿਕਮੇ ਦਾ ਹਾਲ ਹੈ। ਅਕਤੂਬਰ 1953 ਤੋਂ ਹਜ਼ਾਰਾਂ ਮਨ ਅਨਾਜ ਤਬਾਹ ਹੋ ਚੁਕਿਆ ਹੈ। ਇਨ੍ਹਾਂ ਚੀਜ਼ਾਂ ਦੇ ਹੁੰਦਿਆਂ ਹੋਇਆਂ ਅਸੀਂ ਸਰਕਾਰ ਨੂੰ ਮੁਬਾਰਕ ਕਿਸ ਤਰ੍ਹਾਂ ਦੇ ਸਕਦੇ ਹਾਂ ?

ਇਸ ਤੋਂ ਬਾਦ ਮੈਂ Judiciary ਅਤੇ Executive ਦੇ ਮਾਮਲੇ ਵਲ ਆਪਦਾ ਧਿਆਨ ਦਆਉਣਾ ਚਾਹੁੰਦਾ ਹਾਂ। ਐਨੇ ਸਾਲਾਂ ਤਕ Constitution ਦੇ directive ਨੂੰ ignore ਕਰਨ ਤੋਂ ਬਾਅਦ ਹੁਣ half-hearted measure ਐਗਜ਼ੈਕਟਿਵ ਨੂੰ Judiciary ਤੋਂ ਅਡ ਕਰਨ ਲਈ ਲਏ ਜਾ ਰਹੇ ਹਨ। ਹੁਣ ਵੀ ਇਹ separation ਕੁਝ ਜ਼ਿਲਿਆਂ ਵਿਚ ਕੀਤੀ ਜਾ ਰਹੀ ਹੈ। ਇਸ ਵਿਚ communal considerations ਵੀ ਹੋ ਸਕਦੀਆਂ ਹਨ। ਅੱਜ ਅਸੀਂ ਕੀ ਵੇਖਦੇ ਹਾਂ। ਜਦੋਂ ਕੋਈ ਗਵਾਹ ਕਚਹਿਰੀ ਵਿਚ ਗਵਾਹੀ ਦੇਣ ਲਈ ਆਉਂਦਾ ਹੈ ਤਾਂ ਉਹ P.S.I. ਨੂੰ ਆਪ ਥਾਨੇਦਾਰ ਦੀ ਵਰਦੀ ਵਿਚ ਵੇਖ ਕੇ ਉਸ ਨੂੰ ਆਪ ਥਾਨੇਦਾਰ ਹੀ ਸਮਝਦਾ ਹੈ। ਉਸ ਤੋਂ ਉਹ ਜ਼ਰੂਰ ਡਰ ਜਾਂਦਾ ਹੈ ਅਤੇ ਸੱਚੀ ਗਵਾਹੀ ਨਹੀਂ ਦੇ ਸਕਦਾ।

ਜੇ ਸਰਕਾਰ ਸਹੀ ਮੈਨਿਆਂ ਵਿਚ Executive ਤੇ Judiciary ਨੂੰ separate ਕਰਨਾ ਚਾਹੁੰਦੀ ਹੈ ਤਾਂ ਫੌਰਨ ਸਾਰੇ Districts ਵਿਚ ਇਸ ਸਕੀਮ ਨੂੰ ਲਾਗੂ ਕਰੇ। ਤਜਰਬਾ ਕਰਣ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ। Prosecuting Branch ਵੀ ਉਸੇ ਤਰ੍ਹਾਂ High Court ਦੇ ਮਾਤਹਿਤ ਹੋਣੀ ਚਾਹੀਦੀ ਹੈ ਜਿਸ ਤਰ੍ਹਾਂ Judicial Magistrates ਹਨ।

ਹੁਣ ਮੈਂ National Extension Service Scheme ਸੰਬੰਧੀ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਬੜੀ ਹੈਰਾਨੀ ਦੀ ਗਲ ਹੈ ਕਿ ਇਸ ਸਿਲਸਿਲੇ ਵਿਚ ਗੁੜਗਾਂਵਾਂ ਤੇ ਕਾਂਗੜੇ ਦੇ ਜ਼ਿਲਿਆਂ ਵਲ ਧਿਆਨ ਦਿਤਾ ਗਿਆ ਹੈ ਪਰ ਬੇਟ ਦੇ ਇਲਾਕੇ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਹੈ—ਉਸ ਇਲਾਕੇ ਨੂੰ ਜਿਥੋਂ ਦੇ ਲੋਕ ਬਹੁਤ ਗ਼ਰੀਬ ਹਨ, ਜਿਥੇ ਕੋਈ ਹਸਪਤਾਲ ਨਹੀਂ, ਸਕੂਲ ਨਹੀਂ, ਸੜਕਾਂ ਨਹੀਂ, ਜਿਥੇ ਹਰ ਸਾਲ ਹੜ ਆਉਂਦੇ ਹਨ ਅਤੇ ਤਬਾਹੀ ਮਚਾਂਦੇ ਹਨ। National Extension Service Scheme ਨੂੰ ਸ਼ੁਰੂ ਕਰਨ ਲਈ ਜਿਹੜੀ 70 ਹਜ਼ਾਰ ਅਬਾਦੀ ਤੇ 100 ਪਿੰਡਾਂ ਦੀ ਸ਼ਰਤ ਹੈ ਉਹ ਇਸ ਇਲਾਕੇ ਦੇ

[ਸਰਦਾਰ ਅਜਮੇਰ ਸਿੰਘ]

case ਵਿਚ ਨਰਮ ਕਰ ਦਿਤੀ ਜਾਣੀ ਚਾਹੀਦੀ ਹੈ ਕਿਉਂ ਜੋ ਇਥੇ ਇਤਨੇ ਘਰ ਨਹੀਂ ਹਨ ਅਤੇ ਲੋਕ ਪੰਜ ਕੋ ਮੀਲ ਤੇ ਬੈਠੇ ਖੇਤੀ ਕਰ ਰਹੇ ਹਨ। ਜਿਹੜੇ ਮਕਾਨ ਬਨਾਇ ਜਾਂਦੇ ਹਨ ਉਹ ਵੀ ਹਰ ਸਾਲ ਹੜ ਸਾਫ ਕਰ ਦਿੰਦੇ ਹਨ। ਇਸ ਇਲਾਕੇ ਨੂੰ develop ਕਰਨ ਦੀ ਬੜੀ ਲੋੜ ਹੈ, ਇਸ ਕਰਕੇ ਇਹਨੂੰ ਉਸ ਸਕੀਮ ਵਿਚ ਸ਼ਾਮਿਲ ਕੀਤਾ ਜਾਵੇ।

ਪਰਧਾਨ ਜੀ, ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ Congressmen ਸਰਕਾਰੀ ਕੰਮਾਂ ਵਿਚ ਦਖ਼ਲ ਦੇ ਕੇ Administration ਨੂੰ ਬਹੁਤ ਖ਼ਰਾਬ ਕਰ ਰਹੇ ਹਨ। Consolidation ਦਾ ਮਹਿਕਮਾ ਹੁਣ ਇਕ Judicial ਮਹਿਕਮਾ ਹੋ ਚੁਕਿਆ ਹੈ, ਅਪੀਲਾਂ ਕੀਤੀਆਂ ਜਾ ਚੁਕੀਆਂ ਹਨ, ਇਸ ਕਰ ਕੇ ਕਿਸੇ ਨੂੰ ਹਕ ਨਹੀਂ ਕਿ ਹੁਣ Executive powers ਦਾ ਇਸਤੇਮਾਲ ਕਰੇ। ਮੇਰੇ ਹਲਕੇ ਵਿਚ consolidation ਹੋ ਚੁਕੀ ਹੈ। ਉਥੇ ਕਿਸੇ Minister ਦਾ ਕੋਈ right-hand ਜਾਂ left-handman ਅਫਸਰਾਂ ਤੋਂ ਆਪਣੀ ਮਨ ਮਰਜ਼ੀ ਦੀ ਕਾਰਵਾਈ ਕਰਵਾ ਰਿਹਾ ਹੈ। ਮੈਂ charge ਲਗਾਂਦਾ ਹਾਂ ਕਿ ਭਮਡੀ, ਕੋਲੋਵਾਲ ਅਤੇ ਲਖਨਪੁਰ ਪਿੰਡਾਂ ਵਿਚ congressmen ਦੇ ਰਿਸ਼ਤੇਦਾਰਾਂ ਨੂੰ ਫਾਇਦਾ ਪਹੁੰਚਾਨ ਲਈ ਉਥੋਂ ਦੇ Consolidation Operations ਨੂੰ cancel ਕਰ ਦਿਤਾ ਗਿਆ ਹੈ। ਇਕ ਪਿੰਡ ਵਿਚ ਕਿਸੇ congressman ਦੇ ਭਣਵੱਯੇ ਨੂੰ ਖੁਸ਼ ਕਰਨ ਲਈ ਤੇ ਇਕ ਹੋਰ ਵਿਚ ਇਕ Congressman ਦੇ ਮਾਮੇ ਦੀ ਖਾਤਰ ਇਹ ਚੀਜ਼ ਦਫਾ 82 ਦੇ ਹੇਠ ਕੀਤੀ ਗਈ ਹੈ। ਜੇ ਵਜ਼ੀਰ ਸਾਹਿਬ ਚਾਹੁੰਦੇ ਹਨ ਕਿ ਚੰਗੇ ਕੰਮ ਕਰ ਕੇ ਲੋਕਾਂ ਦੇ ਦਿਲਾਂ ਨੂੰ ਜਿਤੀਆ ਜਾਵੇ ਤਾਂ ਉਹ ਇਸ ਮਾਮਲੇ ਦੀ ਤਹਕੀਕਾਤ ਕਰਾਉਨ ਕਿਉਂ ਇਕ Congress-man ਦੇ ਰਿਸ਼ਤੇਦਾਰ ਦੇ ਕਹਿਨ ਤੇ ਕੁਰਾ ਠੀਕ ਨਹੀਂ ਪਿਆ, ਸਾਰਾ ਬੰਦੋਬਸਤ ਤੋੜ ਦਿਤਾ ਗਿਆ। ਜੇ ਜ਼ਰੂਰਤ ਹੋਵੇ, ਤਾਂ ਮੈਂ ਉਸ ਕਾਂਗਰਸੀ ਦਾ ਨਾਂ ਵੀ ਦਸ ਸਕਦਾ ਹਾਂ।

Cinema shows ਉਪਰ tax ਲਗਾਉਣ ਦਾ ਫੈਸਲਾ ਬੜਾ ਚੰਗਾ ਫੈਸਲਾ ਹੈ। ਇਹਦੇ ਲਗਾਉਣ ਵਿਚ ਮੇਰਾ ਵੀ ਥੋੜਾ ਬਹੁਤ ਹੱਥ ਹੈ ਕਿਉਂ ਜੋ ਪਿਛਲੇ ਸੇਸ਼ਨ ਵਿਚ ਮੈਂ ਸਰਕਾਰ ਨੂੰ ਦਸਿਆ ਸੀ ਕਿ Exhibitors ਬਹੁਤ ਰੁਪਿਆ ਕਮਾ ਰਹੇ ਹਨ ਤੇ ਉਨ੍ਹਾਂ ਦੇ ਉਪਰ ਜ਼ਰੂਰ ਟੈਕਸ ਲਗਾਉਣਾ ਚਾਹੀਦਾ ਹੈ ਹਾਲਾਂ 10 ਰੁਪਏ ਫੀ (show) tax ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਟੈਕਸ ਦੀ ਇਹ ਸ਼ਰਹ ਕੋਈ ਜ਼ਿਆਦਾ ਨਹੀਂ, ਫੇਰ ਵੀ Cinema ਵਾਲਿਆਂ ਨੇ ਹੜਤਾਲਾਂ ਕਰਨੀਆ ਸ਼ੁਰੂ ਕਰ ਦਿਤੀਆਂ ਹਨ। ਮੈਨੂੰ ਸ਼ਕ ਹੈ ਕਿ ਕਿਧਰੇ ਮਾਂ ਆਪ ਹੀ ਚੂੰਡੀ ਵਢ ਕੇ ਤਾਂ ਬੱਚੇ ਨੂੰ ਨਹੀਂ ਰੁਆ ਰਹੀ (ਹਾਸਾ)। ਮੈਂ ਤਾਂ ਚਾਹੁੰਦਾ ਸੀ ਕਿ Cinemas ਨੂੰ nationalise ਕਰ ਲਿਆ ਜਾਂਦਾ ਤੇ ਨਾਲ ਹੀ Distributors ਤੇ ਵੀ ਜਿਹੜੇ ਬਿਨਾਂ ਕਿਸੇ ਖ਼ਾਸ investment ਦੇ ਲੱਖਾਂ ਰੁਪਏ ਕਮਾ ਰਹੇ ਹਨ tax ਲਗਾਇਆ ਜਾਂਦਾ। ਇਸ ਤਰਾਂ ਸਰਕਾਰੀ ਖਜ਼ਾਨੇ ਵਿਚ ਪੰਜ ਲਖ ਤੋਂ ਕਈ ਗੁਣਾਂ ਵਧ ਰਕਮ ਆ ਸਕਦੀ ਸੀ।

ਇਸ ਤੋਂ ਇਲਾਵਾ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ Cottage Industries ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਮੈਂ ਪਿਛਲੇ ਸਾਲ ਦੀ Budget Speech ਤੇ ਇਸ ਵਾਰ ਦੀ Budget Speech ਨੂੰ ਚੰਗੀ ਤਰਾਂ ਪੜ੍ਹਿਆ ਹੈ। ਆਖ਼ਿਰ Finance Minister ਸਾਹਿਬ ਅੰਗਰੇਜ਼ਾਂ ਦੇ ਜ਼ਮਾਨੇ ਦੇ ਹੰਢੇ ਹੋਏ Politician ਹਨ। ਜਿਹੜੀ ਚੀਜ਼

ਨੂੰ ਨਹੀਂ ਕਰਨਾ ਚਾਹੁੰਦੇ ਗੋਲ ਮੋਲ ਤਰੀਕੇ ਨਾਲ ਬਿਆਨ ਕਰ ਦਿੰਦੇ ਹਨ । Cottage Industries ਸੰਬੰਧੀ ਉਹਨਾਂ ਨੇ ਫਰਮਾਇਆ ਹੈ ਕਿ—

Cottage and small scale industries have also received due attention.

ਮੈਂ ਪੁਛਦਾ ਹਾਂ ਕਿ ਸਰਕਾਰ ਕਿਹੜੀਆਂ Small Industries ਦੀ ਤਰੱਕੀ ਵਲ ਧਿਆਨ ਦੇ ਰਹੀ ਹੈ ? ਇਨ੍ਹਾਂ Industries ਨੂੰ ਚਲਾਣ ਵਾਲੇ ਲੁਹਾਰ, ਤਰਖਾਨ, ਰਾਮਦਾਸੀਏ, ਚਮਾਰ ਤਾਂ ਪਿੰਡਾਂ ਵਿਚ ਰਹਿੰਦੇ ਹਨ । ਸਰਕਾਰ ਨੇ ਇਨ੍ਹਾਂ ਲੋਕਾਂ ਦੀ ਹੁਣ ਤਾਈਂ ਕੀ ਮਦਦ ਕੀਤੀ ਹੈ, ਇਨ੍ਹਾਂ ਲਈ ਬਜਟ ਵਿਚ ਕਿਤਨਾ ਰੁਪਿਆ ਰਖਿਆ ਗਿਆ ਹੈ ? ਮੇਰੇ ਖਿਆਲ ਵਿਚ ਜਿਹੜਾ ਰੁਪਿਆ ਛੋਟੀਆਂ Industries ਲਈ ਰਖਿਆ ਜਾਂਦਾ ਹੈ, ਉਹ ਵੀ ਵਡੀਆਂ Industries ਵਾਲੇ ਹੀ ਖਾ ਜਾਂਦੇ ਹਨ ਜਾਂ ਇਹ ਰੁਪਿਆ ਉਨ੍ਹਾਂ Industries ਉਪਰ ਲਗਾ ਦਿਤਾ ਜਾਂਦਾ ਹੈ ਜਿਹੜੀਆਂ ਹੁੰਦੀਆਂ ਤਾਂ ਵਡੀਆਂ ਹਨ ਪਰ ਜਿਨ੍ਹਾਂ ਦੇ ਨਾਂ ਮਿਲੇ ਦੀਆਂ ਕੋਠੀਆਂ ਵਾਂਗੂੰ 'ਕਮਲਾ ਕਾਟੇਜ' ਜਾਂ 'ਅਨੰਦ ਕੁਟੀਰ' ਰਖੇ ਗਏ ਹੁੰਦੇ ਹਨ । ਮੈਂ ਸਮਝਦਾ ਹਾਂ ਕਿ ਹਕੀਕਤ ਵਿਚ ਸਰਕਾਰ Cottage Industries ਦੀ ਉਕਾ ਸਹਾਇਤਾ ਨਹੀਂ ਕਰ ਰਹੀ ।

ਫਿਰ ਸਪੀਕਰ ਸਾਹਿਬ, ਪੰਚਾਇਤਾਂ ਦੀ ਹਾਲਤ ਕੀ ਹੈ । ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਕਿਤਨੀਆਂ ਹਨ । ਉਨ੍ਹਾਂ ਦਾ ਫਰਜ਼ ਹੈ ਕਿ ਉਹ ਗਲੀਆਂ ਪੱਕੀਆਂ ਕਰਨ, ਸਕੂਲ ਚਲਾਣ, ਹੋਰ ਸੌ ਕੰਮ ਕਰਨ । Land Revenue ਦੇ 10 ਫੀ ਸਦੀ ਹਿੱਸੇ ਨਾਲ ਉਨ੍ਹਾਂ ਦਾ ਕੁਝ ਵੀ ਨਹੀਂ ਬਣਦਾ ਕਿਉਂ ਜੋ ਹਰ ਪੰਚਾਇਤ ਨੂੰ 25 ਜਾਂ 30 ਰੁਪਏ ਕੁਲ ਮਿਲਦੇ ਹਨ । ਸਰਕਾਰ ਨੇ ਹੁਣ ਬੜੀ ਛਾਲ ਮਾਰੀ ਹੈ, ਕਹਿੰਦੀ ਹੈ ਕਿ ਪੰਚਾਇਤਾਂ ਨੂੰ 80 ਹਜ਼ਾਰ ਰੁਪਿਆ ਦਿਤਾ ਜਾਏਗਾ । ਸਪੀਕਰ ਸਾਹਿਬ, ਬੇਸ਼ੁਮਾਰ ਪੰਚਾਇਤਾਂ ਹਨ । ਤੁਸੀਂ ਖੁਦ ਸਮਝ ਸਕਦੇ ਹੋ, ਇਕ ਦੇ ਹਿੱਸੇ ਵਿਚ ਕਿਤਨਾ ਰੁਪਿਆ ਆਵੇਗਾ । ਕੀ ਏਨਾ ਥੋੜਾ ਰੁਪਿਆ ਰਖਕੇ ਉਨ੍ਹਾਂ ਨਾਲ ਮਜ਼ਾਕ ਨਹੀਂ ਕੀਤਾ ਜਾ ਰਿਹਾ ? ਇਉਂ ਜਾਪਦਾ ਹੈ ਕਿ ਇਹ ਸਰਕਾਰ ਉਸ ਹਾਥੀ ਵਾਂਗੂੰ ਚਲ ਰਹੀ ਹੈ ਜਿਹੜਾ ਮਸਤੀ ਵਿਚ ਸਰਸ਼ਾਰ ਹੋ ਕੇ ਆਪਣੀ ਸੁੰਡ ਨਾਲ ਆਪਣੇ ਉਪਰ ਵੀ ਤੇ ਦੂਜਿਆਂ ਉਪਰ ਵੀ ਮਿੱਟੀ ਪਾਉਂਦਾ ਹੈ ਪਰ ਸਮਝਦਾ ਹੈ ਕਿ ਉਹ ਜੋ ਕੁਝ ਕਰ ਰਿਹਾ ਹੈ ਠੀਕ ਕਰ ਰਿਹਾ ਹੈ ।

Mr. Speaker : Please wind up now.

ਸਰਦਾਰ ਅਜਮੇਰ ਸਿੰਘ : Just a minute, Sir. ਅਸੀਂ ਸੁਣਿਆ ਹੈ ਕਿ Agriculture College ਨੂੰ ਜਿਹੜਾ ਇਸ ਵੇਲੇ ਲੁਧਿਆਨੇ ਵਿਚ ਹੈ ਕਿਸੇ ਹੋਰ ਥਾਂ ਲੈ ਜਾਣ ਦੀ ਸਲਾਹ ਹੋ ਰਹੀ ਹੈ । ਇਹ ਤਾਂ ਸਾਨੂੰ ਪਤਾ ਨਹੀਂ ਕਿ ਕਿਨਾਂ considerations ਨੂੰ ਵੇਖਦਿਆਂ ਹੋਇਆਂ ਇਹ ਫੈਸਲਾ ਕੀਤਾ ਜਾ ਰਿਹਾ ਹੈ ਪਰ ਅਸੀਂ ਐਨਾ ਕਹਿ ਸਕਦੇ ਹਾਂ ਕਿ ਲੁਧਿਆਨਾ ਬੜੀ central ਥਾਂ ਹੈ । ਤੇ ਉਥੇ ਬੜੇ ਚੰਗੇ ਚੰਗੇ ਕਾਸ਼ਤਕਾਰ ਵਸਦੇ ਹਨ । ਸਰਕਾਰ ਨੇ ਇਸ ਸਿਲਸਿਲੇ ਵਿਚ 500 ਏਕੜ ਜ਼ਮੀਨ requisition ਕੀਤੀ ਸੀ, ਉਥੇ ਇਕ Tube-well ਵੀ ਲਗਾਇਆ ਗਿਆ ਸੀ ਪਰ ਹੁਣ ਤਾਈਂ ਇਸ ਜ਼ਮੀਨ ਤੋਂ ਕੋਈ ਪੈਦਾਵਾਰ ਹਾਸਿਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ । ਜਿਹੜਾ ਰੁਪਿਆ ਪਿਛਲੇ ਸਾਲ ਇਸ ਬਾਰੇ provide ਕੀਤਾ ਗਿਆ ਸੀ । ਜੇ ਉਹ ਖਰਚ ਕੀਤਾ ਜਾਂਦਾ, ਤਾਂ ਸਰਕਾਰ ਨੂੰ ਕਾਫੀ ਆਮਦਨ ਹੋ ਸਕਦੀ ਸੀ । Budget speech ਵਿਚ, ਇਹ ਨਹੀਂ ਦਸਿਆ ਗਿਆ ਕਿ Agriculture College ਉਥੇ ਹੀ ਰਹਿਣਾ ਹੈ ਜਾਂ ਉਸ ਨੂੰ ਕਿਸੇ ਹੋਰ ਥਾਂ ਤੇ shift ਕੀਤਾ ਜਾਣਾ ਹੈ ।

[ਸਰਦਾਰ ਅਜਮੇਰ ਸਿੰਘ]

ਮੈਂ ਇਕ ਦੋ ਗੱਲਾਂ briefly ਕਹਿ ਕੇ ਬੈਠ ਜਾਂਦਾ ਹਾਂ। ਚੰਡੀਗੜ੍ਹ ਵਿਚ local ਲੋਕਾਂ ਨੂੰ ਛੇਤੀ ਨਾਲ ਕਰਜ਼ੇ ਦਿਤੇ ਜਾਣ ਤਾਂ ਜੋ ਉਹ ਅਪਣੇ ਮਕਾਨ ਬਣਾ ਸਕਣ ਤੇ ਸ਼ਹਿਰ ਆਬਾਦ ਹੋਵੇ।

Clerks ਦੇ grades ਇਕੋ ਜਿਹੇ ਕਰ ਦਿਤੇ ਜਾਣ ਨਾਲ ਬੜੀ ਬੇਚੈਨੀ ਫੈਲੀ ਹੋਈ ਹੈ। ਹੁਣ Sessions Judge ਦੇ Reader ਤੇ Sub-Judge Fourth Class ਦੇ Reader ਦੇ grades ਵਿਚ ਕੋਈ ਫਰਕ ਨਹੀਂ ਹੋਵੇਗਾ। ਇਸੇ ਤਰ੍ਹਾਂ Inspection clerk ਤੇ ਹੋਰ ਕਲਰਕਾਂ ਦੇ grades ਇਕੋ ਜਿਹੇ ਹੋਣਗੇ। ਇਸਦਾ ਨਤੀਜਾ ਇਹ ਹੋਵੇਗਾ ਕਿ ਹਰ ਆਦਮੀ ਜ਼ਿੰਮੇਦਾਰੀ ਦੀਆਂ ਪੋਸਟਾਂ ਤੇ ਕੰਮ ਕਰਨ ਤੋਂ ਕਤਰਾਏਗਾ। ਜ਼ਿਆਦਾ ਜ਼ਿੰਮੇਦਾਰੀ ਤੇ ਬੜੀ ਜ਼ਿੰਮੇਦਾਰੀ ਵਾਲੀਆਂ posts ਦੇ grades ਵਿਚ ਬੜੀ ਬਹੁਤ distinction ਜ਼ਰੂਰ ਹੋਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਜ਼ਿਮੇਦਾਰੀ ਵਾਲੀਆਂ posts ਤੇ ਕੰਮ ਕਰਣ ਦਾ incentive ਹੋਵੇ।

Efficiency must be kept in view.

ਮੈਂ ਇਕ ਬੇਨਤੀ ਹੋਰ ਵੀ ਕਰਨੀ ਹੈ। ਪਟਵਾਰੀਆਂ ਤੋਂ ਨਕਲਾਂ ਲੈਣਾ ਹੁਣ ਵੀ ਓਨਾਂ ਹੀ ਮੁਸ਼ਕਲ ਹੈ ਜਿੰਨਾਂ ਕਿ ਪਹਿਲਾਂ ਸੀ। ਦੋ, ਚਾਰ, ਰੁਪਏ ਲਏ ਬਿਨਾ, ਓਹ ਹੁਣ ਵੀ ਕਿਸੇ ਨੂੰ ਨਕਲ ਨਹੀਂ ਦੇਂਦੇ। ਕੋਈ ਅਜਿਹਾ system ਹੋਣਾ ਚਾਹੀਦਾ ਹੈ ਕਿ ਨਕਲ ਲੈਣ ਲਈ ਦਿਤੀ ਗਈ ਹਰ ਅਰਜੀ ਪਹਿਲਾਂ register ਹੋਵੇ ਤਾਂ ਜੋ ਪਿਛੋਂ ਪੁਛ ਗਿਛ ਹੋ ਸਕੇ। ਸਰਕਾਰ ਨੂੰ common man ਦੀਆਂ ਔਕੜਾਂ ਵਲ ਜ਼ਰੂਰੀ ਧਿਆਨ ਦੇਣਾ ਚਾਹੀਦਾ ਹੈ। ਆਮ ਆਦਮੀ ਪਟਵਾਰੀਆਂ ਦੇ ਹਥੋਂ ਬਹੁਤ ਤੰਗ ਹਨ।

श्री तेगराम (खुईयां सरवर): श्रीमान् प्रधानजी। हमारे वित्त मंत्री जी ने इस साल का बजट पेश किया और उन्होंने अपना भाषण भी दिया। मैंने बजट को भी पढ़ा और उन के भाषण को भी ध्यान से सुना है। हमारे विपक्ष के भाइयों ने काफी नुक्ताचीनी की। इस सम्बन्ध में मुझे एक बात याद आई है। नटों की एक फिरका पार्टी होती है। वे लोग कलाबाजियां वगैरा लगा कर लोगों को दिखाते हैं। उन में से एक नट बहुत ऊंचे बांस पर चढ़ता है और उस पर अपने हाथ छोड़ कर कई तरह के खेल करता है और कलाबाज़ियां लगाता है। कभी सिर को ऊंचा करता है कभी नीचा करता है। यहां तक कि जान की बाज़ी लगा कर वह कई प्रकार की कलाएं दिखाता है। लेकिन उस का साथी जो नीचे ढोल बजाता है वह, ऊपर वाला चाहे एक से एक बढ़ चढ़ कर कलायें दिखाए, एक ही आवाज़ ढोल वजा कर लगाता है कि कसर रह गई। मैं समझता हूं कि हमारे उधर के साथी, भी, चाहे गवर्नमैंण्ट कितनी ही कोशिश जनता की तरक्की के लिये करे और कितना रुपया लोगों के लिये खर्च करे, उसी ढोल वाले नट की तरह कहते रहेंगे कि अभी कसर रह गई है। मेरे विचार में उन की यह कसर तो पूरी होने वाली नहीं है। पंजाब सरकार 23 करोड़ से ज़्यादा रुपया लोगों की कल्याणकारी योजनाओं पर खर्च कर रही है लेकिन हमारे विपक्ष के भाइयों को संतोष नहीं हो रहा। हमारी सरकार ने बजट बहुत सोच विचार के बाद तैयार किया है और मैं समझता हूं कि इस के लिये, हमारे वित्त मंत्री और सारा मंत्री मंडल बधाई का पात्र हैं। निस्सन्देह, उन्होंने

बड़ा अच्छा बजट हमारे सामने रखा है लेकिन इस के बारे में एक बात मुझे कहनी है। अगर मुझ से कोई पूछे तो इस सारे बजट का सारांश में एक ही फिकरे में बतलाऊंगा कि "अंधा बांटे शीरनी फिर फिर अपनों को दे" (Interruptions)। प्रधान जी, आप के द्वारा मैं मंत्रियों के सामने यह बात रखना चाहता हूं कि जो मंत्री जिन जिन इलाकों से चुने गये हैं या जिन के जहां खास खास अड्डे हैं। किसी का गुरदासपुर, किसी का अमृतसर किसी का जालन्धर, किसी का लुधियाना और किसी का रोहतक है। (एक आवाज़:—लुधियाना तो किसी का नहीं) या जो मेम्बर डंडा लेकर पीछे पड़ते हैं उन डंडों का ख्याल रख कर हमारे मंत्रिमडल ने यह बजट तैयार किया है। सब से कम ख्याल फिरोज़पुर के ज़िले की तरफ और उस से भी कम ध्यान फाज़िलका की तहसील की ओर और सब से कम ध्यान मेरे हलके खुइयां सरवर की उन्नति की ओर दिया गया है। यह बार्डर का इलाका है और मुझे खेद तो इस बात का है कि यह वह हलका है जहां के लोगों ने विभाजन के पश्चात हमारे सूबे का उन दो चीज़ों को सब से ज़्यादा सप्लाई किया है जिन की विभाजन के बाद इस को सब से ज़्यादा ज़रूरत थी वे चीज़ें हैं रूई और अनाज। ये दोनों चीज़ें मेरे हलके ने सब से अधिक और बढ़िया किस्म की दी हैं। बावजूद इस के उस इलाका की उन्नति का ध्यान नहीं किया गया ! आप यह जान कर खुश होंगे कि पिछले दिनों खेती बाड़ी के महकमे ने मुकाबला रखा था कि कौनसा ज़मींदार और किस इलाके में से सब से ज़्यादा अमरीकन रूई अपने हां पैदा करता है। तो वह इनाम मेरे हलके के ज़मींदार ने ही जीता था। उस ने अपने खेत में सब से ज़्यादा कपास की पैदावार की थी। और इस का श्रेय सारी फाज़िलका तहसील को जाता है। लेकिन अफसोस की बात यह है कि इन सब चीज़ों के होते हुए सरकार ने सब से कम ध्यान उस इलाके की ओर दिया है। जो इलाका सारे सूबे में सब से ज़्यादा फसलें पैदा करता है यदि सरकार उस की उन्नति की ओर उचित ध्यान नहीं देती तो यह उस की कोताही है।

इसी सम्बन्ध में मैं निवेदन करना चाहता हूं कि किस तरह से यह इलाका उपेक्षित किया गया है। पंच-वर्षीय योजना को आरम्भ हुए हमारे देश में ३ साल हो गये हैं। उस के अन्तर्गत पंजाब में पहले 20 करोड़ रुपया खर्च होना था लेकिन बाद में यह रकम 20 करोड़ से 32 करोड़ तक बढ़ा दी गई उस में से 15 करोड़ रुपया खर्च भी हो चुका है लेकिन इस का असर मेरे इलाका में कुछ नहीं पड़ा। मुझे अफसोस है कि मेरे हलके में सरकार ने कुछ भी खर्च नहीं किया। Community Project सामुदायिक योजना के मातहत पंजाब में 2,000 गांवों से ज़्यादा में काम शुरु हो गया है। इस पर कुल राशि जो खर्च होनी है और जो लोगों द्वारा दी गई है उस का अनुमान 80 लाख रुपया है। करीब 60 लाख रुपया खर्च हो चुका है लेकिन इस से भी मेरे इलाका को वंचित रखा गया है। इस से आगे सरकार का विचार स्थानीय उन्नति योजना पर खर्च करने का जो है वह रकम साढ़े आठ लाख रुपया है मुझे अफ़सोस है कि इस में से भी मेरे हलके के हिस्से में कुछ नहीं आया।

अध्यक्ष महोदय ! इसी प्रकार राष्ट्रीय विस्तार सेवा योजना पर सभी बलाकों पर 225 लाख रुपये की राशि खर्च होगी। इस के मातहत हांसी, गुड़गांव, गोहाना, नूरपुर और ऊना आदि में काम शुरु हो गया है लेकिन यहां भी मेरे इलाके को छोड़ दिया गया है।

[श्री तेग राम]

इसी प्रकार सरकार ने अलग अलग महकमों के लिये किये जाने वाले काम बतलाये हैं। अब मैं सड़कों के बारे में निवेदन करूंगा कि 110 मील लम्बी सड़कें सामुदायिक विकास योजना के मातहत और 313 मील लम्बी सड़कें इन क्षेत्रों से बाहर बनाने का विचार सरकार का है। मैं अर्ज करूंगा कि मेरा हलका बहुत रेतला है। वहां पैदावार बहुत होती है लेकिन चूंकि सड़कें नहीं हैं लोगों को पैदावार मंडियों में लाने के लिये बहुत कठिनाई होती है। एक गांव गुमजाल अबोहर से 22 मील के फासले पर है। वहां के लोगों को अपना कपास का गड्डा गांव से मंडी में लाने में एक दिन लगता है और एक दिन वहां पर जिनस बेचने में और एक दिन वापिस आने में लगता है उन के तीन दिन जाया हो जाते हैं। मंडी में कपास का जो भाव होता है उस से गांव में उन को ढाई रुपये मन में कम मिलते हैं। मैं पिछले दो अढ़ाई वर्षों से बहुत कोशिश कर रहा हूं कि इस इलाके में पक्की सड़क बना कर गांवों को मंडी से मिला दिया जाये क्योंकि आने जाने में देहातियों के दो तीन दिन नष्ट हो जाते हैं। वे बहुत परेशान हैं लेकिन इस बजट में उन के लिये कोई गुंजाइश नहीं रखी गई। कई बार कहा गया है कि पटवारी गांवों में नहीं रहते। क्योंकि उन्हें शिकायत होती है कि गांव में हमारे बच्चों के पढ़ने का प्रबन्ध नहीं, यदि गांव से शहर तक पक्की सड़क हो तो पटवारी के लड़के साईकिलों पर चढ़ कर शहर पढ़ने आ सकते हैं। सरकार ने इस तरफ भी ध्यान नहीं दिया। इस इलाके के लोग भारी पैदावार करके और लगान आदि देकर सरकार का खज़ाना इस तरह भरते हैं उन की सुविधाओं की ओर सरकार कोई ध्यान नहीं दे रही। वह इलाका बार्डर का इलाका है। आपने सुना होगा कि वहां खानपुर गांव (तहसील फाज़िल्का) में एक शिवनाथ नामी आदमी जब कि वह अपने खेत में जो बार्डर के बिल्कुल ऊपर है काम कर रहा था पाकिस्तान पुलिस के हाथों मारा गया था। मेरे कहने का मतलब यह है कि यहां के लोग बहुत बहादुर हैं। बार्डर के साथ की एक एक इंच ज़मीन काश्त कर रहे हैं और बावजूद इतनी कठिनाइयों के इतनी अच्छी फसलें पैदा करते हैं, जिस इलाका को दूसरे लोग डर के मारे छोड़ आये हैं। इस इलाके की ज़मीन मोटे रेत वाली है जहां मोटर नहीं चल सकती। उनकी बड़ी भारी मांग है कि वहां पर सड़कें बनाई जायें ताकि वे अपनी पैदावार मंडियों में सुविधा से ला सकें। सिवाना गांव बिल्कुल बार्डर पर है। पाकिस्तान बनने के बाद से एक आदमी वहां से नहीं हिला, चाहे सारे देश में हैदराबाद के झगड़े से या काश्मीर के उपद्रव से लोगों में घबराहट रही। छोटा सा गांव है, लोग बड़े हौसले से रहते हैं। इतना साहस करके बैठे हुए हैं। बहुत बढ़िया फसलें पैदा करते हैं लेकिन मुझे खेद है कि सरकार का उन की तरफ कोई ध्याना नहीं है। प्राइमरी स्कूल तक इस गांव में नहीं खोला गया।

प्रधान जी, इस के आगे मैं बिजली के बारे में कहना चाहता हूं पिछले साल 95 गांव में बिजली पहुंचाई गई और बजट में लिखा गया है कि अब के 306 अन्य गांवों में घरेलू तथा खेती बाड़ी के कामों के लिये बिजली प्राप्य की जायगी। लेकिन मेरे हलके के गांवों तक बिजली पहुंचने वाली नहीं है। मैं निवेदन करना चाहता हूं कि इस में वज़ीरों का कोई कसूर नहीं कुदरती बात है। जैसे रोपड़ से सरहंद नहर निकलती है तो उस में इतना पानी होता है कि देख कर हैरानी होती है लेकिन जब वह मेरे इलाके में गुमजाल टेल पर पहुंचती है तो उस में बहुत थोड़ा मामूली सा पानी रह जाता है। हैरानी होती है कि इतना पानी कहां

जाता है । यही हाल बिजली का है । मेरे इलाका में बिजली की सुविधा का भी ध्यान नहीं रखा गया । इस तरह, स्पीकर साहिब, गुमजाल गांव में जो सरहद्द नहर की टेल (tail) पर है साढ़े तीन हज़ार के सिंचाई के रकबे में से गतवर्ष केवल साढ़े तीन सौ एकड़ के लगभग ज़मीन में पानी मिला जिस के बारे में असेम्बली में पूछे गये एक सवाल के जवाब में बताया गया था । यही हाल बिजली के विषय में भी है । इस में कोई संदेह नहीं कि जोगेंद्र नगर में काफ़ी बिजली पैदा होती है लेकिन मुझे बड़ा अफ़सोस होता है, प्रधान जी, यह कहते हुए कि मेरा इलाका बिजली से भी वंचित है ।

यही स्थिति, अध्यक्ष महोदय, स्कूलों के क्षेत्र में भी है । मेरे इलाके में अस्सी से भी ज़्यादा गांव हैं किंतु एक भी हाई स्कूल नहीं है । यह ठीक है, स्पीकर साहिब, कि अमीर लोगों के बच्चे दूर दूर जाकर और होस्टलों में रह कर अपनी पढ़ाई का इन्तज़ाम कर सकते हैं किंतु इन निर्धन लोगों के लिये अपने बच्चों को गांव से दस पन्द्रह मील दूर शहर में पढ़ने भेजने के लिये सिर्फ़ भोजन पर खर्च करने के लिये प्रतिमास कम से कम 20 या 25 रुपये चाहियें । वह कहां से आयें ? उन के पास तो दो वक्त रोटी खाने के लिये भी पैसे नहीं होते । तो फिर वह बच्चों की पढ़ाई का फालतू खर्च कहां से जुटायें ? मिडल स्कूल भी वहां काफी नहीं हैं । केवल मात्र मेरे सारे हल्के में दो या तीन ही हैं । जब यह कहा जाता है कि गांव वाले हमारे देश की रीढ़ की हड्डी हैं और इस में कोई शक नहीं कि ग्राम विकास और ग्राम उन्नति के लिये और जगहों पर हमारी सरकार काफी कुछ कर रही है लेकिन मैं हैरान हूं कि मेरे इलाके के लोगों का ख्याल मेरी गवर्नमैण्ट को क्यों भूल गया, जब कि इस इलाके की जनता बहुत अधिक और बढ़िया फसलें पैदा करके अपने कर्त्तव्य का पालन करती है । इसलिए मै आप के द्वारा, प्रधान जी, सरकार से प्रार्थना करता हूं कि मेरे इलाके की तरफ भी, जो कि इतना धान्य पैदा करता है और जहां खेती बाड़ी इतनी होती है, खास ध्यान दिया जाये और उसे दिन-प्रति दिन की आवश्यक सहूलियतें पहुंचाई जायें । प्रधान जी ! मुझे बड़े अफसोस से कहना पड़ता है कि जब पिछले दिनों दिसम्बर में यहां एक मीटिंग हुई और उस में भी मैंने विनती की थी कि इस इलाके में हाई स्कूल खोले जायें तो मंत्री महोदय ने उत्तर दिया कि वहां पर स्कूलों को क्या आवश्यकता है ? मैं फिर निवेदन करना चाहता हूं कि बच्चों की आवश्यकताओं और उन के भविष्य को सामने रखते हुए वहां पर भी स्कूलों के खोलने की अत्यन्तावश्यकता है ।

अब मैं चिकित्सा और स्वास्थ्य के प्रश्न को लेता हूं । गत वर्ष 20 आयुर्वेदिक औषधालय खोले जाने का उपबन्ध किया गया किंतु मैं यह देख कर हैरान हूं कि क्यों मेरे इलाका में या इस के आस पास कोई औषधालय नहीं खोला गया है ?

मंत्री : आप को चुनाव में सफलता कैसे मिली ?

श्री तेग राम : मैं पिछले 25 वर्षों से इस इलाके के ग्रामों में काम कर रहा हूं । इस इलाके में कोई ऐसा गांव नहीं जहां मैं पैदल सौ-सौ बार न गया हूं । यद्यपि मैं दोहराना नहीं चाहता, किंतु प्रसंगवश कह दूं कि सिंचाई के मामले को ही आप लें । गुमजाल गांव में सरकार ने साढ़े तीन हज़ार एकड़ के लगभग रकबा सिंचाई के नीचे रखा, किंतु उपरोक्त वर्ष

[श्री तेग राम]

साढ़े तीन सौ एकड़ रकबे को ही पानी मिला है । मेरे इलाके को 40 प्रतिशत पानी allot हुआ हुआ है किंतु बहुत ही कम मिलता है । कारण कि सरहन्द नहर की डेढ़ सौ मील लम्बाई पर यह इलाका आखरी टेल पर है । एक तो रास्ते में कई जगहों पर नहर टूट जाती है और दूसरे टेल (tail) पर होने की वजह से और भी कम पानी पहुंचता है । वहां तो यह स्थिति है कि पीने तक के लिये पानी भी नहीं मिलता ।

सिचाई मंत्री : एक तरफ तो आप कहते हैं कि यहां पैदावार बहुत होती है और खेती बाड़ी का काम लोग बहुत करते हैं । मगर दूसरी तरफ आप कहते है कि बहुत थोड़ा इलाका ज़ेरे काश्त है । आखिर यह मुतज़ाद बयान क्यों ?

श्री तेग राम : मेरे कहने का अभिप्राय यह हैं कि वहां के लोग इतने मेहनती हैं कि वह उपज को बहुत ज्यादा बढ़ा सकते हैं और जो साधन उन्हें उपलब्ध हैं उन से वे औरों के मुकाबिले में काफी पैदावार दिखा रहे हैं । जब कि पंजाब सरकार इस इलाके की उपज को देखते हुए उतना खर्च नहीं करती जितना करना चाहिये । किंतु पानी की वहां पर अभी भी काफ़ी कमी है, इस बात से इनकार नहीं किया जा सकता । पिछली दफ़ा भी मैंने ग़ैर-सरकारी दिन इस विषय पर एक प्रस्ताव इस सदन में पेश किया था जिस में मैंने इस बात का स्पष्ट उल्लेख किया था कि लोगों को खेती बाड़ी के लिये तो क्या पीने तक के लिये पानी नहीं मिलता । उस वक्त मंत्री महोदय के आश्वासन दिलाने पर कि वह इस मामले पर अवश्य ध्यान देंगे और लोगों के इस कष्ट को दूर करेंगे, मैंने वह प्रस्ताव वापस ले लिया था किंतु मुझे बड़े दुख के साथ कहना पड़ता है कि आश्वासन को कार्यान्वित नहीं किया गया । पानी की वहां इतनी तकलीफ़ है कि गांव की औरतें अपने सिर पर घड़े उठा कर आध आध मील दूर से गर्मियों के जलते दिनों में पानी लाती हैं । जहां जहां वहां पर स्थानीय जगहों पर डिग्गियां हैं, उन पर ज़मींदारों का कब्ज़ा है । और नहर का पानी भी ज़मींदारों के पास होता है जो नहीं डालने देते । इस प्रकार ग़रीब लोगों को पीने के पानी की बड़ी कठिनाई है । इसलिये, मैं उम्मीद करता हूं कि सिंचाई मंत्री साहिब अब इस विषय पर अवश्य ध्यान देंगे और लोगों की इस तकलीफ को दूर करने का प्रयत्न करेंगे ।

श्री केशो दास (पठानकोट) : माननीय स्पीकर साहिब ! जहां मैं इस बजट के पेश करने पर फाईनैंस मिनिस्टर (Finance Minister) साहिब को बधाई देता हूं, वहां मेरे इलाके में कुछेक तकलीफें हैं जिन की ओर मैं अपनी सरकार का ध्यान दिलाना चाहता हूं ।

सब से पहिले, स्पीकर साहिब, मैं यह अर्ज़ करना चाहता हूं कि यहां पर सिर्फ एक ही सड़क—पठानकोट-डलहौज़ी सड़क है । यहां पर और सड़कें बनाने की बड़ी ज़रूरत है । पठानकोट की आबादी भी कोई 60,000 से ज़्यादा तक पहुंच चुकी है । यह एक पहाड़ी इलाका के साथ है जहां पर आने जाने के लिये सड़कों की कमी की वजह से लोगों को बहुत तकलीफ़ है । इसलिये मैं सरकार से सिफ़ारिश करता हूं कि डिस्ट्रिक्ट बोर्ड (District Board) को सड़कें बनाने के लिये ग्रांट दी जाये ।

दूसरी तकलीफ़, स्पीकर साहिब, मेरे इलाके के लोगों को पीने के पानी की है। पानी एक निहायत ज़रूरी चीज़ है। इसलिये सरकार को चाहिये कि इस तरफ भी ध्यान दे। क्योंकि लोगों को पांच-पांच और छः छः मील दूर जा कर पानी लाना पड़ता है। सन् 1949 में शप्परकंडी की स्कीम बनी थी लेकिन उस पर अभी तक अमल नहीं किया गया। मैं गुज़ारिश करता हूं सिंचाई के मंत्री साहिब से कि वह इस स्कीम को चालू करवायें और लोगों की तकलीफ़ को दूर करें। हमें पिछले दो वर्षों से यह बताया जा रहा है कि लोगों की पानी की तकलीफ़ को दूर करने के लिये और आबपाशी के लिये ज्यादा पानी मुहैया करने के लिये tube-wells लगाये जा रहे हैं। लेकिन मेरे इलाकों को इस स्कीम में भी नज़रन्दाज़ किया गया। मुझे आशा है कि मिनिस्टर साहिब इस चीज़ पर भी ग़ौर करेंगे।

अब मैं इश्तमाल अराज़ी की तरफ आता हूं। बटाला के बाद इस स्कीम के नीचे पठान कोट की बारी थी लेकिन पठानकोट को छोड़ कर पहले गुरदासपुर में यह काम शुरू किया गया है। मैं डीवैलपमैण्ट मिनिस्टर साहिब से दरखास्त करता हूं कि मेरे इलाके में यह काम पहले किया जाये।

सिंचाई के बारे में भी मैंने एक बात और कहनी है। मैं यह अर्ज़ करना चाहता हूं कि माधोपुर और सुजानपुर की नहरों के किनारे इलाकों को lift system से पानी दिया जाये ताकि पैदावार ज्यादा हो सके और लोग अपनी रोज़ी कमा सकें।

तालीम के सिलसिले में भी, स्पीकर साहिब, मैं एक दो बातें अर्ज़ करना चाहता हूं। एक ग़रीब लड़के और एक अमीर लड़के की तालीम में अभी तक बड़ा फ़र्क चला आ रहा है। जहां कि शहरों के लड़कों के लिये तालीम का मियार ऊंचा रखा हुआ है वहां गांव के लड़कों को बहुत कम तालीम दी जाती है। हमें चाहिये कि गांव वालों को ऊंचा उठाने के लिये सब से पहले उन के लिये अच्छी तालीम का इंतज़ाम करें। ऐसा करने के लिये हर गांव में 10 एकड़ ज़मीन अलग की जाये और वह पंचायतों के सुपुर्द की जाये ताकि उस से आने वाली आमदन को पंचायतें बच्चों के लिये स्कूल खोलने पर लगा सकें।

इस के इलावा, स्पीकर साहिब, महाभारत से पहले जिस तरह श्री कृष्ण जी और सुदामा इकट्ठे एक ही स्कूल में तालीम हासिल करते थे, उसी आदर्श को हमें आज भी अपनाना चाहिये। अमीर और ग़रीब दोनों के बच्चों को यकसां तालीम दी जानी चाहिये। जिस तरह महाभारत के ज़माना में लोगों पर कोई टैक्स नहीं था और जिस प्रकार लोग चैन और आराम की जिन्दगी बसर करते थे उसी तरह अब भी हालात पैदा किये जाने चाहियें। उस ज़माने में तो हिंदुस्तान में बनी हुई चीज़ें बाहर के मुल्कों में जाया करती थीं। अब उस के उल्ट ही है। इसलिये हमें चाहिये कि हम खुद यहीं पर चीज़ें बनायें और मुल्क के पैसे को बाहर जाने से बचायें। मिसाल के तौर पर दवाइयां हैं। उन को बनाने के लिये कच्चा माल यहां से जाता है। हमें चाहिये कि बजाये इस के कि पहले हम कच्चा माल सस्ते दामों पर बेच कर उससे बनी हुई दवाइयां महंगे दामों पर खरीदें, हम खुद ही अपने मुल्क की laboratories में वे दवाइयां तैयार करें।

अध्यक्ष महोदय: आप पंजाब के बारे में कह रहे हैं या सारे हिंदुस्तान के बारे में ?

श्री शेर सिंह: देश-विदेश की बातें कर रहे हैं।

श्री केशोदास : इस के इलावा, स्पीकर साहिब, मैं teachers के grade के मुतअल्लिक भी कुछ कहना चाहता हूं। सन् 1944 से पहले teachers का ग्रेड 80–5–100–5–175 था। सन् 1944 के बाद बी.टी. टीचरों का ग्रेड 90–5–150 और प्रोफैसरों का 150–10–190/10–350 हो गया था। यह ठीक है कि अब बी. ए. बी. टी. टीचरों का ग्रेड 110–8–190/10–250 और प्रोफैसरों का ग्रेड 180–10–320/16–400 कर दिया गया है लेकिन बड़े अफसोस से कहना पड़ता है कि दूसरे टीचरों का ग्रेड नहीं बढ़ाया गया। मुझे उम्मीद है कि हमारे फ़ाईनैंस मनिस्टर (Finance Minister) साहिब उन की तकालीफ़ को भी महसूस करेंगे और उनकी हालत को सुधारेंगे।

एक बात और कह कर मैं अपनी जगह पर बैठ जाऊंगा। हमारे कम्युनिस्ट भाइयों ने बेरोज़गारी का ज़िक्र किया है। मैं उन्हें बताना चाहता हूं कि बेरोज़गारी को पैदा करने के ज़िम्मेदार वे खुद हैं। आखिर बेरोज़गारी कैसे हुई ? इस का आगाज़ दिहातों से हुआ। बजाए लोगों को आपस में लड़ने से बचाने के, इन्होंने ज़मींदारों और किसानों को आपस में लड़ाया। दिहातों में मजदूरों और किसानों की आबादी ज़्यादा हुआ करती थी, जब इन्होंने किसानों और ज़मींदारों को आपस में लड़ा कर किसानों की बेदखलियां करवाईं तो वे लोग शहरों में आ गये। इस तरह जहां पहले शहरों में एक मजदूर था वहां अब 10 हो गए और इस तरह बेरोजगारी बढ़ती बढ़ती और भी ज़्यादा बढ़ गई। जब दिहातों में पैदावार कम हो गई तो उस का असर शहरों में लगी हुई फ़ैक्ट्रियों पर पड़ा और वहां पर भी काम की कमी होने के कारण मज़दूरों में बेरोज़गारी का इज़ाफ़ा हो गया।

अध्यक्ष महोदय : मैंबर साहिब ने आज बड़ी enlightened speech की है। इसलिये अब वह खत्म करें और बाकी चीज़ें फिर किसी वक्त कह लें। दूसरे मैम्बरों ने भी बोलना है।

श्री केशो दास : बहुत अच्छा, स्पीकर साहिब जैसा आप का हुक्म। इन लफ़्ज़ों के साथ मैं फाईनैंस मिनिस्टर साहिब (Finance Minister) को फिर बधाई देता हूं, और अपनी जगह पर बैठता हूं।

ਸ੍ਰੀ ਵਧਾਵਾ ਰਾਮ : ਮਾਨਯੋਗ ਪ੍ਰਧਾਨ ਜੀ ! ਸਾਡੇ ਵਜ਼ੀਰ ਸਾਹਿਬ ਵੇਖਣ ਵਿਚ ਤਾਂ ਬੜੇ ਭੋਲੇ ਭਾਲੇ ਮਾਲੂਮ ਹੁੰਦੇ ਨੇ ਅਤੇ ਜ਼ਬਾਨ ਦੇ ਇੰਨੇ ਮਿਠੇ ਹਨ ਕਿ ਉਹਨਾਂ ਦੀਆਂ ਗੱਲਾਂ ਸੁਣ ਕੇ ਸਾਡੇ ਕਈ ਭਰਾ ਇਹ ਮੰਨ ਲੈਂਦੇ ਹਨ ਕਿ ਉਹ ਸਚ ਮੁਚ ਠੀਕ ਕਹਿ ਰਹੇ ਨੇ। ਪਰ ਜਦੋਂ ਉਨ੍ਹਾਂ ਦੀਆਂ ਗਲਾਂ ਨੂੰ ਪਰਖਿਆ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਗਲਾਂ ਵਿਚ ਰਤੀ ਭਰ ਵੀ ਸਚ ਨਹੀਂ ਹੁੰਦਾ। ਅਸੀ ਜੋ Opposition ਦੇ ਮੈਂਬਰ ਹਾਂ, ਬੜੀ ਇਮਾਨਦਾਰੀ ਨਾਲ ਗੱਲਾਂ ਕਰਦੇ ਹਾਂ ਤੇ ਸਿਧੀਆਂ ਤੇ ਸਾਫ ਕਹਿੰਦੇ ਹਾਂ। ਸਾਡੇ ਕੁਝ ਭਰਾ ਜਿਹੜੇ Treasury Benches ਤੇ ਬੈਠਦੇ ਨੇ, ਉਹ ਵੀ ਕੁਝ ਗਲਾਂ ਮਹਿਸੂਸ ਤਾਂ ਸਾਡੇ ਵਾਂਗੂੰ ਕਰਦੇ ਹਨ ਪਰ ਉਨ੍ਹਾਂ ਦਾ ਕਹਿਣ ਦਾ ਤਰੀਕਾ ਹੋਰ ਹੁੰਦਾ ਹੈ। ਉਹ ਗਲਾਂ ਤਾਂ ਸਚੀਆਂ ਕਹਿ ਦਿੰਦੇ ਨੇ ਪਰ ਕਹਿੰਦੇ ਨੇ ਵਲ ਫੇਰ ਨਾਲ। ਇਸ ਸਿਲਸਿਲੇ ਵਿਚ ਮੈਨੂੰ ਇਕ ਗਲ ਯਾਦ ਆਈ ਹੈ। ਇਕ ਮੁਲਾਜ਼ਮ ਆਪਣੇ ਪਿੰਡ ਗਿਆ। ਤੇ ਉਹ ਜਦੋਂ ਵਾਪਸ ਆਇਆ ਤਾਂ ਇਕ ਹੋਰ ਮੁਲਾਜ਼ਮ ਭਰਾ ਦੇ ਟੱਬਰ ਦਾ ਵੀ ਪਤਾ ਕਰਦਾ ਆਇਆ। ਜਦੋਂ ਦੂਜੇ ਮੁਲਾਜ਼ਮ ਨੇ ਉਸ ਕੋਲੋਂ ਪੁਛਿਆ ਕਿ ਉਸ ਦੇ ਘਰ ਖੈਰ ਖ਼ੈਰੀਅਤ ਤਾਂ ਸੀ ਉਹ ਕਹਿਣ ਲਗਾ ਬਾਕੀ ਸਭ ਠੀਕ ਸੀ ਪਰ ਇਕ ਤੇਰੀ ਕੁੱਤੀ ਮਰ ਗਈ ਹੈ। ਉਸ ਨੇ

ਪੁਛਿਆ ਕਿ ਕੁਤੀ ਕਿਸ ਤਰਾਂ ਮਰੀ ਤਾਂ ਉਸ ਨੇ ਜਵਾਬ ਦਿਤਾ ਕਿ ਤੇਰੇ ਉਠ ਦੀਆਂ ਹੱਡੀਆਂ ਉਸ ਖਾ ਲਈਆਂ ਸਨ ਦਰਦ ਕਰਕੇ ਮਰ ਗਈ ਸੀ । ਤਾਂ ਫਿਰ ਉਸ ਨੇ ਪੁਛਿਆ ਕਿ ਉਠ ਕਿਸ ਤਰਾਂ ਕਾਲਵਸ ਹੋ ਗਿਆ ਤਾਂ ਉਸ ਨੇ ਦਸਿਆ ਕਿ ਉਸਦੇ ਬਾਲ ਬੱਚੇ ਦੀ ਕਬਰਾਂ ਬਨਾਣ ਲਈ ਮਿਟੀ ਢੋਹ ਢੋਹ ਕੇ ਮਰ ਗਿਆ ਸੀ ਤਾਂ ਉਸ ਨੇ ਫਿਰ ਹੈਰਾਨ ਹੋਕੇ ਪੁਛਿਆ ਕਿ ਮੇਰਾ ਬਾਲ ਬੱਚਾ ਕਿਸ ਤਰਾਂ ਮਰ ਗਿਆ ਹੈ ? ਤਾਂ ਉਸ ਨੇ ਇਹ ਦਸਿਆ ਕਿ ਤੇਰੇ ਮਕਾਨ ਦੀ ਛਤ ਢਹਿ ਪਈ ਸੀ ਤੇ ਉਹ ਸਭ ਹੇਠਾਂ ਆਕੇ ਮਰ ਗਏ ਸਨ । ਪ੍ਰਧਾਨ ਜੀ ! ਠੀਕ ਇਸੇ ਤਰਾਂ ਇਹ ਮੇਰੇ ਸਾਥੀ ਕਰਦੇ ਨੇ । ਪਹਿਲੇ ਤਾਂ ਇਹ ਸਾਰੀਆਂ ਖਰੀਆਂ ਖਰੀਆਂ ਗਲਾਂ ਕਹਿੰਦੇ ਨੇ ਪਰ ਪਿਛੋਂ ਆਕੇ ਵਜ਼ੀਰ ਸਾਹਿਬ ਨੂੰ ਵਧਾਈ ਦੇ ਦਿੰਦੇ ਨੇ । ਸਾਡਾ ਗੱਲਾਂ ਕਰਨ ਦਾ ਢੰਗ ਹੋਰ ਹੈ । ਅਸੀ ਤਾਂ ਸਿਧੀਆਂ ਤੇ ਖਰੀਆਂ ਗੱਲਾਂ ਕਹਿੰਦੇ ਹਾਂ ।

ਨੂੰ ਹੋਰ ਵੀ ਘਟਾ ਰਹੇ ਹਾਂ। ਅਸਾਂ ਇਸ ਖਰਚ ਨੂੰ ਚਾਰ ਫੀਸਦੀ ਪਿਛਲੇ ਸਾਲ ਨਾਲੋਂ ਘਟ ਕੀਤਾ ਸੀ ਅਤੇ ਹੁਨ ਇਹ ਇਸ ਵਾਰ 8 ਫ਼ੀ ਸਦੀ ਘਟ ਕਰ ਦਿਤਾ ਹੈ। ਜੇਕਰ ਅਸਾਂ ਆਪਨੀ ਪੁਲਿਸ ਦੇ total ਖਰਚ ਵਿਚੋਂ ਬਾਰਡਰ ਪੁਲਿਸ ਦਾ ਖਰਚ ਕਢ ਦੇਈਏ ਤਾਂ ਸਾਡਾ ਪੁਲਿਸ ਦਾ ਖਰਚ ਬਾਕੀ ਸੂਬਿਆਂ ਦੀ ਨਿਸਬਤ ਬਹੁਤ ਘਟ ਰਹਿ ਜਾਂਦਾ ਹੈ। ਉੱਤਰ ਪਰਦੇਸ਼ ਦਾ ਪੁਲਿਸ ਦਾ ਖਰਚ ਆਪਨੇ ਸਾਰੇ ਖਰਚ ਦਾ 8 ਫੀ ਸਦੀ ਹੈ, ਬਿਹਾਰ ਦਾ 9 ਫੀ ਸਦੀ, ਮਦਰਾਸ ਦਾ 9 ਫੀ ਸਦੀ ਅਤੇ ਬੰਗਾਲ ਦਾ ਗਿਆਰਾਂ ਫੀ ਸਦੀ ਅਤੇ ਸਾਡੇ ਪੰਜਾਬ ਦਾ $8\frac{1}{2}$ ਫੀ ਸਦੀ ਹੈ। ਸਾਡਾ ਖਰਚ ਇਨ੍ਹਾਂ ਤਕਰੀਬਨ ਸਾਰਿਆਂ ਸੂਬਿਆਂ ਨਾਲੋਂ ਘਟ ਹੈ। ਬਾਵਜੂਦ ਇਸ ਗਲ ਦੇ ਕਿ ਸਾਡੇ ਅਗੇ ਕਈ ਮੁਸ਼ਕਲ ਮਸਲੇ ਪੇਸ਼ ਹਨ। ਇਥੇ ਬਾਹਰ ਤੋਂ ਲੋਕੀ ਆਏ ਹੋਏ ਹਨ ਜੇਕਰ ਸਾਡੀ ਪੁਲਿਸ ਨੂੰ ਉਨ੍ਹਾਂ ਵਿਚੋਂ ਕਿਸੇ ਨੂੰ ਢੂੰਡਨਾ ਪੈਂਦਾ ਹੈ ਤਾਂ ਬੜੀ ਔਖਿਆਈ ਪੇਸ਼ ਆਉਂਦੀ ਹੈ। ਬਾਵਜੂਦ ਇਨ੍ਹਾਂ ਗੱਲਾਂ ਦੇ ਅਸੀਂ ਇਸ ਸੰਬੰਧੀ ਖਰਚ ਹੋਰ ਵੀ ਘਟਾ ਰਹੇ ਹਾਂ। ਬਾਕੀ ਮੇਰੇ ਕੁਝ ਦੋਸਤਾਂ ਨੇ ਲੁਧਿਆਨੇ ਦੀ ਡਕੈਤੀ ਦਾ ਜ਼ਿਕਰ ਕੀਤਾ ਹੈ ਤੇ ਕਿਹਾ ਹੈ ਕਿ ਇਸ ਵਿਚ ਸਾਡੀ ਪੁਲਿਸ ਦੀ ਕਮਜ਼ੋਰੀ ਹੈ ਕਿ ਦਿਨ ਦਿਹਾੜੇ ਬਾਜ਼ਾਰ ਦੇ ਵਿਚ ਇਸ ਤਰ੍ਹਾਂ ਡਾਕਾ ਪੈ ਜਾਵੇ। ਇਹ ਗੱਲ ਠੀਕ ਹੈ ਪਰ ਇਹ ਗਲ ਮੇਰੇ ਮਿਤ੍ਰਾਂ ਨੇ ਨਹੀਂ ਦਸੀ ਕਿ ਉਹ ਡਾਕੂ ਤਾਂ ਡਾਕਾ ਮਾਰਨ ਮਗਰੋਂ ਨਸ ਗਏ ਸਨ ਤੇ ਪੁਲਿਸ ਨੂੰ ਭਾਵੇਂ ਪਿਛੋਂ ਖੱਬਰ ਮਿਲੀ ਸੀ ਫੇਰ ਵੀ ਉਸ ਨੇ ਤਹਕੀਕਾਤ ਕਰਕੇ ਹੁਨ੍ਹਾਂ ਡਾਕੂਆਂ ਨੂੰ ਪਕੜ ਲਿਆ ਹੈ। ਇਥੇ ਹੀ ਬਸ ਨਹੀਂ, ਉਸ ਨੇ ਡਾਕੂਆਂ ਦੇ ਇਕ ਹੋਰ ਗਰੋਹ ਨੂੰ ਵੀ ਪਕੜ ਲਿਆ ਹੈ। ਮੈਂ ਸਮਝਦਾ ਹਾਂ ਕਿ ਮੇਰੇ ਮਿਤ੍ਰਾਂ ਨੂੰ ਪੁਲਿਸ ਦੀ ਸਰਾਹਨਾਂ ਵੀ ਕਰਨੀ ਚਾਹੀਦੀ ਹੈ ਜੇਕਰ ਉਹ ਕੋਈ ਚੰਗੇ ਕੰਮ ਕਰੇ। ਇਹ ਠੀਕ ਹੈ ਕਿ ਉਹ ਜਗਾਧਰੀ ਦੀ abducted girls ਦਾ ਪਤਾ ਨਹੀ ਕਢ ਸਕੀ। ਸਾਨੂੰ ਇਸ ਦਾ ਬੜਾ ਅਫ਼ਸੋਸ ਹੈ। ਅਗਲੀ ਗੱਲ ਮੇਰੇ ਕੁਝ ਉਸ ਪਾਸੇ ਦੇ ਮਿਤ੍ਰਾਂ ਨੇ ਅਤੇ ਇਸ ਪਾਸੇ ਦੇ ਇਕ ਮਿਤ੍ਰ ਨੇ ਪਿਛੜੇ ਹੋਏ ਲੋਕਾਂ ਦੇ ਬਾਰੇ ਵਿਚ ਕੀਤੀ ਹੈ। ਮੈਨੂੰ ਇਹ ਸੁਨ ਕੇ ਬੜਾ ਅਫ਼ਸੋਸ ਹੋਇਆ ਹੈ ਕਿ ਗਵਰਨਮੈਂਟ ਪਾਰਟੀ ਦੇ ਇਕ ਮੈਂਬਰ ਨੇ ਵੀ ਇਹ ਕਹਿ ਦਿਤਾ ਕਿ ਸਰਕਾਰ ਨੇ ਪਿਛੜੇ ਹੋਏ ਲੋਕਾਂ ਦੇ ਉਧਾਰ ਲਈ ਕੁਝ ਨਹੀ ਕੀਤਾ। ਓਨ੍ਹਾਂ ਲੋਕਾਂ ਤੇ ਹੋਰ ਵੀ ਜ਼ਿਆਦਾ ਅਫ਼ਸੋਸ ਹੁੰਦਾ ਹੈ ਜੋ ਇਹ ਜਾਨਦੇ ਹੋਇਆਂ ਕਿ ਸਰਕਾਰ ਨੇ ਪਿਛੜੀ ਹੋਈ ਜਾਤੀਆਂ ਲਈ ਬਹੁਤ ਕੁਝ ਕੀਤਾ ਹੈ, ਸਰਕਾਰ ਦੀ ਨਿਖੇਦੀ ਕਰਨ ਕਿ ਇਸ ਨੇ ਓਨ੍ਹਾਂ ਲਈ ਕੁਝ ਨਹੀ ਕੀਤਾ। ਸਰਕਾਰ ਨੇ ਜਿਹੜੇ ਕੰਮ ਕੀਤੇ ਹਨ ਉਨ੍ਹਾਂ ਨੂੰ ਉਸ ਦੀ ਕਦਰ ਕਰਨੀ ਚਾਹੀਦੀ ਹੈ ਜੋ ਕੰਮ ਇਸ ਸਰਕਾਰ ਨੇ ਦਲਿਤ ਜਾਤੀਆਂ ਦੀ ਬੇਹਤਰੀ ਲਈ ਕੀਤੇ ਹਨ। ਓਨ੍ਹਾਂ ਲਈ human nature ਇਸ ਗਲ ਦੀ ਮੰਗ ਕਰਦੀ ਹੈ ਕਿ ਘਟੋ ਘਟ ਮੇਰੇ ਸਾਮ੍ਹਨੇ ਬੈਠੇ ਮਿਤ੍ਰ ਇਨ੍ਹਾਂ ਨੂੰ ਮੰਨ ਤਾਂ ਲੈਨ। ਮੈਂ ਅਰਜ਼ ਕਰਦਾ ਹਾਂ ਕਿ ਸਦੀਆਂ ਦੀ ਗੁਲਾਮੀ ਵਿਚੋਂ ਅਤੇ ਦਬੀ ਹੋਈ ਹਾਲਤ ਵਿਚੋਂ ਇਨ੍ਹਾਂ ਜਾਤੀਆਂ ਨੂੰ ਜੇ ਕਿਸੇ ਕਢਿਆ ਹੈ ਤਾਂ ਓਹ ਹਨ ਮਹਾਤਮਾ ਗਾਂਧੀ ਜੀ ਅਤੇ ਕਾਂਗਰੇਸ ਪਾਰਟੀ। ਉਨ੍ਹਾਂ ਨੂੰ ਹੋਰ ਤਾਂ ਕਿਸੇ ਪਾਰਟੀ ਨੇ ਨਹੀਂ ਸੀ ਉਤਾਂਹ ਚੁਕਿਆ। ਉਹ ਇਹ ਗੱਲ ਕਿਓਂ ਭੁਲ ਗਏ ਨੇ।

ਮਹਾਤਮਾਂ ਗਾਂਧੀ ਅਤੇ ਕਾਂਗਰਸ ਨੇ ਮੁਲਕ ਵਿਚ ਰਾਇਜ ਛੂਤ ਛਾਤ ਨੂੰ ਗੁਨਾਹ ਕਰਾਰ ਦਿਤਾ। ਸਾਡੀ ਪਾਰਲੀਮੈਂਟ ਨੇ ਹਰੀਜਨਾਂ ਨਾਲ ਛੂਤ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਕਾਨੂੰਨ ਪਾਸ ਕੀਤਾ। ਹਰੀਜਨਾਂ ਦੀਆਂ political, economic ਅਤੇ social disabilities ਨੂੰ ਕਿਸ ਨੇ ਦੂਰ ਕੀਤਾ? ਉਹ ਹਰੀਜਨ ਜਿਨ੍ਹਾਂ ਨੂੰ ਪਹਿਲਾਂ ਕੋਈ ਨੇੜੇ ਨਹੀਂ ਸੀ ਲਗਣ ਦਿੰਦਾ ਹੁਣ ਸਭ ਦੇ ਬਰਾਬਰ ਆ ਗਏ ਹਨ। ਮੈਂ ਤਾਂ ਕਹਾਂਗਾ ਕਿ ਹੁਣ ਲੰਬਰਦਾਰੀਆਂ ਮਿਲ ਜਾਨ ਦੇ ਕਾਰਨ ਉਹ

ਮੰਜੀ ਤੇ ਬੈਠਿਆ ਕਰਨਗੇ ਅਤੇ ਜਟ ਜ਼ਮੀਨ ਤੇ । ਇਨ੍ਹਾਂ ਦੀ ਇਹ ਕਦਰ ਵੀ ਕਾਂਗਰਸ ਕਰਕੇ ਹੀ ਹੋਵੇਗੀ । ਫਿਰ ਨੌਕਰੀਆਂ ਵਿਚ ਹਰੀਜਨਾਂ ਦੇ ਹਿਸੇ ਨੂੰ ਵੇਖੋ । ਪਹਿਲਾਂ ਇਹ 15 ਫੀ ਸਦੀ ਹੁੰਦਾ ਸੀ । ਪੰਜਾਬ ਗੌਰਮੈਂਟ ਨੇ ਉਸਨੂੰ ਵਧਾ ਕੇ 19 ਫੀ ਸਦੀ ਕਰ ਦਿਤਾ ਅਤੇ ਹੁਣ 21 ਫੀ ਸਦੀ ਕਰ ਦਿਤਾ ਹੈ (ਤਾੜੀਆਂ) ਇਹ ਜੋ ਕੁਝ ਹੈ ਨਵੀਂ ਭਰਤੀ ਬਾਰੇ ਹੈ, ਪੁਰਾਣੇ ਨੌਕਰੀ ਵਿਚ ਆਏ ਮੁਲਾਜ਼ਮਾਂ ਨੂੰ ਹਟਾਇਆ ਨਹੀਂ ਜਾ ਸਕਦਾ । ਹਰੀਜਨਾਂ ਲਈ ਨੌਕਰੀਆਂ ਰਿਜ਼ਰਵ (reserve) ਕਰਨ ਤੋਂ ਇਲਾਵਾ ਹੋਰ ਭੀ ਕਈ ਸਹੂਲਤਾਂ ਹਨ ਜੋ ਇਨ੍ਹਾਂ ਨੂੰ ਹਾਸਿਲ ਹਨ । Age limit ਬਾਰੇ ਇਨ੍ਹਾਂ ਨਾਲ ਨਰਮੀ ਹੁੰਦੀ ਹੈ । ਜੇਕਰ ਕੋਈ ਹਰੀਜਨ minimum qualification ਭੀ ਰਖਦਾ ਹੋਵੇ ਤਾਂ ਉਸ ਨੂੰ ਸਭ ਤੋਂ ਪਹਿਲਾਂ ਸਰਵਿਸ (service) ਵਿਚ ਲੈ ਲਿਆ ਜਾਂਦਾ ਹੈ । ਫਿਰ ਉਨ੍ਹਾਂ ਦੀ ਭਰਤੀ ਬਲਾਕ ਸਿਸਟਮ' ਨਾਲ ਕੀਤੀ ਜਾਂਦੀ ਹੈ । ਜੇਕਰ ਸਾਡੇ ਪਾਸ 5 ਅਸਾਮੀਆਂ ਖਾਲੀ ਹੋਣ ਤਾਂ ਪਹਿਲੀ ਅਸਾਮੀ ਹਰੀਜਨ ਨੂੰ ਦਿਤੀ ਜਾਂਦੀ ਹੈ। (ਤਾੜੀਆਂ) ਜੇਕਰ ਹਰੀਜਨ ਨਾ ਮਿਲੇ ਤਾਂ ਦੂਸਰੀ ਬਾਰ ਫਿਰ ਇਹ ਪਹਿਲਾਂ ਹਰੀਜਨ ਨੂੰ ਦਿਤੀ ਜਾਏਗੀ । ਜੇਕਰ ਕੋਈ ਭੀ ਆਦਮੀ ਨ ਮਿਲੇ ਤਾਂ ਅਗਲੀ ਵਾਰੀ 5 ਅਸਾਮੀਆਂ ਵਿਚੋਂ ਹਰੀਜਨਾਂ ਨੂੰ ਇਕ ਦੀ ਥਾਂ ਦੋ ਦਿਤੀਆਂ ਜਾਨਗੀਆਂ । ਹਾਂ ਇਹ ਗਲ ਜੁਦਾ ਹੈ ਕਿ minimum qualifications ਵਾਲਾ ਕੋਈ ਵੀ ਹਰੀਜਨ ਨਾ ਮਿਲੇ । ਇਸ ਸਮੇਂ ਜੋ ਹਰੀਜਨ ਭਰਤੀ ਕੀਤੇ ਗਏ ਹਨ ਉਨ੍ਹਾਂ ਵਿਚ 25 ਆਦਮੀ ਕਲਾਸ II ਦੇ ਹਨ, 2,034 ਕਲਾਸ III ਅਤੇ 2,200 ਕਲਾਸ IV ਦੇ ਹਨ । ਇਸ ਤਰ੍ਹਾਂ ਨਵੀਂ ਭਰਤੀ ਵਿਚ 2 ਅਤੇ 3 ਹਜ਼ਾਰ ਹਰੀਜਨਾਂ ਦਾ ਸਰਕਾਰੀ ਨੌਕਰੀ ਵਿਚ ਲਿਆ ਜਾਣਾ ਕੋਈ ਛੋਟੀ ਜਿਹੀ ਗਲ ਨਹੀਂ ਹੈ । (*Interruption*) ਜੇਕਰ ਸਾਨੂੰ ਮੁਕੱਰਰਾ minimum qualifications ਦੇ ਆਦਮੀ ਮਿਲਣ ਤਾਂ ਅਸੀਂ ਉਨ੍ਹਾਂ ਨੂੰ ਪਹਿਲੀ ਕਲਾਸ ਵਿਚ ਲਵਾਂਗੇ ਅਤੇ ਉਨ੍ਹਾਂ ਨੂੰ ਪਹਿਲਾਂ ਵਾਲੀਆਂ ਸਾਰੀਆਂ ਸਹੂਲਤਾਂ ਮਿਲਣਗੀਆਂ ।

ਫਿਰ ਹਰੀਜਨਾਂ ਲਈ Legislature ਵਿਚ ਸੀਟਾਂ ਰੀਜ਼ਰਵ (reserve) ਹਨ । ਪੰਚਾਇਤਾਂ ਵਿਚ ਭੀ ਇਨ੍ਹਾਂ ਲਈ ਹਿਸਾ ਰਖਿਆ ਗਿਆ ਹੈ ਭਾਵੇਂ ਇਨ੍ਹਾਂ ਦੀ ਆਬਾਦੀ ਨਾਮ ਮਾਤਰ ਹੋਵੇ ਪਰ ਹਿਸਾ ਇਨ੍ਹਾਂ ਦਾ ਰਹੇਗਾ । (ਸਰਦਾਰ ਚੰਨਣ ਸਿੰਘ ਧੂਤ ਵਲੋਂ ਵਿਘਨ)

ਸ਼੍ਰੀ ਸਪੀਕਰ : ਸਰਦਾਰ ਸਾਹਿਬ, ਮੈਂ ਆਪਦਾ ਕਈ ਬਾਰ ਲਿਹਾਜ਼ ਕੀਤਾ ਹੈ, ਪਰੰਤੂ ਤੁਸੀਂ *interruption* ਕਰ ਰਹੇ ਹੋ ।

ਸਰਦਾਰ ਚੰਨਣ ਸਿਘ ਧੂਤ : ਸ੍ਰੀ ਮਾਨ ਜੀ ! ਮੈਂ ਤਾਂ ਸਿਰਫ ਇਸੇ ਵਾਰੀ ਹੀ ਬੋਲਿਆ ਹਾਂ ।

ਅਰਥ ਮੰਤ੍ਰੀ : ਮੈਂ ਅਰਜ਼ ਕਰ ਰਿਹਾ ਸਾਂ ਕਿ ਪੰਚਾਇਤਾਂ ਵਿਚ ਹਰੀਜਨਾਂ ਦਾ ਹਿਸਾ ਰੀਜ਼ਰਵ ਕਰ ਦਿਤਾ ਗਿਆ ਹੈ ਭਾਵੇਂ ਉਨ੍ਹਾਂ ਦੀ ਆਬਾਦੀ ਕਿਤਨੀ ਹੀ ਘਟ ਕਿਉਂ ਨਾ ਹੋਵੇ । ਇਸ ਤਰ੍ਹਾਂ ਹਰੀਜਨਾਂ ਦੀ ਤਰੱਕੀ ਅਤੇ ਬੇਹਤਰੀ ਲਈ ਇਨ੍ਹਾਂ ਦੇ ਹਿਸੇ ਪੰਚਾਇਤਾਂ, Legislature ਅਤੇ ਨੌਕਰੀਆਂ ਵਿਚ ਰੀਜ਼ਰਵ ਕਰ ਦਿਤੇ ਗਏ ਹਨ । ਅਠ ਨੌਂ ਲਖ ਰੁਪਿਆ ਇਸ ਗਲ ਤੇ ਖਰਚ ਕੀਤਾ ਜਾ ਰਿਹਾ ਹੈ ਕਿ ਹਰੀਜਨ ਭਾਈਆਂ ਨੂੰ ਸਕੂਲ, ਕਾਲਿਜ ਅਤੇ ਯੂਨੀਵਰਸਟੀ ਵਿਚ ਮੁਫਤ ਤਾਲੀਮ ਮਿਲ ਸਕੇ । ਇਹ ਖਰਚ ਹਰੀਜਨਾਂ ਨੂੰ ਵਜ਼ੀਫੇ ਦੇਣ ਤੇ ਹੋਣਾ ਹੈ ।

[ਅਰਥ ਮੰਤ੍ਰੀ]

ਫਿਰ ਸਾਡੇ ਪਾਸ ਜੋ ਨਿਕੰਮੀ ਜ਼ਮੀਨ ਸੀ ਇਹ ਅਸੀਂ ਹਰੀਜਨਾਂ ਅਤੇ landless tenants ਨੂੰ ਹੀ ਲੰਬੇ ਅਰਸੇ ਲਈ ਦੇ ਦਿਤੀ ਹੈ, ਹੋਰ ਕਿਸੇ ਨੂੰ ਇਹ ਜ਼ਮੀਨ ਨਹੀਂ ਦਿਤੀ ਗਈ। ਇਹ ਜ਼ਮੀਨ ਤਕਰੀਬਨ 4 ਹਜ਼ਾਰ families ਨੂੰ ਦਿਤੀ ਗਈ ਹੈ, ਜਿਸ ਵਿਚ ਇਕ ਹਜ਼ਾਰ families ਹਰੀਜਨ ਹਨ।

ਇਸ ਤੋਂ ਇਲਾਵਾ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਹਰੀਜਨਾਂ ਦੀ industry ਨੂੰ subsidy ਦਿਤੀ ਜਾਵੇ। ਇਸ ਕੰਮ ਲਈ ਅਸੀਂ ਇਕ ਬੋਰਡ ਭੀ ਬਣਾਇਆ ਹੈ। ਮੇਰੇ ਇਕ ਮਿਤਰ ਨੇ ਕਿਹਾ ਸੀ ਕਿ ਚਮਾਰਾਂ ਨੂੰ ਮਦਦ ਮਿਲਣੀ ਚਾਹੀਦੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਬੋਰਡ ਦੀਆਂ ਚਾਰ ਪੰਜ ਬੈਠਕਾਂ ਹੋਈਆਂ ਅਤੇ ਰਾਮਦਾਸੀਆਂ ਨੂੰ ਕਰਜ਼ੇ ਨਹੀਂ ਸਗੋਂ ਗਰਾਂਟਾਂ ਦਿਤੀਆਂ ਗਈਆਂ ਅਤੇ 75 ਅਜਿਹੇ ਆਦਮੀ ਹਨ ਜਿਨ੍ਹਾਂ ਨੂੰ subsidy ਦਿਤੀ ਗਈ ਤਾਂ ਜੋ ਉਹ ਆਪਣਾ ਰੋਜ਼ਗਾਰ ਚੰਗੀ ਤਰ੍ਹਾਂ ਚਲਾ ਸਕਣ। ਇਸਤਰਾਂ ਅਸੀਂ ਤਾਂ ਪੂਰੀ ਪੂਰੀ ਕੋਸ਼ਿਸ਼ ਕਰਦੇ ਹਾਂ ਕਿ ਹਰੀਜਨ ਹਰ ਤਰ੍ਹਾਂ ਤਰੱਕੀ ਕਰਨ। ਫਿਰ ਆਪ ਨੂੰ ਪਤਾ ਹੈ ਕਿ ਅਸੀਂ ਪਿੰਡਾਂ ਵਿਚ ਕੇਹੜਾ ਕਾਨੂੰਨ ਪਾਸ ਕੀਤਾ ਹੈ। ਸ਼ਾਮਲਾਤ ਪੰਚਾਇਤਾਂ ਦੇ ਹਵਾਲੇ ਕੀਤੀ ਹੈ ਜਿਸ ਵਿਚ ਹਰੀਜਨ ਭੀ ਹਿਸੇਦਾਰ ਹੋਣਗੇ।

ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਸਾਡਾ ਹਰ ਸਾਥੀ ਅਤੇ ਖਾਸਕਰ ਪਿਛੜੇ ਹੋਏ ਸਾਥੀ ਉਚੇ ਹੋਣ ਤਾਂ ਜੋ ਸਮੁਚ ਪੰਜਾਬ ਅਤੇ ਦੇਸ਼ ਦੀ ਤਰੱਕੀ ਹੋਵੇ। (ਤਾੜੀਆਂ)

ਫਿਰ ਕਿਹਾ ਗਿਆ ਕਿ civil liberty ਤੇ ਰੋਕ ਲਾਈ ਗਈ ਹੈ, ਲੋਕਾਂ ਦੇ ਮੂੰਹ ਢੱਕੇ ਜਾਂਦੇ ਹਨ। ਮੈਨੂੰ ਇਸ ਗਲ ਦੀ ਸਮਝ ਨਹੀਂ ਆਈ। ਮੇਰੇ ਦੋਸਤ ਖੁਦ ਅਖਬਾਰਾਂ ਪੜ੍ਹਦੇ ਹਨ ਸਗੋਂ article ਭੀ ਲਿਖਦੇ ਹਨ। ਤਕਰੀਰਾਂ ਕਰਦੇ ਹਨ। ਜੇਕਰ ਬਾਵਜੂਦ ਅਜਿਹੀਆਂ ਤਕਰੀਰਾਂ ਅਤੇ ਲਿਖਤਾਂ ਦੇ ਉਹ ਸਮਝਦੇ ਹਨ ਕਿ ਉਹ ਆਜ਼ਾਦ ਨਹੀਂ ਹਨ ਤਾਂ ਮੈਂ ਨਹੀਂ ਸਮਝ ਸਕਦਾ ਕਿ ਆਜ਼ਾਦੀ ਕੀਹ ਹੈ ਅਤੇ ਖਾਸ ਤੌਰ ਤੇ ਜੋ ਮੇਰੇ ਦੋਸਤ ਕੁਝ ਮੁਲਕਾਂ ਦੀ ਸ਼ਲਾਘਾ ਕਰਦੇ ਹਨ, ਜੇਕਰ ਇਹ ਉਥੇ ਹੁੰਦੇ ਤਾਂ ਇਹ ਇਨ੍ਹਾਂ ਬੈਂਚਾਂ ਤੇ ਨਾ ਬੈਠੇ ਹੁੰਦੇ ਬਲਕਿ ਕਿਤੇ ਹੋਰ ਥਾਂ ਤੇ ਹੁੰਦੇ (ਤਾੜੀਆਂ) ਇਥੇ ਹਰ ਕਿਸੇ ਨੂੰ ਰਾਏ ਦੀ ਅਜ਼ਾਦੀ ਹੈ ਅਤੇ ਜੇਕਰ ਕੋਈ ਬੰਦਿਸ਼ ਹੈ ਤਾਂ ਸਿਰਫ ਉਨ੍ਹਾਂ ਤੇ ਜੋ ਨਫਰਤ ਫੈਲਾਉਂਦੇ ਹਨ, ਲੋਕਾਂ ਨੂੰ ਆਪਸ ਵਿਚ ਲੜਾਉਂਦੇ ਹਨ ਅਤੇ ਮੁਲਕ ਦੇ ਅਮਨ ਨੂੰ ਭੰਗ ਕਰਦੇ ਹਨ। ਅਜਿਹੀਆਂ ਗਲਾਂ ਤੇ ਰੋਕ ਲਾਈ ਗਈ ਹੈ ਅਤੇ ਉਹ ਇਸ ਲਈ ਕਿ ਆਮ ਜਨਤਾ ਅਜ਼ਾਦ ਰਹਿ ਸਕੇ ਸਿਰਫ ਥੋੜੇ ਜਿਹੇ ਆਦਮੀ ਨਹੀਂ। (ਤਾੜੀਆਂ)

ਫਿਰ ਮੇਰੇ ਕੁਝ ਮਾਨਯੋਗ ਮਿਤਰਾਂ ਨੇ Transport Nationalisation ਦਾ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ Ministry ਨੇ ਇਸ ਗਲ ਦਾ ਫੈਸਲਾ ਇਸ ਲਈ ਕੀਤਾ ਹੈ ਕਿ ਇਸ ਨਾਲ ਸਿਖਾਂ ਨੂੰ ਸਟ ਵਜਣੀ। ਉਨ੍ਹਾਂ ਆਖਿਆ ਕਿ ਅਸੀਂ ਇਕ ਖਤਰਨਾਕ ਚੀਜ਼ ਨੂੰ ਹਥ ਵਿਚ ਲੈ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਹਿਸਾਬ ਨਹੀਂ ਆਉਂਦਾ ਕਿ ਇਸ ਕੰਮ ਵਿਚ ਨੁਕਸਾਨ ਹੈ। ਹੋ ਸਕਦਾ ਹੈ ਕਿ ਸਾਨੂੰ ਉਨ੍ਹਾਂ ਨਾਲੋਂ ਜ਼ਿਆਦਾ ਹਿਸਾਬ ਆਉਂਦਾ ਹੋਵੇ। Transport Nationalisation ਸਾਡੇ ਸੂਬੇ ਵਿਚ ਹੀ ਨਹੀਂ ਸਗੋਂ ਹੋਰ ਸੂਬਿਆਂ ਨੇ ਇਸ ਪਾਸੇ ਬਹੁਤ ਤਰੱਕੀ ਕਰ ਲਈ ਹੈ ਅਤੇ ਫਾਇਦਾ ਉਠਾ ਰਹੇ ਹਨ। ਇਸ ਦਾ ਫੈਸਲਾ ਸਾਡੇ ਸੂਬੇ ਵਿਚ ਭੀ ਹੁਣੇ ਜਿਹੇ ਨਹੀਂ ਕੀਤਾ ਗਿਆ। ਇਸ ਦਾ ਫੈਸਲਾ ਸਾਡੇ ਦੋਸਤ ਅਕਾਲੀ ਪਾਰਟੀ ਦੇ ਦਿਮਾਗ਼, ਗਿਆਨੀ ਕਰਤਾਰ ਸਿੰਘ ਨੇ ਕੀਤਾ ਸੀ।

ਪਰ ਫਿਰ ਵੀ ਮੈਂ ਇਹ ਕਹਾਂਗਾ ਕਿ ਤੁਹਾਨੂੰ ਨੁਕਸਾਨ ਪਹੁੰਚਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਜਿਥੋਂ ਤਕ Nationalisation of Transport ਦਾ ਤਾਲੁਕ ਹੈ । ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਰਾਹ ਵਿਚ ਕਈ ਔਕੜਾਂ ਸਨ । ਇਸ ਲਈ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਇਸ ਨੂੰ ਹੋਰ ਤਿੰਨ ਵਰ੍ਹੇ nationalise ਨਾ ਕੀਤਾ ਜਾਵੇ ਪਰ ਇਹ ਸਕੀਮ ਤਾਂ ਜਿਵੇਂ ਕਿ ਮੈਂ ਪਹਿਲਾਂ ਦਸ ਚੁਕਿਆ ਹਾਂ ਬੜੇ ਲਾਇਕ ਅਤੇ ਅਕਾਲੀਆਂ ਦੇ ਸਿਆਣੇ ਲੀਡਰ ਦੀ ਕਾਢ ਸੀ ਅਤੇ ਅਸੀਂ ਜੇਕਰ ਗਿਆਨੀ ਕਰਤਾਰ ਸਿੰਘ ਦੇ ਫੈਸਲੇ ਦੀ ਪਾਲਣਾ ਵਿਚ ਨੇਸ਼ਨਲਾਈਜ਼ ਕਰਨ ਲਗੇ ਹਾਂ ਤਾਂ ਇਸ ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ । (ਪ੍ਰਸੰਸਾ) ਇਸ ਨਾਲ ਸਾਰਿਆਂ ਨੂੰ ਫ਼ਾਇਦਾ ਹੈ । ਜਨਤਾ ਜੋ ਸਫਰ ਕਰਦੀ ਹੈ ਉਸਨੂੰ ਸਹੂਲਤ ਹੋਵੇਗੀ ਅਤੇ ਵਧ ਸਫ਼ਰ ਕਰਨ ਨਾਲ ਆਮਦਨ ਵਧ ਹੋਵੇਗੀ ਤੇ ਵਧ ਆਮਦਨ ਤੇ ਸਰਕਾਰ ਨੂੰ ਮੁਨਾਫਾ ਵਧ ਮਿਲੇਗਾ ਅਤੇ ਇਹੀ ਮੁਨਾਫ਼ੇ ਦਾ ਰੁਪਿਆ ਮੁੜ ਪਬਲਕ ਦੀ ਭਲਾਈ ਲਈ ਖਰਚ ਕੀਤਾ ਜਾਵੇਗਾ । ਤਾਂ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਹਰਜ ਨਹੀਂ ਜੇਕਰ ਟਰਾਂਸਪੋਰਟ ਨੇਸ਼ਨਲਾਈਜ਼ ਕਰ ਦਿਤਾ ਜਾਵੇ । ਕਈ ਦੋਸਤਾਂ ਨੇ ਕਿਹਾ ਹੈ ਕਿ ਇਹ ਨੁਕਸਾਨ ਵਾਲੀ ਚੀਜ਼ ਹੈ ਅਤੇ ਇਸ ਤੋਂ ਸਿਵਾਏ ਘਾਟੇ ਦੇ ਹੋਰ ਕਿਸੇ ਦੀ ਆਸ ਨਹੀਂ ਪਰ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ 63 ਲਖ ਰੁਪਿਆ ਬਸਾਂ ਤੇ ਖਰਚ ਹੋਇਆ ਸੀ ਜਿਸ ਤੋਂ 29 ਲਖ ਰੁਪੈ ਦੀ ਰਕਮ ਖਾਲਸ ਮੁਨਾਫ਼ੇ ਦੀ ਹੈ । ਇਸ ਦੇ ਨਾਲ ਹੀ 7 ਲਖ ਰੁਪਿਆ ਰਿਜ਼ਰਵ ਫੰਡ ਵਿਚ ਰਖ ਲਿਆ ਗਿਆ ਹੈ । 78 ਹਜ਼ਾਰ ਦੀ ਰਕਮ depreciation ਬਾਰੇ ਵੀ ਅਲੇਹਦਾ ਰਖ ਲਈ ਗਈ ਹੈ ।

ਟੈਕਸ ਦੇ ਬਾਰੇ ਵਿਚ ਮੈਂ ਦਸ ਦੇਵਾਂ ਕਿ ਇਨਕਮ ਟੈਕਸ ਨੂੰ ਛਡ ਦੇਵੋ ਤਾਂ ਬਾਕੀ ਦਾ ਹਿਸਾਬ ਲਾਈਏ ਤਾਂ ਪਤਾ ਲਗ ਸਕਦਾ ਹੈ ਕਿ ਟੈਕਸ ਕਿੰਨਾ ਦਿਤਾ ਜਾਂਦਾ ਹੈ । ਜਿਥੇ ਬਾਕੀ ਪਰਾਈਵੇਟ ਕੰਪਣੀਆਂ ਪਾਸ ਇਕ ਹਜ਼ਾਰ ਦੇ ਕਰੀਬ ਬਸਾਂ ਹਨ ਉਥੇ ਉਹਨਾਂ ਨੂੰ 5 ਲਖ ਦਾ ਸਾਲਾਨਾ ਇਨਕਮ ਟੈਕਸ ਭਰਨਾ ਪੈਂਦਾ ਹੈ ਉਥੇ ਸਰਕਾਰੀ ਬਸਾਂ ਦੀ ਗਿਣਤੀ 234 ਹੈ ਜੋ ਇਸ ਵਕਤ ਚਲ ਰਹੀਆਂ ਹਨ । ਇਨ੍ਹਾਂ 234 ਬਸਾਂ ਦੇ ਸਿਲਸਲੇ ਵਿਚ ਇਨਕਮ ਟੈਕਸ ਕੋਈ ਇਕ ਲਖ ਸਲਾਨਾ ਦੇਣਾ ਬਣਦਾ ਹੈ । ਅਸੀਂ 29 ਲਖ ਰੁਪਿਆ ਕਰਜ਼ ਲੈ ਕੇ ਲਾਇਆ ਹੈ ਅਤੇ ਇਸ ਤੇ 4 ਫ਼ੀ ਸਦੀ ਸੂਦ ਦੀ ਰਕਮ ਕਢ ਕੇ ਵੀ ਸਰਕਾਰ ਨੂੰ ਮੁਨਾਫ਼ਾ ਹੋਇਆ ਹੈ ਅਤੇ ਫਰਵਰੀ 1954 ਤਕ 9½ ਲਖ ਮੁਨਾਫਾ ਹੋਇਆ ਹੈ । ਇਹ ਮੁਨਾਫਾ ਪਿਛਲੇ 11 ਮਹੀਨਿਆਂ ਵਿਚ ਹੋਇਆ ਹੈ ।

ਇਥੇ ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ 1951-52 ਵਿਚ ਜੋ ਅੰਕੜੇ ਇਸ ਬਾਰੇ ਮਿਲੇ ਉਨ੍ਹਾਂ ਵਿਚ ਬਹੁਤ ਫਰਕ ਸੀ । ਸਾਨੂੰ ਇਹ ਅੰਕੜੇ ਵੇਖ ਕੇ ਤਸ਼ਵੀਸ਼ ਹੋ ਗਈ ਕਿ ਆਇਆ ਇਨ੍ਹਾਂ ਬਸਾਂ ਨੂੰ ਜਾਰੀ ਰਖਿਆ ਜਾਵੇ ਯਾ ਨਾ ? ਪਰ ਖੈਰ, ਕੇਬੀਨਟ (Cabinet) ਨੇ ਫੈਸਲਾ ਕੀਤਾ ਕਿ ਇਸ ਕੰਮ ਨੂੰ ਜਾਰੀ ਰਖਿਆ ਜਾਵੇ । ਹੁਣ ਜਦ ਅਸੀਂ ਇਸ ਸਾਲ ਦੀਆਂ figures ਤਕੀਆਂ ਹਨ ਤਾਂ ਅਸਾਡਾ ਹੌਸਲਾ ਵਧ ਗਿਆ ਹੈ । ਇਸ ਦੀ ਘਸਾਈ (depriciation) ਤੇ ਸੂਦ ਕਢ ਕੇ ਵੀ 9½ ਲਖ ਰੁਪਏ ਦਾ ਮੁਨਾਫਾ ਪਿਛਲੇ 11 ਮਹੀਨਿਆਂ ਵਿਚ ਹੋਇਆ ਹੈ । ਇਸ ਕਮਾਈ ਦੇ ਸਾਹਮਣੇ ਮੈਂ ਇਹ ਸਮਝਦਾ ਹਾਂ ਕਿ ਜੇਕਰ ਅਸੀਂ ਇਸ ਪਾਸੇ 50 ਲਖ ਰੁਪਿਆ ਹੋਰ ਲਗਾਵਾਂਗੇ ਤਾਂ ਇਸ ਨਾਲ ਇਕ ਤਾਂ ਬਸਾਂ ਵਿਚ ਸਫ਼ਰ ਕਰਨ ਵਾਲਿਆਂ ਨੂੰ ਵਧੇਰੇ ਸਹੂਲਤਾਂ ਮਿਲ ਸਕਣਗੀਆਂ ਅਤੇ ਦੂਜੇ ਪਾਸੇ ਹੋਰ ਸਰਕਾਰ ਨੂੰ ਵੀ ਮੁਨਾਫਾ ਹਾਸਿਲ ਹੋ ਜਾਏਗਾ ਜੋ ਕਿ ਬਾਕੀ beneficent departments ਤੇ ਖਰਚ ਕੀਤਾ ਜਾਵੇਗਾ ।

[ਅਰਥ ਮੰਤ੍ਰੀ]

ਮੈਨੂੰ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਬਾਰੇ ਵਿਚ ਪੁਛਿਆ ਗਿਆ ਹੈ। ਇਥੇ ਮੈਂ ਇਹ ਦਸ ਦਿਆਂ ਕਿ ਪਿਛਲੇ ਸਾਲ ਅਸਾਂ ਇਹ ਵਿਚਾਰ ਕੀਤਾ ਸੀ ਕਿ ਬਸਾਂ ਦੇ ਅਪ੍ਰੇਟਰਾਂ ਨਾਲ ਮਿਲ ਕੇ ਕਾਰਪੋਰੇਸ਼ਨ ਬਣਾ ਲਈ ਜਾਏ ਪਰ ਅਪ੍ਰੇਟਰਾਂ ਨੇ ਇਸ ਤਜਵੀਜ਼ ਨੂੰ ਪ੍ਰਵਾਨ ਨਹੀਂ ਸੀ ਕੀਤਾ। ਅਸੀਂ ਚਾਹੁੰਦੇ ਸਾਂ ਕਿ ਇਕੱਠੇ ਹੋ ਕੇ ਕੰਮ ਚਲਾਈਏ ਪਰ ਉਨ੍ਹਾਂ ਨੇ ਸਾਡੀ ਇਹ ਤਜਵੀਜ਼ ਨਾ ਮੰਨੀ ਤਾਂ ਇਸ ਵਿਚ ਸਾਡਾ ਕੋਈ ਕਸੂਰ ਨਹੀਂ।

ਹੁਣ ਵੀ ਮੈਂ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਲੋਕਾਂ ਦਾ ਇਹ ਡਰ ਕਿ ਇਸ ਨਾਲ ਬੇਰੁਜ਼ਗਾਰੀ ਵਧੇਗੀ ਅਤੇ ਲੋਕਾਂ ਦਾ ਨੁਕਸਾਨ ਹੋਵੇਗਾ ਬਿਲਕੁਲ ਗਲਤ ਹੈ। ਅਸੀਂ ਸਾਰੇ ਆਦਮੀਆਂ ਨੂੰ ਜੋ ਇਸ ਕੰਮ ਵਿਚ ਲਗੇ ਹੋਏ ਹਨ ਲਗੇ ਰਹਿਨ ਦਿਆਂਗੇ ਅਤੇ ਇਨ੍ਹਾਂ ਦੀਆਂ ਬਸਾਂ ਵੀ ਖਰੀਦ ਲਵਾਂਗੇ। ਇਥੇ ਮੈਂ ਇਹ ਵੀ ਦਸ ਦੇਵਾਂ ਕਿ ਹਿੰਦ ਸਰਕਾਰ ਨੇ ਇਸ ਬਾਰੇ ਵਿਚ ਕੁਝ ਕਾਇਦੇ ਬਣਾਏ ਹਨ ਅਤੇ ਕੁਝ ਅਗੋਂ ਵੀ ਬਣਾਏਗੀ। ਉਨ੍ਹਾਂ ਦੇ ਅਧੀਨ ਜੋ ਕੁਝ ਇਵਜ਼ਾਨਾ ਦੇਣਾ ਪਵੇਗਾ ਦਿਤਾ ਜਾਵੇਗਾ। ਅਸੀਂ ਕਿਸੇ ਸੂਰਤ ਵਿਚ ਵੀ ਕਿਸੇ ਨੂੰ ਨੁਕਸਾਨ ਨਹੀਂ ਹੋਣ ਦੇਵਾਂ ਗੇ।

ਮੇਰੇ ਮਿਤਰ ਰਾਓ ਗਜਰਾਜ ਸਿੰਘ ਜੀ ਨੇ ਕਿਹਾ ਸੀ ਕਿ ਇਹ ਬਜਟ ਘਾਟੇ ਦਾ ਬਜਟ ਹੈ। ਅਤੇ ਤਕਰੀਬਨ ਹਰੇਕ ਸਟੇਟ ਦਾ ਘਾਟੇ ਦਾ ਬਜਟ ਹੈ। ਘਾਟੇ ਦੇ ਬਜਟ ਦਾ ਅਜਕਲ ਮੌਸਮ ਹੈ ਇਸ ਲਈ ਨਵੇਂ ਟੈਕਸ ਲਾਣ ਦੀ ਥਾਂ ਘਾਟੇ ਨੂੰ ਇਵੇਂ ਹੀ ਰਹਿਣ ਦੇਣਾ ਚਾਹੀਦਾ ਸੀ। ਇਥੇ ਮੈਂ ਦਸ ਦੇਵਾਂ ਕਿ ਸੈਂਟਰਲ ਬਜਟ ਜੇਕਰ ਘਾਟੇ ਦਾ ਹੋਵੇ ਅਤੇ ਉਨ੍ਹਾਂ ਘਾਟਾ ਪੂਰਾ ਕਰਨਾ ਹੋਵੇ ਤਾਂ ਉਹ ਹੋਰ ਨੋਟ ਛਾਪ ਸਕਦੇ ਹਨ। ਜੇਕਰ ਕਿਸੇ ਹੋਰ ਸੂਬੇ ਵਿਚ ਅਜਿਹੀ ਹਾਲਤ ਹੋਵੇ ਤਾਂ ਉਨ੍ਹਾਂ ਪਾਸ ਰੀਜ਼ਰਵ (ਜਮਾ) ਹੋਵੇਗਾ ਜਾਂ ਹੋਰ ਕੋਈ ਤਰੀਕਾ ਲਭ ਲੈਣਗੇ ਪਰ ਅਸਾਡੇ ਸੂਬੇ ਵਿਚ ਕੀ ਹੈ? ਖਜ਼ਾਨੇ ਵਿਚ ਪੈਸੇ ਨਹੀਂ। ਨੋਟ ਅਸੀਂ ਛਾਪ ਨਹੀਂ ਸਕਦੇ। ਅਤੇ ਹੋਰ ਕੋਈ ਤਰੀਕਾ ਨਹੀਂ ਜਿਸ ਰਾਹੀਂ ਸੂਬੇ ਦੇ ਘਾਟੇ ਨੂੰ ਪੂਰਾ ਕਰ ਸਕੀਏ।

ਫਿਰ ਇਹ ਕਿਹਾ ਗਿਆ ਹੈ ਕਿ ਅਸੀਂ ਬਹੁਤ ਖਰਚ ਕਰ ਰਹੇ ਹਾਂ। ਅਤੇ ਇਸ ਖਰਚ ਲਈ ਅਸੀਂ ਕਰਜਾ ਲੈ ਰਹੇ ਹਾਂ। ਪਰ ਮੈਂ ਇਹ ਦਸ ਦੇਵਾਂ ਕਿ ਇਸ ਤਰ੍ਹਾਂ ਕਰਜ਼ ਲੈਕੇ ਖਰਚ ਕੀਤੀ ਜਾ ਰਹੀ ਇਕ ਇਕ ਪਾਈ ਵੀ productive ਕੰਮਾਂ ਤੇ ਛੁਟ ਹੋਰ ਕਿਤੇ ਖਰਚ ਨਹੀਂ ਕੀਤੀ ਜਾਂਦੀ। ਸਾਡੇ ਪਾਸ ਖਜ਼ਾਨੇ ਵਿਚ ਤਾਂ ਰੁਪਿਆ ਨਹੀਂ ਤੇ ਜੇਕਰ ਕਰਜ਼ ਵੀ ਨਾ ਲਈਏ ਤਾਂ ਕਿਵੇਂ ਉਨਤੀ ਦੀਆਂ ਸਕੀਮਾਂ ਤੇ ਖਰਚ ਕਰੀਏ। ਨਵੀਆਂ ਨਹਿਰਾਂ ਕਢੀਆਂ ਜਾ ਰਹੀਆਂ ਹਨ। ਬੰਧ ਬਣਾਏ ਜਾ ਰਹੇ ਹਨ। ਇਨ੍ਹਾਂ ਤੇ ਖਰਚ ਹੋ ਰਿਹਾ ਹੈ ਪਰ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਸਕੀਮਾਂ ਨਾਲ ਲੋਕਾਂ ਨੂੰ ਕਿੰਨਾ ਫਾਇਦਾ ਹੋਣਾ ਹੈ। ਮੁਲਕ ਦੀ ਭਲਾਈ ਹੋਣੀ ਹੈ। ਅਤੇ ਇਸ ਤਰ੍ਹਾਂ ਸਕੀਮਾਂ ਪੂਰੀਆਂ ਹੋਣ ਤੇ ਰੁਪਿਆ ਵਾਪਸ ਆਉਂਦਾ ਜਾਂਦਾ ਹੈ ਅਤੇ ਘਾਟੇ ਨੂੰ ਪੂਰਾ ਕੀਤਾ ਜਾਂਦਾ ਹੈ।

ਮੈਂ ਇਹ ਗਲ ਫਿਰ ਦਸ ਦੇਣੀ ਚਾਹੁੰਦਾ ਹਾਂ ਕਿ ਅਸੀਂ ਸਦਾ ਤੋਂ ਕੋਸ਼ਿਸ਼ ਕਰਦੇ ਆਏ ਹਾਂ ਕਿ ਕੋਈ ਵਾਧੂ ਟੈਕਸ ਨਾ ਲਾਇਆ ਜਾਵੇ ਅਤੇ ਮੁੜ ਵੀ ਕੋਸ਼ਿਸ਼ ਕੀਤੀ ਹੈ ਕਿ ਕੋਈ ਨਵਾਂ ਟੈਕਸ ਨਾ ਲਾਇਆ ਜਾਵੇ।

ਫਿਰ ਬੰਦੋਬਸਤ ਬਾਰੇ ਜ਼ਿਕਰ ਕੀਤਾ ਗਿਆ ਹੈ। settlement ਅਤੇ resettlement ਦੋ ਜ਼ਿਲਿਆਂ ਅਰਥਾਤ ਅੰਮ੍ਰਿਤਸਰ ਅਤੇ ਗੁੜਗਾਵਾਂ ਵਿਚ ਹੋ ਚੁਕੀ ਹੈ। ਚੂੰਕਿ ਸਾਰੇ ਪੰਜਾਬ ਦੇ ਸੂਬੇ ਵਿਚ ਬੰਦੋਬਸਤ ਹੋਇਆਂ ਚਾਲੀ ਪੰਜਾਹ ਸਾਲ ਹੋ ਚੁਕੇ ਹਨ ਇਸ ਲਈ ਜੇਕਰ ਹੁਣ settlement ਹੋ ਜਾਵੇ ਤਾਂ ਹਰਜ ਹੀ ਕੀ ਹੈ। ਦੋ ਜ਼ਿਲਿਆਂ ਦੀ settlement ਹੋਣ ਨਾਲ ਬਾਕੀ ਜ਼ਿਲਿਆਂ ਵਿਚ ਵੀ ਹੁਣ ਹੋ ਸਕਦੀ ਹੈ। ਬੰਦੋਬਸਤ ਕੋਈ ਨਵੀਂ ਚੀਜ਼ ਨਹੀਂ ਇਹ ਤਾਂ ਬਹੁਤ ਪੁਰਾਣੀ ਹੈ। ਇਸ ਦਾ ਨਿਰਭਰ ਤਿੰਨਾਂ ਚੀਜ਼ਾਂ ਤੇ ਹੁੰਦਾ ਹੈ। 1. matured area, 2. ਪੈਦਾਵਾਰ ਅਤੇ 3. ਕੀਮਤਾਂ ਦਾ ਵਧਨਾ। ਚੂੰਕਿ ਤਰੱਕੀ ਨਾਲ ਕੁਝ ਦਾ ਕੁਝ ਹੋ ਜਾਂਦਾ ਹੈ ਇਸ ਲਈ ਐਸੇ ਲੰਮੇ ਸਮੇਂ ਪਿਛੋਂ ਬੰਦੋਬਸਤ ਹੋਣਾ ਜ਼ਰੂਰੀ ਸੀ।

ਫਿਰ ਕਿਹਾ ਗਿਆ ਹੈ ਕਿ ਅਸਾਨੂੰ ਕਿਸਾਨ ਦੀਆਂ ਔਕੜਾਂ ਦਾ ਇਹਸਾਸ ਨਹੀਂ। ਮੈਂ ਦਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਬਾਕੀ ਸੂਬਿਆਂ ਵਿਚ ਮਾਲੀਏ ਤੇ ਸਰਚਾਰਜ ਲਾਇਆ ਜਾਂਦਾ ਹੈ। ਅਤੇ ਮਾਮਲਾ ਜ਼ਮੀਨ ਤੇ ਇਨਕਮ ਟੈਕਸ ਵੀ ਲਗਾਇਆ ਹੋਇਆ ਹੈ। ਅਤੇ ਕਈ ਥਾਵਾਂ ਤੇ ਆਬੀਆਨੇ ਦੇ ਰੇਟ ਵੀ ਸਾਡੇ ਸੂਬੇ ਨਾਲੋਂ ਵਧ ਹਨ। ਅਸਾਨੂੰ ਕਿਸਾਨ ਦਾ, ਗ਼ਰੀਬ ਦਾ ਅਤੇ ਮਜ਼ਦੂਰ ਦੀਆਂ ਔਕੜਾਂ ਦਾ ਪੂਰਾ ਪੂਰਾ ਇਹਸਾਸ ਹੈ। ਅਸੀਂ ਸਮਝਦੇ ਹਾਂ ਕਿ ਕਿਸਾਨ ਕੰਮ ਕਰ ਰਹੇ ਹਨ। ਦੇਸ਼ ਨੂੰ ਖੁਸ਼ਹਾਲ ਬਨਾਣ ਲਈ ਸਖਤ ਮੇਹਨਤ ਕਰ ਰਹੇ ਹਨ ਅਤੇ ਅਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਜੇਕਰ ਉਹ ਇਕ ਰੁਪਿਆ ਦੇਣ ਤਾਂ ਅਸੀਂ ਉਨ੍ਹਾਂ ਤੇ ੧੦ ਰੁਪਏ ਖਰਚ ਕਰੀਏ (ਵਾਹ ਵਾਹ)।

ਫਿਰ sliding scale ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਅਸੀਂ sliding scale ਲਾਇਲਪੁਰ ਵਿਚ ਲਾਗੂ ਕੀਤਾ ਸੀ। ਇਹ ਇਸ ਲਈ ਧਾਰਨ ਕੀਤਾ ਗਿਆ ਕਿ ਜੇਕਰ ਕਿਸੇ ਵੇਲੇ ਅਨਾਜ ਦੀਆਂ ਕੀਮਤਾਂ ਮੰਡੀ ਵਿਚ ਗਿਰਨ ਤਾਂ ਕਿਸੇ ਨੂੰ ਕੋਈ ਨੁਕਸਾਨ ਨਾ ਹੋਵੇ। ਇਸ ਲਈ ਮੈਂ ਮੰਨਦਾ ਹਾਂ ਕਿ ਇਹ ਕਦਮ ਸ਼ਲਾਘਾ ਯੋਗ ਹੈ।

ਮੇਰੇ ਮਿਤਰ ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਜੀ ਨੇ ਕਿਹਾ ਹੈ ਕਿ ਅੰਮ੍ਰਿਤਸਰ ਵਿਚ ਮਿੱਲਾਂ ਅਤੇ ਫੈਕਟਰੀਆਂ ਦੇ 10,000 ਮਜ਼ਦੂਰ ਬੇਕਾਰ ਹੋ ਗਏ ਹਨ। ਉਨ੍ਹਾਂ ਪਾਸ ਮਜ਼ਦੂਰੀ ਅਤੇ ਜੀਵਨ ਦਾ ਕੋਈ ਵਸੀਲਾ ਨਹੀਂ। ਪਰ ਮੈਂ ਹੈਰਾਨ ਹਾਂ ਕਿ ਇਹ ਦਸ ਹਜ਼ਾਰ ਮਜ਼ਦੂਰ ਕਿਹੜੇ ਹਨ ? ਇਹ ਉਹ ਮਜ਼ਦੂਰ ਹੋ ਸਕਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਆਪ ਸਟਰਾਈਕਾਂ ਕਰਨ ਲਈ ਉਕਸਾਇਆ ਹੋਣਾ ਹੈ। ਅਤੇ ਮੈਨੂੰ ਤਾਂ ਇਹ ਵੀ ਪਤਾ ਨਹੀਂ ਲਗਦਾ ਕਿ ਕਦੋਂ ਦੀ ਗਲ ਇਹ ਕਰ ਰਹੇ ਹਨ। ਮੈਂ ਤਾਂ ਅੰਮ੍ਰਿਤਸਰ ਦੇ industrialists ਨੂੰ ਦਾਦ ਦਿੰਦਾ ਹਾਂ ਕਿ ਭਾਵੇਂ ਅੰਮ੍ਰਿਤਸਰ ਬਾਰਡਰ ਤੇ ਹੈ ਫਿਰ ਵੀ ਉਨ੍ਹਾਂ ਨੇ ਉਥੇ ਹੋਰ ਰੁਪਿਆ invest ਕਰ ਦਿਤਾ ਹੈ। ਬਾਵਜੂਦ ਮੇਰੇ ਅਜਿਹੇ ਮਿਤਰਾਂ ਦੀਆਂ ਕੋਸ਼ਿਸ਼ਾਂ ਦੇ ਅਤੇ ਮਜ਼ਦੂਰਾਂ ਨੂੰ ਉਕਸਾਣ ਦੇ ਅੰਮ੍ਰਿਤਸਰ ਦੇ industrialists ਨੇ industry ਵਿਚ ਇਕ ਕਰੋੜ ਰੁਪਿਆ ਹੋਰ invest ਕਰ ਦਿਤਾ ਹੈ। ਮੈਨੂੰ ਤਾਂ ਇਵੇਂ ਪਤਾ ਲਗਦਾ ਹੈ ਕਿ ਇਹ ਮਜ਼ਦੂਰਾਂ ਦੀ ਭਲਾਈ ਨਹੀਂ ਚਾਹੁੰਦੇ। ਉਨ੍ਹਾਂ ਲਈ ਪੂਰੀ ਰੋਟੀ ਨਹੀਂ ਚਾਹੁੰਦੇ, ਬਲਕਿ ਚਾਹੁੰਦੇ ਇਹ ਹਨ ਕਿ industry ਬਰਬਾਦ ਹੋਵੇ। ਮਜ਼ਦੂਰ ਰੌਲਾ ਪਾਣ, ਪਰ ਇਸ ਦਾ ਨਤੀਜਾ ਕੀ ਹੋਵੇਗਾ ? ਕਾਰਖਾਨੇ ਵਾਲਿਆਂ ਨੂੰ ਨੁਕਸਾਨ। ਮਜ਼ਦੂਰਾਂ ਨੂੰ ਨੁਕਸਾਨ ਅਤੇ ਖੁਸ਼ੀ ਹੋਵੇ ਗੀ ਮੇਰੇ ਇਨ੍ਹਾਂ ਦੋਸਤਾਂ ਨੂੰ।

[ਅਰਥ ਮੰਤ੍ਰੀ]

ਮੇਰੇ ਇਕ ਮਿਤਰ ਨੇ ਕਿਹਾ ਸੀ ਕਿ ਤੁਸੀਂ depression ਅਤੇ unemployment ਬਾਰੇ ਪੂਰੀ ਤਸ਼ਰੀਹ ਨਹੀਂ ਦਿਤੀ। ਮੈਂ ਆਪ ਵੀ ਮਹਸੂਸ ਕਰ ਰਿਹਾ ਹਾਂ। ਪਰ ਮੈਂ ਥੋੜ੍ਹਾ ਜਿਹਾ ਹਵਾਲਾ ਦਿਤਾ ਸੀ ਪਰ ਇਸ ਵਿਚ ਸਹੀ ਅੰਕੜੇ ਨਹੀਂ ਸਨ ਮਿਲਦੇ।

ਇਹ ਅੰਕੜੇ ਆਮ ਤੌਰ ਤੇ Exchanges ਵਿਚ ਵੀ ਨਹੀਂ ਮਿਲਦੇ। ਉਥੇ ਬਹੁਤ ਥੋੜ੍ਹੇ ਲੋਕ ਆਪਣੇ ਨਾਮ register ਕਰਾਂਦੇ ਹਨ ਅਤੇ ਜਿਹੜੇ ਕਰਾਉਂਦੇ ਵੀ ਹਨ ਉਹ ਵੀ ਕਲਰਕੀ ਵਾਲੇ ਹੁੰਦੇ ਹਨ ਦੂਜੇ ਲੋਕੀ ਉਥੇ ਨਹੀਂ ਜਾਂਦੇ। ਸਾਡੇ ਕੋਲ ਪੰਜਾਬ ਦੇ ਜਿਹੜੇ ਅੰਕੜੇ ਹਨ ਉਨ੍ਹਾਂ ਤੋਂ ਮਲੂਮ ਹੁੰਦਾ ਹੈ ਕਿ 1951 ਵਿਚ 107,239 ਲੋਕਾਂ ਨੇ ਨਾਂ register ਕਰਾਏ ਅਤੇ 31,923 ਨੂੰ ਰੋਜ਼ਗਾਰ ਮਿਲ ਗਿਆ। 1952 ਵਿਚ 116,898 register ਹੋਏ ਤੇ 32,356 ਨੂੰ ਜਗਾਹ ਮਿਲੀ। ਫੇਰ 1953 ਵਿਚ register ਹੋਣ ਵਾਲਿਆਂ ਦੀ ਗਿਣਤੀ ਸੀ 117,221 ਅਤੇ ਜਗਾਹ ਮਿਲੀ 22,438 ਨੂੰ। ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਸੂਬੇ ਵਿਚ register ਕਰਉਨ ਤੇ ਨੌਕਰੀਆਂ ਲਭਣ ਦੇ ਮੁਆਮਲੇ ਵਿਚ ਲੋਕਾਂ ਨੂੰ ਕੁਝ ਬੜਾ ਮੁਗ਼ਾਲਤਾ ਜਿਹਾ ਲਗਦਾ ਹੈ। ਸਾਡੇ Public Service Commission ਅਤੇ Subordinate Services Selection Board ਸਿਧੀਆਂ ਦਰਖਾਸਤਾਂ ਮੰਗ ਲੈਂਦੇ ਹਨ ਅਤੇ centre ਵਾਲੇ Employment Exchanges ਦੀ ਮਾਰਫਤ ਮੰਗਦੇ ਹਨ।

ਬੇਕਾਰੀ ਦੇ ਬਾਰੇ ਵਿਚ ਮੈਂ ਇਕ ਗਲ ਇਹ ਦਸਣੀ ਚਾਹੁੰਦਾ ਹਾਂ ਕਿ ਇਹ ਇਕ ਕੁਦਰਤੀ ਕਾਇਦਾ ਹੈ ਕਿ ਜਦੋਂ ਕੀਮਤਾਂ ਗਿਰਨ ਤਾਂ ਸਭ ਪਾਸੇ ਮੰਦਵਾੜਾ ਆ ਜਾਂਦਾ ਹੈ। ਇਹ ਚੀਜ਼ ਸਾਡੇ ਅੰਦਰ ਹੀ ਮੌਜੂਦ ਨਹੀਂ ਅਤੇ ਨਾ ਹੀ ਸਾਡੇ ਤੋਂ ਸ਼ੁਰੂ ਹੁੰਦੀ ਹੈ। ਇਹ ਸ਼ੁਰੂ ਹੋਈ ਅਮਰੀਕਾ ਤੋਂ। ਉਹ ਬਹੁਤ ਵੱਡਾ ਮੁਲਕ ਹੈ ਉਹਦਾ ਖਰਚ ਵੀ ਬਹੁਤ ਵੱਡਾ ਹੈ ਇਸ ਵਾਸਤੇ ਉਥੇ ਮੰਦਵਾੜਾ ਹੋ ਜਾਵੇ ਤਾਂ ਉਹਦਾ ਸਭ ਥਾਂਵਾਂ ਤੇ ਅਸਰ ਪੈਂਦਾ ਹੈ।

ਇਕ ਕਮਯੂਨਿਸਟ ਮੈਂਬਰ: ਫੇਰ ਉਨ੍ਹਾਂ ਨਾਲੋਂ ਤਾਲੁਕ ਤੋੜ ਕਿਉਂ ਨਹੀਂ ਛਡਦੇ? ਕਿਸੇ ਹੋਰ ਪਾਸੇ ਵਲ ਜਾ ਵੇਖੋ।

ਅਰਥ ਮੰਤ੍ਰੀ: ਪਰ, ਮਹਾਰਾਜ, ਤੁਹਾਡੇ ਮੁਲਕ ਬਾਰੇ ਤਾਂ ਕਿਸੇ ਨੂੰ ਕੁਝ ਪਤਾ ਹੀ ਨਹੀਂ ਲਗਦਾ ਕਿ ਉਥੇ ਕੀ ਹੁੰਦਾ ਹੈ (laughter) ਫੇਰ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਮੰਦਵਾੜੇ ਨੂੰ economists ਲੋਕ depression ਆਦਿ ਕਈ ਤਰ੍ਹਾਂ ਦੇ ਨਾਮ ਦੇਂਦੇ ਹਨ। ਪਰ ਅਸਾਂ ਇਹ ਵੇਖਣਾ ਹੈ ਕਿ ਜਿਸੀ ਤਰ੍ਹਾਂ ਦੀ ਮੰਦਵਾੜਾ ਆਵੇ ਅਸਾਂ ਉਹਦਾ ਮੁਕਾਬਲਾ ਕਿਸ ਤਰ੍ਹਾਂ ਕਰਨਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਮੁਕਾਬਲੇ ਵਾਸਤੇ ਅਸੀਂ ਕਈਆਂ ਸਾਲਾਂ ਤੋਂ ਇੰਤਜ਼ਾਮ ਕਰ ਰਹੇ ਹਾਂ ਤੇ ਸਾਨੂੰ ਉਹਦਾ ਮਿੱਠਾ ਫਲ ਮਿਲਣਾ ਹੈ। ਹੁਣ 38 ਲਖ ਏਕੜ ਜ਼ਮੀਨ ਵਿਚ ਫਸਲੀ ਨਹਿਰ ਬਣ ਆ ਜਾਣੀ ਹੈ ਅਤੇ ਇਸ ਤੋਂ 3 ਲਖ ਆਦਮੀਆਂ ਨੂੰ ਰੁਜ਼ਗਾਰ ਮਿਲੇਗਾ (*Hear, hear*)। Planning Commission ਦੇ ਅੰਦਾਜ਼ੇ ਦੇ ਮੁਤਾਬਿਕ 3½ ਲਖ ਨੂੰ ਰੋਜ਼ਗਾਰ ਮਿਲੇਗਾ ਪਰ ਮੈਂ ਜ਼ਰਾ ਘਟਾ ਕੇ 3 ਲਖ ਹੀ ਆਖਿਆ ਹੈ। ਇਸ ਤੋਂ ਜ਼ਿਆਦਾ ਵਪਾਰ ਅਤੇ ਪੂੰਜੀ ਦੀ ਫਰਾਖੀ ਵਗੈਰਾ ਦੇ ਕਾਰਖਾਨੇ ਖੁੱਲਣਗੇ ਉਨ੍ਹਾਂ ਦੇ ਵਾਸਤੇ ਦਰਖਾਸਤਾਂ ਆ ਰਹੀਆਂ ਹਨ ਕਿ ਫਲਾਣੇ station ਤੇ ਕਾਰਖਾਨਾ ਲਾਉਣ ਦੀ ਇਜਾਜ਼ਤ ਦਿਤੀ ਜਾਵੇ। ਤੁਸਾਂ ਜਾਣਦੇ ਹੋ ਕਿ ਇਕ ਮੰਡੀ ਆਬਾਦ ਹੋਣ ਨਾਲ 10,000 ਆਦਮੀਆਂ ਦੇ ਰੋਜ਼ਗਾਰ ਦਾ ਬੰਦੋਬਸਤ ਹੋ ਜਾਂਦਾ ਹੈ। ਇਸ ਵਾਸਤੇ ਇਹ ਮੰਡੀਆਂ ਵੀ ਬੇਰੁਜ਼ਗਾਰੀ ਨੂੰ ਬਹੁਤ ਘਟਾ ਦੇਣਗੀਆਂ।

ਇਸ ਤੋਂ ਇਲਾਵਾ ਅਸੀਂ 14,000 ਟੀਚਰ ਲਗਾ ਰਹੇ ਹਾਂ । ਮੈਂ ਇਹ ਨਹੀਂ ਕਹਿੰਦਾ ਕਿ ਇਹਦੇ ਨਾਲ ਪੰਜਾਬ ਦੇ ਲੋਕ ਆਲਮ ਫਾਜ਼ਲ ਬਣ ਜਾਣਗੇ ਲੇਕਿਨ ਇਸ ਤਰ੍ਹਾਂ ਕੁਝ ਲੋਕਾਂ ਨੂੰ ਰੁਜ਼ਗਾਰ ਜ਼ਰੂਰ ਮਿਲ ਜਾਵੇਗਾ ਅਤੇ ਨਾਲ ਹੀ ਨਾਲ illiteracy ਵੀ ਕੁਝ ਘਟ ਜਾਵੇਗੀ । ਮੇਰੇ ਦੋਸਤ ਆਖਦੇ ਹਨ ਕਿ ਬੇਕਾਰੀ ਦੂਰ ਕਰਨ ਵਾਸਤੇ 50,00,000 ਰੁਪਿਆ ਰਖਿਆ ਜਾਵੇ । ਮੈਂ ਅਰਜ਼ ਕਰਦਾ ਹਾਂ ਕਿ ਕਿਉਂ ਨਾਂ 50 ਕਰੋੜ ਰੁਪਏ ਦੇ ਕੰਮ ਸ਼ੁਰੂ ਕੀਤੇ ਜਾਣ? ਸਿਰਫ਼ ਰੁਪਿਆ ਰਖਕੇ ਜਿਸ ਤਰ੍ਹਾਂ ਉਹ ਆਖਦੇ ਹਨ ਉਸ ਤਰ੍ਹਾਂ ਖਰਚ ਕਰਕੇ ਬੇਕਾਰੀ ਦੂਰ ਨਹੀਂ ਹੋ ਸਕਦੀ । ਅਸੀਂ ਕੰਮ ਸ਼ੁਰੂ ਕਰਕੇ ਲੋਕਾਂ ਦੀ ਬੇਕਾਰੀ ਦੂਰ ਕਰਨੀ ਚਾਹੁੰਦੇ ਹਾਂ (*Hear, hear*) । ਸੜਕਾਂ ਵਾਸਤੇ 3 ਕਰੋੜ ਰੁਪੈ ਦਾ ਬੰਦੋਬਸਤ ਕਰਕੇ ਅਸਾਂ ਇਕ ਸਾਲ ਵਿਚ ਉਹ ਕੰਮ ਕਰ ਦਿੱਤਾ ਹੈ ਜਿਹੜਾ 5 ਸਾਲ ਵਿਚ ਨਹੀਂ ਸੀ ਹੋ ਸਕਿਆ । ਤੁਸੀਂ ਆਪ ਅੰਦਾਜ਼ਾ ਲਾਓ ਕਿ ਇਸ ਤਰਾਂ ਕਿਤਨੇ ਮਜ਼ਦੂਰ, ਮੁਨਸ਼ੀ ਅਤੇ overseer ਵਗੈਰਾ ਪਲਨਗੇ । ਅਸੀਂ waste lands ਆਦਿ ਇਸੇ ਖ਼ਿਆਲ ਨਾਲ ਦੇ ਰਹੇ ਹਾਂ ਕਿ ਲੋਕਾਂ ਨੂੰ ਰੁਜ਼ਗਾਰ ਮਿਲ ਜਾਵੇ ਅਤੇ ਨਾਲ ਹੀ ਨਾਲ ਪੈਦਾਵਾਰ ਵੀ ਵਧੇ । ਇਸ ਤੋਂ $4\frac{1}{2}$ ਹਜ਼ਾਰ ਖਾਨਦਾਨ ਫ਼ਾਇਦਾ ਉਠਾ ਚੁਕੇ ਹਨ ਅਤੇ ਅੰਦਾਜ਼ਾ ਇਹ ਹੈ ਕਿ 2,000 ਹੋਰ ਖਾਨਦਾਨਾਂ ਨੂੰ ਜ਼ਮੀਨਾਂ ਦਿਤੀਆਂ ਜਾਣਗੀਆਂ । Land utilisation ਦੇ ਸਿਲਸਿਲੇ ਵਿਚ ਤੁਹਾਨੂੰ ਮਲੂਮ ਹੈ ਕਿ ਜਿਹੜੀਆਂ ਜ਼ਮੀਨਾਂ ਦੀ ਵਾਹੀ ਮਾਲਿਕ ਨਹੀਂ ਸੀ ਕਰਦੇ ਉਨ੍ਹਾਂ ਬਾਰੇ ਕਾਨੂੰਨ ਬਣਾ ਦਿਤਾ ਗਿਆ ਹੈ ਤਾਂਕਿ ਉਨ੍ਹਾਂ ਦੀ ਵਾਹੀ ਹੋਵੇ । ਅਸੀਂ ਉਹ ਜ਼ਮੀਨਾਂ ਪਟੇ ਤੇ ਦੇ ਦਿਤੀਆਂ ਹਨ ਅਤੇ ਉਹ ਹੌਲੀ ਹੌਲੀ ਅਬਾਦ ਹੋ ਰਹੀਆਂ ਹਨ । ਆਪ ਇਹ ਸੁਣ ਕੇ ਖੁਸ਼ ਹੋਵੋਗੇ ਕਿ 120,000 ਏਕੜ ਜ਼ਮੀਨ ਅਬਾਦ ਹੋ ਵੀ ਚੁਕੀ ਹੈ (*Hear, hear*) ।

ਫੇਰ ਅਸੀਂ cottage ਅਤੇ small scale industries ਤੇ ਵੀ ਜ਼ੋਰ ਦੇ ਰਹੇ ਹਾਂ । ਏਸ ਉਤੇ ਹੋਰ ਬਹਿਸ ਹੋਣੀ ਹੈ ਪਰ ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਅਸਾਂ ਇਸ ਮਦ ਵਿਚ ਵੀ ਜ਼ਿਆਦਾ ਰਕਮ ਰਖੀ ਹੈ ਤਾਕਿ ਬੇਕਾਰੀ ਦੂਰ ਹੋਵੇ ਅਤੇ ਖੁਸ਼ਹਾਲੀ ਵਧੇ ।

ਫੇਰ ਜੇਕਰ ਸਰਕਾਰ ਕਾਰਖ਼ਾਨਿਆਂ ਵਾਲਿਆਂ ਨੂੰ ਮਦਦ ਦੇਵੇ ਤਾਂ ਸਾਹਮਣੇ ਬੈਠੇ ਸਾਡੇ ਕਈ ਭਰਾ ਇਸ ਗਲ ਤੋਂ ਵੀ ਸਰਕਾਰ ਨੂੰ ਬਦਨਾਮ ਕਰਦੇ ਹਨ । ਪਰ ਮੈਂ ਅਜ ਐਲਾਨ ਕਰਦਾ ਹਾਂ ਕਿ ਜੇ ਕੋਈ ਸ਼ਖ਼ਸ ਕਾਰਖ਼ਾਨਾ ਲਾਉਣਾ ਚਾਹੁੰਦਾ ਹੈ ਤਾਂ ਅਸੀਂ ਉਸਦੀ ਰੁਪੈ ਤੇ ਜ਼ਮੀਨ ਨਾਲ ਮਦਦ ਕਰਾਂਗੇ ਅਤੇ ਹੋਰ ਵੀ ਹਰ ਕਿਸਮ ਦੀ ਇਮਦਾਦ ਦਿਆਂਗੇ (*Hear, hear*) । ਮੈਂ ਕਹਿੰਦਾ ਹਾਂ ਕਿ ਹੁਣ ਬਿਜਲੀ ਪਿੰਡਾਂ ਵਿਚ ਜਾਵੇਗੀ । ਫੇਰ ਉਹ ਲਾਟੂ, ਚੁੱਲ੍ਹੇ ਤੀਕਰ ਹੀ ਕਿਉਂ ਰਹੇ? ਕੋਇਲਾ ਲਕੜੀ ਕਿਉਂ ਨਾ ਬਚਾਇਆ ਜਾਵੇ ? ਇਹਦੇ ਨਾਲ ਘਰਾਂ ਵਿਚ ਸਫ਼ਾਈ ਵੀ ਵਧੇਗੀ । ਇਸ ਵਾਸਤੇ ਮੈਂ ਸੋਚਦਾ ਹਾਂ ਕਿ ਇਹ ਕਿਉਂ ਨਾਂ ਹੋਵੇ ਕਿ ਕੋਈ cooker ਬਣਾਉਣ ਦਾ ਅਜਿਹਾ ਕਾਰਖ਼ਾਨਾ ਖੁਲ੍ਹ ਜਾਵੇ ਜਿਸ ਦੇ ਬਣਾਏ ਹੋਏ cooker ਪਿੰਡਾਂ ਦੇ ਲੋਕ ਸਸਤੇ ਮੁਲ ਤੇ ਖਰੀਦ ਸਕਣ । Domestic consumption ਦਾ tariff rate ਵੀ ਇਸੇ ਖ਼ਿਆਲ ਨਾਲ ਘਟ ਕੀਤਾ ਗਿਆ ਹੈ । ਅਤੇ ਇਕ ਸ਼ਖ਼ਸ ਨੇ ਫਰੀਦਾਬਾਦ ਵਿਚ 6 ਮਹੀਨੇ ਦੇ ਅੰਦਰ ਇਕ ਕਾਰਖ਼ਾਨਾ ਲਗਾਣ ਦਾ ਵਾਦਾ ਕੀਤਾ ਹੈ ।

ਫੇਰ ਇਕ ਦੋਸਤ ਨੇ ਆਖਿਆ ਹੈ ਕਿ ਦਸਤਕਾਰੀ ਵਾਸਤੇ ਬਿਜਲੀ ਨਹੀਂ ਦਿਤੀ ਜਾਂਦੀ । ਮੈਂ ਹੋਰ ਕੁਝ ਨਹੀਂ ਕਹਿੰਦਾ ਪਰ ਇਹ ਦਸ ਦਿੰਦਾ ਹਾਂ ਕਿ 1950 ਵਿਚ ਦਸਤਕਾਰੀ ਦੇ connection 2,850 ਸਨ ਤੇ ਹੁਣ 6,300 ਹਨ । ਗੋਯਾ 2 ਸਾਲ ਵਿਚ double ਤੋਂ ਵੀ ਜ਼ਿਆਦਾ ਉਨ੍ਹਾਂ ਦੀ ਗਿਣਤੀ ਹੋ ਗਈ ਹੈ ਹਾਲੇ ਨੰਗਲ ਵਾਲੀ ਬਿਜਲੀ ਨਹੀਂ ਆਈ । ਉਹਦੇ ਆਉਣ ਤੇ ਹੋਰ ਵੀ ਬਹੁਤ ਕੁਝ ਹੋ ਜਾਵੇਗਾ ।

[ਅਰਥ ਮੰਤ੍ਰੀ]

ਫੇਰ ਮੇਰੇ ਦੋਸਤ ਨੇ ਕਿਹਾ ਹੈ ਕਿ ਮਿੱਲਾਂ ਵਿਚ ਕਪੜਾ ਜ਼ਿਆਦਾ ਬਣ ਗਿਆ ਹੈ ਅਤੇ ਖਡੀਆਂ ਬੰਦ ਹੋ ਗਈਆਂ ਹਨ। ਇਹ ਠੀਕ ਹੈ। ਲੜਾਈ ਦੇ ਦਿਨਾ ਵਿਚ ਹਾਲਾਂਕਿ ਸੂਤ ਦੀ ਬੜੀ ਕਿੱਲਤ ਸੀ, ਖਡੀਆਂ ਦਾ ਕੰਮ ਬੜੇ ਜ਼ੋਰਾਂ ਵਿਚ ਸੀ। ਹੁਣ control ਦੇ ਹਟ ਜਾਣ ਨਾਲ ਕਪੜੇ ਦੀ ਖੁਲ੍ਹ ਹੋ ਗਈ ਹੈ। ਤੇ ਖਡੀਆਂ ਮਿੱਲਾਂ ਦਾ ਮੁਕਾਬਿਲਾ ਨਹੀਂ ਕਰ ਸਕਦੀਆਂ ਅਤੇ ਇਸ ਕਾਰਣ ਉਨ੍ਹਾਂ ਵਿਚ ਕੁਝ ਬੇਰੋਜ਼ਗਾਰੀ ਜ਼ਰੂਰ ਹੋ ਗਈ ਹੈ। ਪਰ ਮੈਂ ਅਪਣੇ ਦੋਸਤਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਉਸ ਹਿੱਸੇ ਵਿਚੋਂ ਜਿਹੜਾ ਸਾਨੂੰ ਸਰਕਾਰ ਹਿੰਦ ਵਲੋਂ 6 ਕਰੋੜ ਦੀ ਰਕਮ ਵਿਚੋਂ ਸਨਅਤ ਦੀ ਇਮਦਾਦ ਲਈ ਮਿਲਿਆ ਹੈ, ਖਡੀਆਂ ਦੀ ਹਰ ਤਰ੍ਹਾਂ ਮਦਦ ਕਰਾਂਗੇ। ਸੂਤ ਸਸਤਾ ਦੇਵਾਂਗੇ। Designing ਦਾ ਇੰਤਜ਼ਾਮ ਕਰ ਦਿਆਂਗੇ ਤੇ ਜੋ ਵੀ ਮਦਦ ਕਰ ਸਕਾਂਗੇ, ਜ਼ਰੂਰ ਕਰਾਂਗੇ।

ਫੇਰ ਮੇਰੇ ਦੋਸਤ ਨੇ ਬਿਜਲੀ ਦੇ rates ਦਾ ਜ਼ਿਕਰ ਕੀਤਾ ਹੈ। ਕਿਹਾ ਗਿਆ ਹੈ ਕਿ ਨਵੇਂ rate Industry ਲਈ ਠੀਕ ਨਹੀਂ। ਮੈਂ ਇਸ ਗਲ ਨੂੰ ਕਿਸੇ ਹਦ ਤਕ ਸਹੀ ਮੰਨਦਾ ਹਾਂ। ਪਰ ਮੈਂ ਕਹਿੰਦਾ ਹਾਂ ਕਿ ਸਾਡੇ rate ਸਮੁਚੇ ਤੌਰ ਤੇ ਚੰਗੇ ਹਨ। ਇਹ ਸ਼ਿਕਾਇਤ ਇਸ ਲਈ ਹੈ ਕਿ ਛੋਟੀ industry ਵਾਲੇ ਲੋਕਾਂ ਨੇ ਜਿਨ੍ਹਾਂ ਮੋਟ੍ਰਾਂ ਲਾ ਲਈਆਂ ਹਨ ਕਦੇ ਕਦੇ ਬਿਜਲੀ ਵਰਤਦੇ ਹਨ। ਉਹ ਮਹੀਨੇ ਵਿਚ ਇਕ ਦੋ ਵੇਰੀ ਬਿਜਲੀ ਇਸਤਮਾਲ ਕਰਦੇ ਹਨ ਪਰ ਉਨ੍ਹਾਂ ਨੂੰ load ਬਹੁਤ ਸਾਰਾ ਦਿਤਾ ਗਿਆ ਹੈ। ਇਸ ਹਾਲਤ ਵਿਚ ਹੋਰ ਲੋਕਾਂ ਨੂੰ ਅਸੀ connection ਦੇ ਨਹੀਂ ਸਕਦੇ। ਸਾਡੀ ਇਹ ਤਕਲੀਫ ਹੈ। ਪਰ ਮੈਂ ਫੇਰ ਵੀ ਕਹਿੰਦਾ ਹਾਂ ਕਿ ਅਸੀਂ ਇਸ ਗਲ ਨੂੰ reconsider ਕਰਾਂਗੇ ਤੇ industrialists ਦੀ ਇਸ ਤਕਲੀਫ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ। ਇਥੇ ਇਹ ਵੀ ਦਸ ਦੇਣਾ ਮੈਂ ਉਚਿਤ ਸਮਝਦਾ ਹਾਂ ਕਿ ਸਾਡੇ ਛੋਟੀ industry ਲਈ ਜਿਹੜੇ rate ਹਨ U. P. ਤੇ ਦਿੱਲੀ ਨਾਲੋਂ ਹੋਰ ਵੀ ਘਟ ਹਨ। ਲੇਕਿਨ ਇਸ ਗਲ ਦੇ ਬਾਵਜੂਦ ਵੀ ਅਸੀਂ ਅਪਣੇ industrialists ਦੀ ਸ਼ਿਕਾਇਤ ਨੂੰ ਦੂਰ ਕਰਨ ਦਾ ਯਤਨ ਕਰਾਂਗੇ।

ਮੇਰੇ ਦੋਸਤ ਨੇ Five-Year Plan ਉਤੇ ਬੜਾ ਲੰਮਾ ਚੌੜਾ ਲੈਕਚਰ ਦਿਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਸ ਨਾਲ ਕੋਈ ਵੀ ਸੰਤੁਸ਼ਟ ਨਹੀਂ। Chamber of Commerce ਦਾ ਵੀ ਹਵਾਲਾ ਦਿਤਾ ਗਿਆ ਹੈ। (ਇਕ ਮੈਂਬਰ। ਬਾਕੀ ਹੋਰ ਲੋਕ ਵੀ ਇਹੋ ਗਲ ਹੀ ਕਹਿੰਦੇ ਹਨ।) ਬਾਕੀ ਤੁਸੀਂ ਹੀ ਕਹਿੰਦੇ ਹੋ। ਹੋਰ ਕੋਈ ਨਹੀਂ ਕਹਿੰਦਾ। ਮੈਂ ਅਪਣੇ ਦੋਸਤ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ plan ਇਸ ਤਰ੍ਹਾਂ ਦਾ ਨਹੀਂ ਕਿ ਇਸ ਦਾ ਚਮਤਕਾਰ ਫੌਰਨ ਹੀ ਨਜ਼ਰ ਆ ਜਾਏ। ਇਹ ਇਕ ਬੜਾ modest ਤੇ ਸੰਜੀਦਾ plan ਹੈ। ਸਰਕਾਰ ਹਿੰਦ ਤੇ ਅਸੀਂ ਸਾਰੇ ਤੁਲੇ ਹੋਏ ਹਾਂ ਕਿ ਇਸ ਉਤੇ ਜ਼ਰੂਰ ਅਮਲ ਕੀਤਾ ਜਾਏ। ਫਜ਼ੂਲ ਗਲਾਂ ਕਰਨ ਦਾ ਕੋਈ ਫਾਇਦਾ ਨਹੀਂ। ਜਿੰਨੀ ਵੀ ਸਾਡੇ ਵਿਚ ਹਿੰਮਤ ਹੋਵੇਗੀ ਅਸੀ ਪੂਰੀ ਤਰ੍ਹਾਂ ਵਾਹ ਲਾਵਾਂਗੇ। ਫੇਰ ਇਹ ਕਿਹਾ ਗਿਆ ਹੈ ਕਿ ਹੁਣ ਤਕ ਇਸ ਦਾ ਨਤੀਜਾ ਕੀ ਹੋਇਆ ਹੈ? ਮੇਰੇ ਦੋਸਤ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਪਹਿਲਾ plan ਹੈ। ਇਸ ਵਿਚ Agriculture, ਬਿਜਲੀ ਪਾਣੀ, ਸੜਕਾਂ, Community Projects ਅਤੇ ਹੋਰ ਚੀਜ਼ਾਂ ਉਤੇ ਜ਼ੋਰ ਦਿਤਾ ਜਾਣਾ ਸੀ। ਮੈਂ ਕਹਿੰਦਾ ਹਾਂ ਕਿ Agriculture ਵਿਚ ਤਰੱਕੀ ਨਹੀਂ ਹੋਈ। ਤੁਸੀਂ ਅਪਣੇ ਸੂਬੇ ਵਲ ਨਜ਼ਰ ਮਾਰੋ। ਕੀ ਪੈਦਾਵਾਰ ਨਹੀਂ ਵਧੀ? ਕਪੜੇ ਦੇ ਬਾਰੇ ਵੀ ਸ਼ਿਕਾਇਤ ਕੀਤੀ ਗਈ ਸੀ। ਕੀ ਕੁਝ

target ਨੂੰ ਪੂਰਾ ਨਹੀਂ ਹੋ ਗਿਆ ? ਇਹੋ ਹਾਲ ਖਾਦ ਤੇ cement ਦਾ ਹੈ। Minor Irrigation Schemes ਦਾ ਸਾਰੇ ਦਾ ਸਾਰਾ programme ਵਕਤ ਤੋਂ ਪਹਿਲਾਂ ਹੀ ਪੂਰਾ ਹੋ ਗਿਆ ਹੈ। ਬਿਜਲੀ ਦੇ ਬਾਰੇ ਵੀ ਏਹੋ ਕੁਝ ਕਿਹਾ ਜਾ ਸਕਦਾ ਹੈ। ਅਸੀਂ ਬਿਜਲੀ ਪ੍ਰੋਗ੍ਰਾਮ ਤੋਂ ਇਕ ਸਾਲ ਪਹਿਲੇ ਜਾ ਰਹੇ ਹਾਂ। ਇਸ ਤੋਂ ਇਲਾਵਾ ਇਹ ਕਹਿਣਾ ਕਿ steel plant ਲਗਣਾ ਸੀ ਪਰ ਕੁਝ ਨਹੀਂ ਕੀਤਾ ਗਿਆ। ਮੇਰੇ ਦੋਸਤਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਦੀ progress ਹੋਰਨ ਹੋ ਜਾਣੀ ਹੈ। ਇਕ German Firm ਨੂੰ ਠੇਕਾ ਦੇ ਦਿਤਾ ਗਿਆ ਹੈ ਤੇ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਬਾਕੀ ਫ਼ੈਕਟਰੀਆਂ ਲਗ ਰਹੀਆਂ ਹਨ। Refinery ਲਗ ਰਹੀ ਹੈ।

ਸਰਦਾਰ ਵਜ਼ੀਰ ਸਿੰਘ : ਪੰਜਾਬ ਦੀ ਗਲ ਕਰੋ।

ਅਰਥ ਮੰਤ੍ਰੀ : Five-Year Plan ਦੇ ਪ੍ਰੋਗਰਾਮ ਦੇ ਬਾਰੇ ਜੋ ਕੁਝ ਸਾਡੇ ਜ਼ਿਮੇ ਸੀ, ਅਸਾਂ ਉਸ ਤੋਂ $1\frac{1}{2}$ ਗੁਣਾ ਕਰ ਦਿਤਾ ਹੈ। ਅਸੀਂ ਹਿੰਦ ਸਰਕਾਰ ਨੂੰ ਲਿਖਿਆ ਹੈ ਕਿ ਸਾਡਾ ਪ੍ਰੋਗਰਾਮ ਵਧਾਓ ਤਾਂ ਜੋ ਅਸਾਂ ਹੋਰ ਵੀ ਕੁਝ ਕਰੀਏ।

ਮੇਰੇ ਦੋਸਤ ਨੇ Backward areas ਤੇ labour ਦੇ ਬਾਰੇ ਵੀ ਕਝ ਕਿਹਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਇਕ ਅਜੇਹਾ ਸੂਬਾ ਹੈ ਜਿਸ ਵਿਚ ਮਜ਼ਦੂਰਾਂ ਲਈ Minimum Wages Act ਲਾਗੂ ਕੀਤਾ ਹੋਇਆ ਹੈ। ਸਾਰੀ Industry ਵਿਚ ਹੀ ਨਹੀਂ ਬਲਕਿ agricultural labour ਨੂੰ ਵੀ ਇਹ ਸਹੂਲਤ ਦਿਤੀ ਹੋਈ ਹੈ। ਅਸਾਂ Plantation Labour Act ਵੀ ਲਾਗੂ ਕੀਤਾ ਹੋਇਆ ਹੈ। ਮਜ਼ਦੂਰਾਂ ਦੇ ਫ਼ਾਇਦੇ ਲਈ Employees Provident Fund Act ਅਤੇ Health Insurance Act ਵੀ ਲਾਗੂ ਹੋਏ ਹੋਏ ਹਨ। ਅਸਾਂ ਉਹ ਸਾਰੀਆਂ ਸਹੂਲਤਾਂ ਜਿਹੜੀਆਂ ਮਜ਼ਦੂਰਾਂ ਨੂੰ Central Government ਦੇ ਕਾਨੂੰਨਾਂ ਅਨੁਸਾਰ ਦਣੀਆਂ ਚਾਹੀਦੀਆਂ ਹਨ, ਦਿਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਅਸਾਂ labour ਦੀ ਮਦਦ ਲਈ Co-operative Societies ਬਣਾ ਦਿਤੀਆਂ ਹਨ ਤਾਂ ਜੋ ਸਾਰਾ ਮੁਨਾਫ਼ਾ ਜਿਹੜਾ ਠੇਕੇਦਾਰ ਖਾਂਦੇ ਸਨ ਮਜ਼ਦੂਰਾਂ ਕੋਲ ਜਾਵੇ।

ਮੇਰੇ ਮਾਨਯੋਗ ਮਿਤ੍ਰ ਨੇ ਕਿਹਾ ਹੈ ਕਿ ਸਰਕਾਰ ਨੇ Road Development Programme ਤੇ ਅਮਲ ਕੀਤਾ ਹੈ ਪ੍ਰੰਤੂ ਦੋ ਤਿੰਨ ਥਾਂ ਇਹ ਰਕਮ ਬਜਟ ਵਿਚ ਵਖਾਈ ਗਈ ਹੈ। ਮੈਂ ਸਮਝਦਾ ਹਾਂ ਕਿ ਮੇਰੇ ਮਾਨਯੋਗ ਮਿਤ੍ਰ ਨੂੰ ਭੁਲੇਖਾ ਲਗਾ ਹੈ। ਇਸ ਸੰਬੰਧ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਕੁਝ ਰੁਪਿਆ ਕੇਂਦਰੀ ਸਰਕਾਰ ਦਿੰਦੀ ਹੈ ਤੇ ਕੁਝ ਰੁਪਿਆ ਪ੍ਰਾਂਤੀ ਸਰਕਾਰ ਪਦੀ ਹੈ। ਇਹ ਨਹੀਂ ਕਿ ਕੁਲ ਰਕਮ ਤਿੰਨ ਤਿੰਨ ਥਾਂ ਵਖਾਈ ਜਾਂਦੀ ਹੈ। ਇਹ ਕਹਿਣਾ ਬਿਲਕੁਲ ਗਲਤ ਹੈ। ਸਰਕਾਰ ਨੇ road mileage 313 ਮੀਲ ਬਨਾਨੀ ਹੈ ਤੇ ਇਸ ਸੰਬੰਧ ਵਿਚ ਸਰਕਾਰ ਨੇ $2\frac{1}{2}$ ਕਰੋੜ ਰੁਪਿਆ ਖਰਚ ਕਰਨਾ ਹੈ। Community Project ਦੇ ਪ੍ਰੋਗ੍ਰਾਮ ਦੇ ਹੇਠ ਜਿਹੜੀਆਂ ਸੜਕਾਂ ਬਨਾਈਆਂ ਜਾਣੀਆਂ ਹਨ ਉਹ ਇਸ ਤੋਂ ਵਖਰੀਆਂ ਹਨ। ਇਸ ਦੇ ਇਲਾਵਾ ਪੰਚਾਇਤਾਂ ਸੜਕਾਂ ਬਨਾਉਣ ਲਈ ਸਰਕਾਰ ਨੇ 10 ਲੱਖ ਰੁਪਏ ਦਾ ਪ੍ਰਬੰਧ ਕੀਤਾ ਹੈ। ਸਪੀਕਰ ਸਾਹਬ, ਅਸਾਂ ਇਹ ਵੀ ਪ੍ਰਬੰਧ ਕੀਤਾ ਹੈ ਕਿ ਜੇ ਕੋਈ ਪਿੰਡ ਆਪ ਕੋਈ ਸੜਕ ਬਨਾਉਣ ਦਾ ਵਿਚਾਰ ਕਰੇ ਤਾਂ ਸਰਕਾਰ ਅੱਧਾ ਰੁਪਿਆ contribute ਕਰੇਗੀ। ਮੇਰੇ ਇਕ ਮਾਨਯੋਗ ਮਿਤ੍ਰ ਨੇ ਕਿਹਾ ਹੈ ਕਿ Civil Administration ਨੇ ਕਾਫ਼ ਵੱਧੀ ਹੈ

[ਅਰਥ ਮੰਤ੍ਰੀ]

ਕਿ ਪੁਲਿਸ, ਜੇਲ ਆਦਿ ਤੇ ਖਰਚ ਵਧ ਗਿਆ ਹੈ ਪਰੰਤੂ ਖਰਚ ਦੀ percentage 27 ਤੋਂ 23 ਰਹਿ ਗਈ ਹੈ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਸੰਬੰਧ ਵਿਚ 23 ਕਰੋੜ ਦੇ ਖਰਚ ਵਿਚੋਂ 5 ਕਰੋੜ 29 ਲੱਖ ਰੁਪਏ ਦਾ ਖਰਚ ਘਟਾ ਦਿਤਾ ਗਿਆ ਹੈ। ਮਾਨਯੋਗ ਮੈਂਬਰਾਂ ਨੂੰ ਚਾਹੀਦਾ ਸੀ ਕਿ ਨੁਕਤਾਚੀਨੀ ਜੇ ਕਰਨੀ ਸੀ ਤਾਂ ਠੀਕ ਤੌਰ ਤੇ ਕਰਦੇ ਜਿਸ ਵਿਚ ਕੁਝ ਵਜ਼ਨ ਹੁੰਦਾ।

ਇਸ ਦੇ ਇਲਾਵਾ ਇਹ ਕਿਹਾ ਗਿਆ ਹੈ ਕਿ ਗਵਰਨਮੈਂਟ ਦੀ ਜ਼ਮੀਨਾਂ ਦੇ ਮੁੜ ਆਬਾਦ ਕਰਣ ਦੀ ਅਰਥਾਤ Rehabilitation Policy ਨਾਕਸ ਹੈ। ਕਿਹਾ ਗਿਆ ਹੈ ਕਿ ਇਸ ਤਰ੍ਹਾਂ ਸਰਕਾਰ Landlordism ਨੂੰ ਕਾਇਮ ਰਖ ਰਹੀ ਹੈ। ਇਸ ਸੰਬੰਧ ਵਿਚ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੇਰੇ ਭਾਈ ਪਾਕਿਸਤਾਨ ਵਿਚ ਸੈਂਕੜੇ ਤੇ ਹਜ਼ਾਰਾਂ ਏਕੜ ਜ਼ਮੀਨ ਛਡ ਕੇ ਆਏ ਹਨ। ਜਿਹੜੇ ਜ਼ਿਮੀਦਾਰ ਉਥੇ 4,000/5,000 ਏਕੜ ਜ਼ਮੀਨ ਦੇ ਮਾਲਕ ਸਨ ਉਹ ਏਥੇ 400 ਏਕੜ ਜ਼ਮੀਨ ਦੇ ਮਾਲਕ ਹਨ। ਜ਼ਮੀਨਾਂ ਦੀ ਅਲਾਟਮੈਂਟ (allotment) ਦੇ ਸੰਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਥੋੜੀ ਜ਼ਮੀਨ ਦਿਆਂ ਮਾਲਕਾਂ ਤੇ 25 ਫੀ ਸਦੀ cut ਲਾਈ ਸੀ ਤੇ ਵਡੇ ਜ਼ਿਮੀਂਦਾਰਾਂ ਤੇ ਜਿਹੜੇ ਹਜ਼ਾਰਾਂ ਏਕੜ ਜ਼ਮੀਨ ਦੇ ਮਾਲਕ ਸਨ, 95 ਫੀਸਦੀ cut ਲਗਾਈ। ਗਵਰਨਮੈਂਟ ਦੀ ਇਸ ਪਾਲਿਸੀ ਦੀ ਹਰ ਪਾਸਿਉਂ ਸ਼ਲਾਘਾ ਕੀਤੀ ਗਈ ਸੀ। Standard ਏਕੜ ਦਾ ਤਰੀਕਾ ਸਾਡੇ ਲਾਇਕ Director of Rehabilitation ਸਰਦਾਰ ਤਰਲੋਕ ਸਿੰਘ ਨੇ ਕਢਿਆ ਸੀ ਕਿ ਜ਼ਮੀਨ ਨੂੰ ਕਿਸਤਰ੍ਹਾਂ ਮਾਪਣਾ ਹੈ। ਹੁਣ standard acre ਨੂੰ ਸਭ ਨੇ ਅਪਣਾ ਲਿਆ ਹੈ।

ਮੇਰੇ ਕੁਝ ਮਾਨਯੋਗ ਮਿਤ੍ਰਾਂ ਨੇ ਕਿਹਾ ਹੈ ਕਿ ਖੇਤੀ ਬਾੜੀ, ਨਹਿਰਾਂ ਤੇ working expenses ਜ਼ਿਆਦਾ ਕਿਉਂ ਨਹੀਂ ਕੀਤੇ ਗਏ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਖੇਤੀ ਬਾੜੀ ਤੇ ਅਗੇ ਨਾਲੋਂ ਜ਼ਿਆਦਾ ਰੁਪਯਾ ਖਰਚ ਕਰ ਰਹੀ ਹੈ। ਸਰਕਾਰ pumping sets ਅਤੇ fertilizers ਤੇ ਜ਼ਿਆਦਾ ਖਰਚ ਕਰ ਰਹੀ ਹੈ। ਇਹ ਵੀ ਇਤਰਾਜ਼ ਕੀਤਾ ਗਿਆ ਹੈ ਕਿ ਸਰਕਾਰ ਦਾ ਤਕਾਵੀ ਕਰਜ਼ ਦੇਣ ਦਾ ਤਰੀਕਾ ਗ਼ਲਤ ਹੈ। ਮੈਂ ਸਮਝਦਾ ਹਾਂ ਕਿ ਇਸ ਬਾਰੇ ਮੇਰੇ ਮਿਤਰ ਨੂੰ ਭੁਲੇਖਾ ਲਗਾ ਹੈ। ਰਬੀ ਦੀ ਫਸਲ ਅਕਤੂਬਰ ਜਾਂ ਨਵੰਬਰ ਵਿਚ ਬੀਜੀ ਜਾਂਦੀ ਹੈ ਤੇ fertilisers ਦਿਆਂ ਕਰਜ਼ਿਆਂ ਦੀ ਅਦਾਇਗੀ 30 ਨਵੰਬਰ ਤਕ ਹੋ ਸਕਦੀ ਹੈ। ਖਰੀਫ ਦੀ ਫਸਲ ਦੀ ਅਦਾਇਗੀ ਨਵੰਬਰ ਦੇ ਅਖੀਰ ਵਿਚ ਹੁੰਦੀ ਹੈ। ਇਨ੍ਹਾਂ ਹਾਲਤਾਂ ਵਿਚ ਕਿਸੇ ਨੂੰ ਵੀ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ। ਜੇ ਹੈ ਤਾਂ ਉਨ੍ਹਾਂ ਦੇ ਮਨ ਵਿਚ ਭੁਲੇਖਾ ਪਿਆ ਹੋਇਆ ਹੈ। ਇਹ ਵੀ ਇਤਰਾਜ਼ ਕੀਤਾ ਗਿਆ ਹੈ ਕਿ fertilisers ਦੀ ਵੰਡ ਕੋਆਪ੍ਰੇਟਿਵ ਸੋਸਾਇਟੀਆਂ ਦੀ ਰਾਹੀਂ ਕੀਤੀ ਜਾਣੀ ਚਾਹੀਦੀ ਹੈ। Irrigation ਦੇ working expenses ਇਸ ਲਈ ਵਧੇ ਹਨ ਕਿ ਸਰਕਾਰ ਨਹਿਰਾਂ ਦੇ ਕੰਢੇ ਉਚੇ ਕਰ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਜ਼ਿਆਦਾ ਪਾਣੀ ਮਿਲ ਸਕੇ।

ਇਸ ਦੇ ਇਲਾਵਾ ਮੈਂ ਮੁਜ਼ਾਰਿਆਂ ਦੇ ਸੰਬੰਧ ਵਿਚ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰਿਆਂ ਮੁਜ਼ਾਰਿਆਂ ਨੂੰ ejectment notice ਮਿਲ ਚੁਕੇ ਹਨ। ਜੋ ਕੁਝ ਰਿਪੋਰਟ ਆਈ ਹੈ ਉਸ ਤੋਂ ਪਤਾ ਲਗਦਾ ਹੈ ਕਿ ਲਗ ਭਗ 60,000 ਮੁਜ਼ਾਰਿਆਂ ਨੂੰ ਨੋਟਿਸ ਮਿਲ ਚੁਕੇ ਹਨ। ਇਸ ਸੰਬੰਧ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਬਹੁਤ ਸਾਰਿਆਂ ਲੋਕਾਂ ਨੇ ਆਪ ਹੀ ਇਹ ਗਲ ਤਸਲੀਮ ਕਰ ਲਿਆ ਹੈ। ਮੈਂ ਗੁਰਦਾਸਪੁਰ ਦੇ ਬਾਰੇ ਇਹ ਦਸਣਾ ਚਾਹੁੰਦਾ ਹਾਂ ਕਿ ਉਥੇ 7,191 ਨੋਟਿਸ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿਚ

5,615 cases ਵਿਚ ਬਾਹਮੀ ਫ਼ੈਸਲਾ ਹੋ ਗਿਆ ਹੈ। ਇਸ ਵੇਲੇ ਸਿਰਫ਼ 92 cases ਅਦਾਲਤ ਵਿਚ ਦਾਇਰ ਹਨ। ਮੈਂ ਆਸ ਕਰਦਾ ਹਾਂ ਕਿ ਜੇ ਮੇਰੇ ਮਿਤ੍ਰ ਸਾਡੀ ਮਦਦ ਕਰਨਗੇ ਤਾਂ ਇਨ੍ਹਾਂ ਦਾ ਫੈਸਲਾ ਜਲਦੀ ਹੋ ਜਾਵੇਗਾ।

ਇਸ ਦੇ ਇਲਾਵਾ ਮੇਰੇ ਮਾਨਯੋਗ ਮਿਤ੍ਰ ਸ੍ਰੀ ਤੇਗ ਰਾਮ ਨੇ ਕਿਹਾ ਹੈ ਕਿ ਸਰਕਾਰ ਨੇ ਫੀਰੋਜ਼ਪੁਰ ਲਈ ਕੁਝ ਨਹੀਂ ਕੀਤਾ। ਜਿੰਨੀਆਂ ਨਹਿਰਾਂ ਹਨ ਉਹ ਫੀਰੋਜ਼ਪੁਰ ਵਿਚ ਚਲਦੀਆਂ ਹਨ। ਬਿਜਲੀ ਫੀਰੋਜ਼ਪੁਰ ਜ਼ਿਲੇ ਦੇ ਪਿੰਡਾਂ ਵਿਚ ਜਾ ਰਹੀ ਹੈ ਤੇ ਇਹ ਕਹਿਣਾ ਮੁਨਾਸਬ ਨਹੀਂ ਕਿ ਸਰਕਾਰ ਨੇ ਫੀਰੋਜ਼ਪੁਰ ਜ਼ਿਲੇ ਲਈ ਕੁਝ ਨਹੀਂ ਕੀਤਾ। ਮੇਰੇ ਇਕ ਮਾਨਯੋਗ ਮਿਤ੍ਰ ਨੇ ਕਿਹਾ ਹੈ ਕਿ ਸਰਕਾਰ ਨੇ ਸੂਬੇ ਨੂੰ ਗਹਿਣੇ ਪਾ ਦਿਤਾ ਹੈ। ਤੇ ਇਸ ਸੂਬੇ ਤੇ 138 ਕਰੋੜ ਰੁਪਏ ਦਾ ਕਰਜ਼ਾ ਚਾੜ੍ਹ ਦਿਤਾ ਹੈ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਸ ਉਜੜੇ ਹੋਏ ਸੂਬੇ ਨੂੰ ਬਨਾਉਣ ਲਈ ਕਰਜ਼ਾ ਲਿਆ ਜਾਏ ਤੇ ਲੋਕਾਂ ਦੀ ਭਲਾਈ ਲਈ ਖਰਚ ਕੀਤਾ ਜਾਏ ਤਾਂ ਕੋਈ ਮਾੜੀ ਗੱਲ ਨਹੀਂ। 138 ਕਰੋੜ ਰੁਪਏ ਦਾ ਇਹ ਵੇਰਵਾ ਹੈ :—

ਭਾਖੜਾ ਨੰਗਲ		104 ਕਰੋੜ
ਹਰੀਕੇ ਸਕੀਮ		8 ਕਰੋੜ
ਬਿਜਲੀ		1 ਕਰੋੜ
ਜ਼ਿਆਦਾ ਅਨ ਉਪਜਾਉ ਤੇ		
Minor Irrigation Scheme	..	8 ਕਰੋੜ
Rehabilitation Loans Pumping Sets, ਖੇਤੀ ਬਾੜੀ ਲਈ ਤੇ ਦਸਤਕਾਰੀ ਲਈ	..	9 ਕਰੋੜ
Due Capital	..	5 ਕਰੋੜ
Miscellaneous	..	3 ਕਰੋੜ
ਕੁਲ	..	138 ਕਰੋੜ

ਇਹ ਰੁਪਿਆ ਇਸ ਲਈ ਖਰਚ ਕਰ ਰਹੇ ਹਾਂ ਕਿ ਪ੍ਰਾਂਤ ਵਿਚ ਤਰੱਕੀ ਤੇ ਖੁਸ਼ਹਾਲੀ ਹੋਵੇ। ਇਸ ਦੇ ਇਲਾਵਾ ਇਹ ਕਿਹਾ ਗਿਆ ਹੈ ਕਿ ਬਜਟ ਵਿਚ common man ਵਾਸਤੇ ਕੁਝ ਨਹੀਂ ਕੀਤਾ ਗਿਆ। ਮੈਂ ਨਹੀਂ ਸਮਝਦਾ ਕਿ common man ਦੇ ਸਵਾਇ ਹੋਰ ਕਿਸ ਲਈ ਕੀਤਾ ਗਿਆ ਹੈ। Road Programme ਤੇ ਤਿੰਨ ਕਰੋੜ ਰੁਪਿਆ ਖਰਚ ਕੀਤਾ ਗਿਆ ਹੈ ਤਾਂ ਜੋ ਕਿਸਾਨਾਂ ਨੂੰ ਫਾਇਦਾ ਪਹੁੰਚੇ। ਉਹ ਇਸਤਰ੍ਹਾਂ ਸਸਤੇ ਭਾਅ ਤੇ ਆਪਣੀ ਜਿਨਸ ਮੰਡੀਆਂ ਵਿਚ ਲਿਆ ਸਕਦੇ ਹਨ ਤੇ ਜ਼ਿਆਦਾ ਪੈਸੇ ਵਟ ਸਕਦੇ ਹਨ। ਲੋਕਾਂ ਦੀ ਸਿਹਤ ਲਈ dispensaries ਪਿੰਡਾਂ ਵਿਚ ਖੋਲ੍ਹੀਆਂ ਗਈਆਂ ਹਨ। Ayurvedic Dispensaries ਵੀ ਪਿੰਡਾਂ ਵਿਚ ਖੋਲ੍ਹੀਆਂ ਗਈਆਂ ਹਨ। Anti Malaria Scheme ਪਿੰਡਾਂ ਵਿਚ ਲਾਗੂ ਕੀਤੀ ਗਈ ਹੈ ਕਿਉਂਕਿ ਪਿੰਡਾਂ ਦੇ ਲੋਕ ਆਮ ਤੌਰ ਤੇ ਮਲੇਰੀਆ ਦੇ ਸ਼ਿਕਾਰ ਹੁੰਦੇ ਹਨ। ਸਿਖਿਆ ਦੇ ਸੰਬੰਧ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪ੍ਰਾਇਮਰੀ ਸਕੂਲ ਪਿੰਡਾਂ ਵਿਚ ਖੋਲ੍ਹੇ ਗਏ ਹਨ। ਖੇਤੀ ਬਾੜੀ ਲਈ fertilisers ਦਿਤੇ ਜਾ ਰਹੇ ਹਨ।

[ਅਰਥ ਮੰਤ੍ਰੀ]

Pumping Sets ਲਗਾਏ ਜਾ ਰਹੇ ਹਨ। ਇਹ ਸਾਰਾ ਕੁਝ ਕਿਸਾਨਾਂ ਤੇ ਗਰੀਬ ਲੋਕਾਂ ਲਈ ਕੀਤਾ ਜਾ ਰਿਹਾ ਹੈ। ਬਿਜਲੀ ਦੀ extension ਪਿੰਡਾਂ ਵਿਚ ਕੀਤੀ ਜਾ ਰਹੀ ਹੈ। 306 ਪਿੰਡਾਂ ਵਿਚ ਬਿਜਲੀ ਛੇਤੀ ਪਹੁੰਚ ਜਾਏਗੀ ਤੇ Pumping Sets ਵੀ ਲਗਾ ਦਿਤੇ ਜਾਣਗੇ। ਬਹੁਤ ਸਾਰਾ ਰੁਪਿਆ tube-wells ਤੇ ਖਰਚ ਕੀਤਾ ਜਾ ਰਿਹਾ ਹੈ। ਮੈਂ ਮਾਨਯੋਗ ਮੈਂਬਰਾਂ ਨੂੰ ਪੁਛਦਾ ਹਾਂ ਕਿ ਕੀਹ ਇਕ ਵੀ ਇਹੋ ਜਿਹੀ item ਹੈ ਜਿਹੜੀ common man ਦੀ ਭਲਾਈ ਲਈ ਨ ਹੋਵੇ ? ਅਸੀਂ ਇਨ੍ਹਾਂ ਕੰਮਾਂ ਲਈ ਕੋਈ ਕਦਰਦਾਨੀ ਨਹੀਂ ਚਾਹੁੰਦੇ। ਨ ਹੀ ਅਸੀਂ ਚਾਹੁੰਦੇ ਹਾਂ ਕਿ ਕੋਈ ਸਾਡੀ ਪ੍ਰਸੰਸਾ ਕਰੇ। ਜਦੋਂ ਇਹ ਸਾਰੇ ਕੰਮ ਸਿਰੇ ਚੜ੍ਹ ਜਾਣਗੇ ਤਾਂ ਜਨਤਾ ਨੂੰ ਪਤਾ ਲਗੇਗਾ ਕਿ ਪੰਜਾਬ ਕਿਸ ਤਰ੍ਹਾਂ ਖੁਸ਼ਹਾਲ ਹੋ ਗਿਆ ਹੈ।

The Assembly then adjourned till 2 p.m. on Thursday, the 18th March, 1954

206 P.S.L.A.—283—26-11-54—C.P. & S. Pb., Chandigarh.

Punjab Legislative Assembly Debates

18th March, 1954

VOL. I, NO. 9

OFFICIAL REPORT

CONTENTS

Thursday, 18th March, 1954.

CHANDIGARH :
Printed by the Controller of Printing and Stationery, Punjab,
1954

Price : Re. 0-8-0

PUNJAB LEGISLATIVE ASSEMBLY

18*th* *March*, 1954

The Assembly met in the Assembly Hall, Sector 10, Chandigarh Capital, at 2 p. m. of the clock. Mr. Speaker (Dr. Satyapal) in the Chair.

QUESTION HOUR (DISPENSED WITH)

अध्यक्ष महोदय : मैम्बर साहिबान की खाहिश का एहतराम करते हुए आज फिर Question hour dispense with किया जाता है ।

DEMAND FOR GRANT

General Administration

Chief Minister. (Shri Bhim Sen Sachar) : Sir, I beg to move—

> That a sum not exceeding Rs. 1,45,51,800 be granted to the Governor to defray the charges that will come in course of payment for the year 1954-55 in respect of General Administration.

Mr. Speaker : Motion moved—

> That a sum not exceeding Rs. 1,45,51,800 be granted to the Governor to defray the charges that will come in course of payment for the year 1954-55 in respect of General Administration.

अध्यक्ष महोदय : मैं आप की खिदमत में यह अर्ज़ करना चाहता हूं that the following motions or cut motions will be deemed to have been moved. अब यह सब आप के सामने हैं । इस लिये जिन साहिबान ने cut motions का नोटिस दे रखा है, जब व तकरीर करने उठेंगे तो उन के बारे में यह समझा जाएगा कि उन की motion या cut motion originally move हो चुकी है ।

1. **Shri Daulat Ram Sharma :**

   that item of Rs. 2,69,880/- on account of h-1—Ministers be reduced by Rs. 100/-:

2. **Shri Wadhawa Ram :**
3. **Sardar Darshan Singh :**
4. **Sardar Bachan Singh :**
5. **Sardar Chanan Singh Dhut :**
6. **Sardar Harkishan Singh Surjit :**

7. **Sardar Achhar Singh Chhina :**

That item of Rs. 3,76,820 on account of h-1—Ministers and (h) 2—Purchase and mainte nance of cars of Ministers and Deputy Ministers be reduced by Rs 1,50,000/-

8. **Shri Wadhawa Ram :**

9. **Sardar Bachan Singh :**

10. **Sardar Achhar Singh :**

11. **Sardar Chanan Singh Dhut :**

12. **Sardar Darshan Singh :**

13. **Sardar Harkishan Singh Surjit :**

That item of Rs. 3,21,220/- on account of (i) Legislative Council be omitted.

14. **Shri Wadhawa Ram :**

15. **Sardar Darshan Singh :**

16. **Sardar Bachan Singh :**

17. **Sardar Chanan Singh Dhut :**

18. **Sardar Harkishan Singh Surjit :**

19. **Sardar Achhar Singh Chhina :**

That the demand be reduced by Rs. 15 lakhs.

20. **Pandit Shri Ram Sharma :**

That the demand be reduced by Rs. 100/-

21. **Shri Ram Kishan :**

That the demand be reduced by Rs. 100/-

22. **Shri Babu Dayal :**

23. **Maulvi Abdul Ghani Dar :**

That the demand be reduced by Rs. 100/-

24. **Shri Babu Dayal :**

That the demand be reduced by Rs. 100/-

25. **Maulvi Abdul Ghani Dar :**

26. **Shri Babu Dayal :**

That the demand be reduced by Rs. 100/-

27. **Shri Ram Sarup :**

That the demand be reduced by Rs. 100/-

28. **Shri Ram Kishan :**

That the demand be reduced by Rs. 100/-

29. **Shri Ram Chandra Comrade :**

That the demand be reduced by Rs. 100/-

30. **Shri Rala Ram :**

That the demand be reduced by Re. 1/-

31. **Rao Gajraj Singh :**

That the demand be reduced by Re. 1/-

32. **Shri Mool Chand Jain :**

That the demand be reduced by Re. 1/-

33. **Shri Kasturi Lal Goel :**

That the demand be reduced by Re.1-

34. **Shri Ram Chandra Comrade :**

That the demand be reduced by Re. 1/-

35. **Sardar Ajmer Singh :**

That the demand be reduced by Re. 1/-

36. **Sardar Wazir Singh :**

37. **Sardar Sarup Singh :**

38. **Master Partap Singh :**

39. **Sardar Iqbal Singh :**

That the demand be reduced by Re. 1/-

40. **Shri Dharam Vir Vasisht :**

That the demand be reduced by Re. 1/-

41. **Shri Khushi Ram Gupta :**

That the demand be reduced by Rs. 100/-

42. **Bakhshi Partap Singh :**

That the demand be reduced by one per cent.

43. **Shri Chand Ram Ahlawat :**

That the demand be reduced by Rs. 100/-

44. **Shri Ram Parkash :**

That the demand be reduced by Rs. 100/-

45. **Shri Teg Ram :**

That the demand be reduced by Rs. 100/-

46. **Sardar Khem Singh Tung :**

That the demand be reduced by one per cent.

47. **Sardar Darbara Singh :**

That the demand be reduced by Rs. 100/-

Mr. Speaker : Now I call upon Sardar Wazir Singh to Speek.

ਸਰਦਾਰ ਵਜ਼ੀਰ ਸਿੰਘ (ਡੋਲਹੋਂ) : ਸਪੀਕਰ ਸਾਹਿਬ, ਜਦੋਂ ਤੋਂ ਸਾਡਾ ਮੁਲਕ ਆਜ਼ਾਦ ਹੋਇਆ ਹੈ ਤਦੋਂ ਤੋਂ ਹੀ ਸਾਡੀ General Administration ਦਾ morale ਬਹੁਤ low ਹੋਗਿਆ ਹੈ। ਇਸ ਸੰਬਧੀ ਕਈ ਵਜੂਹਾਤ ਹੋ ਸਕਦੀਆਂ ਹਨ। ਪਰ ਮੇਰੀ ਰਾਏ ਵਿਚ, ਸਪੀਕਰ ਸਾਹਿਬ, General Administration ਦੇ low morale ਦਾ ਕਾਰਨ ਇਹ ਹੈ ਕਿ ਸਾਡੇ ਮਨਿਸਟਰ ਸਾਹਿਬਾਨ ਅਤੇ ਉਨ੍ਹਾਂ ਦੀ ਪਾਰਟੀ ਦੇ ਮੈਂਬਰ Administration ਦੇ ਰੋਜ਼ ਦੇ ਕੰਮ ਕਾਜ ਵਿਚ ਬੜਾ ਦਖ਼ਲ ਦੇਂਦੇ ਹਨ। ਇਸ ਦੇ ਨਾਲ ਜਿਹੜੇ honest ਜਾਂ straight forward ਅਫਸਰ ਹਨ ਉਨ੍ਹਾਂ ਨੂੰ ਵੀ ਆਪਣੀ ਮਰਜ਼ੀ ਦੇ ਮੁਤਾਬਿਕ ਕੰਮ ਨਹੀਂ ਕਰਨ ਦਿਤਾ ਜਾਂਦਾ ਜੇਕਰ ਉਨ੍ਹਾਂ ਵਿਚੋਂ ਕੋਈ ਅਫਸਰ ਸਿਫਾਰਿਸ਼ ਨਹੀਂ ਮੰਨਦਾ ਤਾਂ ਉਨ੍ਹਾ ਨੂੰ ਮਨਿਸਟਰਾਂ ਕੋਲੋਂ ਜ਼ੋਰ ਨਾਲ ਅਖਵਾਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇਕਰ ਫਿਰ ਵੀ ਉਨ੍ਹਾਂ ਦੀ ਮਰਜ਼ੀ ਦੇ ਮੁਤਾਬਿਕ ਕੰਮ ਨਹੀਂ ਕਰਦੇ ਜਾਂ ਨਹੀਂ ਕਰਨਾ ਚਾਹੁੰਦੇ ਤਾਂ ਉਨ੍ਹਾਂ ਨੂੰ ਇਹ ਕਿਹਾ ਜਾਂਦਾ ਹੈ ਉਹ ਉਨ੍ਹਾਂ ਦੇ ਖਿਲਾਫ਼ ਗਵਰਨਮੈਂਟ ਦੇ ਪਾਸ ਸ਼ਿਕਾਇਤਾਂ ਕੀਤੀਆਂ ਜਾਣ ਗੀਆਂ ਅਤੇ ਉਨ੍ਹਾਂ ਨੂੰ ਉਸ ਥਾਂ ਤੋਂ ਤਬਦੀਲ ਕਰਾ ਦਿਤਾ ਜਾਏਗਾ। ਸਪੀਕਰ ਸਾਹਿਬ, ਜਦੋਂ ਇਥੇ ਸੈਸ਼ਨ ਖਤਮ ਹੁੰਦਾ ਹੈ ਤਾਂ ਸਾਡੇ ਇਹ ਮਨਿਸਟਰ ਸਾਹਿਬਾਨ ਕਾਰਾਂ ਲੈਕੇ ਜ਼ਿਲਿਆਂ ਵਿਚ ਦੌਰੇ ਤੇ ਚਲੇ ਜਾਂਦੇ ਹਨ ਤੇ ਉਥੇ rest-houses ਵਿਚ ਜਾ ਠੈਹਰਦੇ ਹਨ। ਉਥੇ ਆਪਣੇ ਪਰਵਰਦਾ ਆਦਮੀਆਂ ਨਾਲ ਮਿਲ ਕਿ ਤਰ੍ਹਾਂ ਤਰ੍ਹਾਂ ਦੀਆਂ ਬਦਅਨਵਾਨੀਆਂ ਕੀਤੀਆਂ ਜਾਂਦੀਆਂ ਹਨ। ਆਪਣੀ

ਪਾਰਟੀ ਦੇ ਮੈਂਬਰਾਂ ਦੀਆਂ ਸਿਫਾਰਸ਼ਾਂ ਉਥੇ ਦੇ ਅਫਸਰਾਂ ਅਗੇ ਕੀਤੀਆਂ ਜਾਂਦੀਆਂ ਨੇ। ਅਫਸਰਾਂ ਨੂੰ ਕਿਹਾ ਜਾਂਦਾ ਹੈ ਕਿ ਫਲਾਂ ਆਦਮੀ ਸਾਡੀ ਪਾਰਟੀ ਦੇ ਮੈਂਬਰ ਹਨ, ਇਨ੍ਹਾਂ ਦਾ ਖਿਆਲ ਰਖਣਾ। ਇਨ੍ਹਾਂ ਦਾ ਕੰਮ ਹੋਵੇ ਤਾਂ ਇਨ੍ਹਾਂ ਨੂੰ accommodate ਕਰਨਾ ਅਤੇ ਇਨ੍ਹਾਂ ਦਾ ਕੰਮ ਕਾਜ ਕਰਨਾ। ਸਪੀਕਰ ਸਾਹਿਬ! ਇਸ ਤਰ੍ਹਾਂ ਨਾਲ ਸਾਡੀ Administration ਵਿਚ ਬੜੀਆਂ ਖਰਾਬੀਆਂ ਪੈਦਾ ਹੋ ਜਾਂਦੀਆਂ ਹਨ।

मुख्य मंत्री: माननी मैंम्बर आम बात न करें। वह definet cases बताएं। इस तरह से general बातें करने का कोई फ़ायदा नहीं।

ਸਰਦਾਰ ਵਜ਼ੀਰ ਸਿੰਘ : ਚੀਫ਼ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਮੈਂ ਮਿਸਾਲਾਂ ਦੇਵਾਂ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਦਾ ਹਾਂ। ਮਿਸਾਲ ਦੇ ਤੌਰ ਤੇ ਲੁਧਿਆਣੇ ਵਿਚ ਸਾਡੇ ਵਜ਼ੀਰ ਸਾਹਿਬਾਂ ਦੇ ਆਪਣੇ ਆਪਣੇ ਖਾਸ ਖਾਸ ਆਦਮੀ ਹਨ ਜਿਨ੍ਹਾਂ ਦੇ ਬਾਰੇ ਵਿਚ ਇਹ ਮਸ਼ਹੂਰ ਹੈ ਕਿ ਉਹ ਇਨ੍ਹਾਂ ਪਾਸੋਂ ਕੰਮ ਕਰਾ ਸਕਦੇ ਹਨ ਤੇ ਲੋਕੀਂ ਉਨ੍ਹਾਂ ਨੂੰ ਜਾ ਮਿਲਦੇ ਨੇ। ਮਿਸਾਲ ਦੇ ਤੌਰ ਤੇ Education Minister ਦੇ ਮਿਤ੍ਰ ਸ੍ਰੀ ਕਾਂਤੀ ਚੰਦਰ ਹਨ। ਇਸੇ ਤਰ੍ਹਾਂ ਨਾਲ ਇਹ ਗਲ ਆਮ ਮਸ਼ਹੂਰ ਹੈ ਕਿ ਜੇਕਰ ਫਲਾਂ ਵਜ਼ੀਰ ਕੋਲੋਂ ਕੰਮ ਕਰਾਉਣਾ ਹੈ ਤਾਂ ਫਲਾਂ ਆਦਮੀ ਦੇ ਪਾਸ ਚਲੇ ਜਾਵੋ, ਇਤਆਦਿ। ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ ਸਾਡੇ ਮਨਿਸਟ੍ਰ ਸਾਹਿਬਾਨ ਆਪਣੇ ਲਈ, ਆਪਣੀ ਪਾਰਟੀ ਦੇ ਮੈਂਬਰਾਂ ਲਈ ਅਤੇ ਆਪਣੀ ਪਾਰਟੀ ਦੇ workers ਲਈ ਅਫਸਰਾਂ ਕੋਲੋਂ ਜਾਇਜ਼ ਵਾ ਨਾਜ਼ਾਇਜ ਕੰਮ ਕਰਆਉਂਦੇ ਹਨ। ਮੈਂ ਸਮਝਦਾ ਹਾਂ ਕਿ Administration ਦਾ morale ਉਦੋਂ ਤਕ ਠੀਕ ਨਹੀਂ ਹੋਸਕਦਾ ਜਦੋਂ ਤਕ ਕਿ Administration ਦੀਆਂ ਇਹ ਖਰਾਬੀਆਂ ਦੂਰ ਨਹੀਂ ਕੀਤੀਆਂ ਜਾਂਦੀਆਂ। ਮਿਸਾਲ ਦੇ ਤੌਰ ਤੇ ਕਈ ਆਦਮੀ ਇਹੋ ਜਿਹੇ ਹਨ ਜਿਨ੍ਹਾਂ ਲਈ ਸਾਡੇ ਮਿਨਿਸਟਰ ਸਾਹਿਬ Head of the Departments ਨੂੰ ਕਹਿੰਦੇ ਨੇ ਕਿ ਉਹ ਉਨ੍ਹਾਂ ਦੀ ਮਦਦ ਕਰਨ। ਭਾਂਵੇ ਉਹ ਉਨ੍ਹਾਂ ਨੂੰ Depot ਦੇਣ, ਭਾਵੇਂ ਠੇਕੇ ਤੇ ਭਾਂਵੇ ਕੋਈ ਹੋਰ ਕੰਮ ਦੇਣ, ਤਾਕਿ ਉਨ੍ਹਾਂ ਦੀ ਪਾਰਟੀ ਦੇ ਵਰਕਰਜ਼ (Workers) ਦੇ ਖਾਣੇ ਪੀਣੇ ਦਾ ਪ੍ਰਬੰਧ ਹੋਇਆ ਰਹੇ। ਬਹੁਤ ਸਾਰੇ ਇਹੋ ਜਿਹੇ ਆਦਮੀ ਹਨ ਜਿਨ੍ਹਾਂ ਦੇ ਨਾਂ ਉਤੇ ਠੇਕੇ ਦਿਤੇ ਜਾਂਦੇ ਹਨ ਤੇ ਕਮ ਕਾਜ ਦੂਜੇ ਕਰਦੇ ਹਨ। ਇਸ ਤਰ੍ਹਾਂ ਨਾਲ ਹਜਾਰਾਂ ਰੁਪਿਏ ਕਮਾਏ ਜਾਂਦੇ ਹਨ। ਸਪੀਕਰ ਸਾਹਿਬ! ਚੂੰਕਿ ਮੁਖ ਮੰਤ੍ਰੀ ਜੀ ਨੇ ਕਿਹਾ ਹੈ ਕਿ ਮੈਂ ਮਿਸਾਲ ਦੇਵਾਂ, ਇਸ ਲਈ ਮੈਂ ਦਸਦਾ ਹਾਂ ਕਿ ਲੁਧਿਆਣੇ ਜ਼ਿਲੇ ਦੇ ਇਕ ਸ਼੍ਰੀ ਪਾਲ ਸਿੰਘ ਹਨ ਜਿਹੜੇ ਪ੍ਰਦੇਸ਼ ਕਾਂਗਰੇਸ ਕਮੇਟੀ

[ਸਰਦਾਰ ਵਜ਼ੀਰ ਸਿੰਘ]

ਦੇ ਮੈਂਬਰ ਹਨ ਅਤੇ ਉਨ੍ਹਾਂ ਦੇ ਨਾਂ ਤੇ ਠੇਕੇ ਮਿਲੇ ਹੋਇ ਹਨ ਅਤੇ ਨਾ ਉਨ੍ਹਾਂ ਦਾ ਕੋਈ ਰੁਪਿਆ ਲਗਦਾ ਹੈ, ਨ ਉਹ ਕੰਮ ਕਰਦੇ ਹਨ ਪਰ ਮੁਨਾਫ਼ਾ ਉਨ੍ਹਾਂ ਨੂੰ ਮਿਲ ਜਾਂਦਾ ਹੈ। ਉਸ ਠੇਕੇ ਦਾ ਕਮ ਕਰ ਰਿਹਾ ਹੈ ਇਕ ਸਰਦਾਰ ਮੁਨਵਨ ਸਿੰਘ। ਪਿਛਲੇ ਇਕ ਸਾਲ ਦੇ ਅਰਸੇ ਵਿਚ ਉਸ (ਸ੍ਰੀ ਪਾਲ ਸਿੰਘ) ਨੇ ਹਜ਼ਾਰਾਂ ਰੁਪਏ ਕਮਾਏ ਹਨ। ਜੇਕਰ ਚੀਫ ਮਨਿਸਟਰ ਸਾਹਿਬ ਹੋਰ ਪੁਛਨ ਤਾਂ ਮੈਂ ਹੋਰ ਕਈ ਅਜਿਹੀਆਂ ਮਿਸਾਲਾਂ ਦੇ ਸਕਦਾ ਹਾਂ। ਜਿਥੇ ਆਪਣੀ ਪਾਰਟੀ ਦੇ ਵਰਕਰਾਂ ਲਈ Head of the Departments ਦਵਾਰਾ ਰੋਅਬ ਪਵਾ ਕੇ ਕੰਮ ਕਰਾਏ ਗਏ ਹਨ। ਸਪੀਕਰ ਸਾਹਿਬ, ਇਹੋ ਜਿਹੀਆਂ ਚੀਜਾਂ ਨੇ, ਜਿਨ੍ਹਾਂ ਨਾਲ ਸਾਡੇ ਮੁਲਕ ਦੀ ਤੇ ਸਾਡੇ ਸੂਬੇ ਦੀ ਬਦਨਾਮੀ ਹੁੰਦੀ ਹੈ।

ਹੁਣ ਮੈਂ ਲੋਕਲ ਬਾਡੀਜ਼ (local bodies) ਦੇ ਬਾਰੇ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਸਾਡੇ ਮਨਿਸਟਰ ਇਹ ਸਮਝਦੇ ਹਨ ਕਿ ਜਿਸ ਕਿਸੇ ਲੋਕਲ ਬਾਡੀ ਵਿਚ ਕਿਸੇ ਇਹੋ ਜਿਹੇ ਆਦਮੀ ਦੀ ਤਾਕਤ ਹੋ ਗਈ ਹੈ ਜਿਸ ਦਾ ਕਾਂਗਰਸ ਪਾਰਟੀ ਨਾਲ ਕੋਈ ਸੰਬੰਧ ਨਹੀਂ ਤਾਂ ਉਸ ਨੂੰ ਤਰ੍ਹਾਂ ੨ ਨਾਲ ਤੰਗ ਕੀਤਾ ਜਾਂਦਾ ਹੈ। ਭਾਂਵੇਂ ਉਹ ਚੰਗੀ ਤਰ੍ਹਾਂ ਆਪਣਾ ਕੰਮ ਕਿਉਂ ਨ ਨਿਭਾ ਰਿਹਾ ਹੋਵੇ। ਉਸ ਦੇ ਕੰਮ ਵਿਚ ਤਰ੍ਹਾਂ ਤਰ੍ਹਾਂ ਦੀ ਮੁਦਾਖਲਤ ਕੀਤੀ ਜਾਂਦੀ ਹੈ। ਕਈ ਤਰੀਕਿਆਂ ਨਾਲ ਉਸ ਕੰਮ ਵਿਚ ਰੋੜੇ ਅਟਕਾਇ ਜਾਂਦੇ ਹਨ ਜੋ ਉਹ ਕਿਸੇ ਪਿੰਡ ਜਾਂ ਸ਼ਹਿਰ ਲਈ ਕਰਨਾ ਚਾਹੁੰਦਾ ਹੈ। ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਪਬਲਿਕ ਦੇ ਕੰਮ ਵਿਚ ਰੁਕਾਵਟਾਂ ਪਾਉਂਦੇ ਹਨ। ਕਈ ਵਾਰੀ ਤਾਂ ਇਹ ਇਥੋਂ ਤਕ ਵੀ ਕਰ ਦਿੰਦੇ ਨੇ ਕਿ ਉਸ ਮੈਂਬਰ ਉਤੇ ਕੁਝ ਝੂਠੇ ਇਲਜ਼ਾਮ ਲਗਾ ਕੇ ਉਸ ਨੂੰ disqualify ਕਰ ਦਿੰਦੇ ਨੇ। ਇਸ ਸਿਲਸਲੇ ਵਿਚ ਮੈਂ ਹਾਊਸ ਨੂੰ ਦਸਦਾ ਹਾਂ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਇਕ ਸਰਦਾਰ ਲਾਭ ਸਿੰਘ ਨੂੰ ਜਿਹੜਾ ਕਿ ਕਾਂਗਰਸ ਪਾਰਟੀ ਨਾਲ ਕੋਈ ਸੰਬੰਦ ਨਹੀਂ ਸੀ ਰਖਦਾ ਉਹਦੇ ਮਿਊਨਸਪਲ ਕਮੇਟੀ ਕਾਦੀਆਂ ਦੇ ਪਰੇਜ਼ੀਡੈਂਟ ਚੁਣੇ ਜਾਣ ਦੇ ਬਾਵਜੂਦ ਉਸ ਨੂੰ disqualify ਕਰ ਦਿਤਾ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ ਆਦਮੀ party in power ਨਾਲ ਤਾਲੁਕ ਨ ਰਖਦਾ ਹੋਵੇ ਜਾਂ ਉਸ ਦੇ ਕਹਿਣੇ ਦੇ ਬਮੂਜਬ ਨ ਚਲਦਾ ਹੋਵੇ ਉਸ ਨੂੰ ਤਰ੍ਹਾਂ ਤਰ੍ਹਾਂ ਦੀਆਂ ਧੱਮਕੀਆਂ ਦੇ ਕੇ ਉਸ ਨੂੰ ਮੈਂਬਰੀ ਤੋਂ ਖਾਰਜ ਕੀਤਾ ਜਾਂਦਾ ਹੈ ਅਤੇ ਹੋਰ ਤਰ੍ਹਾਂ ਦਾ ਨੁਕਸਾਨ ਵੀ ਪਹੁੰਚਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਮਨਿਸਟਰ Administration ਦੇ ਕੰਮ

ਵਿਚ ਦਖ਼ੱਲ ਦੇਂਦੇ ਨੇ। ਜੇਕਰ ਇਹ ਆਪਣੇ ਮੁਲਕ ਤੇ ਸੂਬੇ ਨੂੰ ਤੱਰਕੀ ਵਲ ਲੈ ਜਾਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆਪਣੀਆਂ ਗਦੀਆਂ ਨੂੰ ਕਾਇਮ ਰਖਨ ਦੀ ਖਾਤਰ Administration ਦੇ ਕੰਮਾਂ ਵਿਚ ਜੋ ਉਹ interference ਕਰਦੇ ਹਨ, ਉਸ ਨੂੰ ਛਡ ਦੇਣ ਤੇ Administration ਨੂੰ ਖੁਲੇ ਹਥ ਦੇਣ ਜਿਹੜੇ ਲੋਕੀ ਕਾਂਗਰਸ ਪਾਰਟੀ ਨਾਲ ਤਾਲੁਕ ਨਹੀਂ ਰਖਦੇ ਉਨ੍ਹਾਂ ਦੇ ਦਿਲਾਂ ਵਿਚ ਇਹ ਗੱਲ ਜ਼ੋਰ ਨਾਲ ਬਿਠਾ ਦੇਣ ਕਿ ਉਹ Administration ਦੇ ਰੋਜ਼ ਦੇ ਕਮਾਂ ਵਿਚ ਦੱਖਲ ਨਹੀਂ ਦੇਂਦੇ। ਇਸ ਦੇ ਨਾਲ ਜ਼ਿਲੇ ਦੇ Deputy Commissioner ਅਤੇ ਦੂਜੇ ਅਫਸਰਾਂ ਨੂੰ ਪਤਾ ਲਗ ਜਾਵੇਗਾ ਕਿ ਕੋਈ ਵੀ ਆਦਮੀ ਚਾਹੇ ਕਿਸੇ ਵੀ ਪਾਰਟੀ ਨਾਲ ਸੰਬੰਧ ਰਖਦਾ ਹੋਵੇ, ਉਨ੍ਹਾਂ ਉਸ ਦੇ ਨਾਲ ਇਨਸਾਫ ਹੀ ਕਰਨਾ ਹੈ।

ਮੈਂ ਮਨਿਸਟਰ ਸਾਹਿਬ ਅਗੇ ਇਹ ਹੀ ਇਲਤਜਾ ਕਰਨਾ ਚਾਹੁੰਦਾ ਹਾਂ ਕਿ ਸੂਬੇ ਦੀ ਬੇਹਤਰੀ ਲਈ ਸੈਸ਼ਨ ਦੇ ਖਾਤਮੇ ਤੇ ਆਪ ਪਿੰਡਾਂ ਵਿਚ ਜਾਂ ਕੇ Administration ਵਿਚ ਦਖਲ ਨਾ ਦੇਵੇ। ਅਫਸਰਾਂ ਨੂੰ ਇਨਸਾਫ ਮੁਤਾਬਕ ਕੰਮ ਕਰਨ ਦਿਉ ਤਾਂ ਜੋ ਲੋਕਾਂ ਦਾ Administration ਵਿਚ ਵਿਸ਼ਵਾਸ ਵਧੇ। ਇਸ ਲਈ ਆਪ ਆਪਣੀ ਪਾਰਟੀ ਦੇ ਫਾਇਦੇ ਲਈ ਆਪਣੇ ਦੋਸਤਾਂ ਦੇ ਫਾਇਦੇ ਲਈ ਅਫਸਰਾਂ ਨੂੰ ਮਰਊਬ ਨਾ ਕਰੋ।

श्री रलाराम (मुकेरियां): अध्यक्ष महोदय, जो व्यक्ति इस राज्य की आज की स्थिति पर नज़र डालता है उसे स्वीकार करना पड़ता है कि एक बड़ी बात जिस के लिये हम अपनी मिनिस्टरी को सच्चे हृदय से बधाई दे सकते हैं वह यह है कि इस ने Administration की moral tone तथा इख़लाकी मेयार को ऊंचा करने की हर तरह से कोशिश की है। कोई व्यक्ति जो बाहर के जिलों से ताल्लुक रखता है और वहां काम होता हुआ देखता है, इस बात से इन्कार नहीं कर सकता कि यह मिनिस्टरी प्रान्त की तरक्की के काम कर रही है। Democracy प्रजातन्त्र, के साथ जो spoilt system का नाम जुड़ा हुआ है और जो हम प्राय: सभी देशों में देखते है, हमें यह कहने में बड़ी खुशी होती है कि हमारी सरकार यह प्रयत्न करती है कि यह spoil system का नाम भी हमारे Administration के साथ किसी तरह से जुड़ा न रहे। यह देख कर किस को खुशी न होती होगी कि favouritism, nepotism ,रियायत लिहाज और कुम्बापर्वरी की शिकायात को दूर करने के लिये हकूमत ने जो सब से बड़ा कदम उठाया है वह यह है कि उन्होंने छोटी मोटी नौकरियों की recruitment को भी अपने हाथ से निकाल कर Subordinate Services Selection Board के सुपुर्द कर दिया है। क्या हम यह बात गर्व के साथ नहीं कह सकते कि इस किस्म की मिसाल

[श्री रला राम]
हमें बाकी देशों में भी और अपने देश में भी कहीं नहीं मिलती । हरेक हकूमत कोशिश करती है कि patronage उस के हाथ में बनी रहे । यह तो हमारी मिनिस्टरी की नेकनियती है कि उन्होंने ऐसा किया है । They want to give the State a clear and an efficient administration उनकी यह खाहिश है कि सूबे को शुद्ध और बहुत ही कुशलतापूर्ण शासन मिले । इस बात को मद्देनज़र रखते हुए उस का अपने हाथ से patronage को Sabordinate Services Selection Board के सुपुर्द कर देना, मैं समझता हूं इस बात का एक बड़ा प्रमाण है कि हमारी हुकूमत यह कोशिश कर रही है कि शासन का इखलाकी मेयार हर तरह से ऊंचा हो, और जो व्यक्ति इस बात से इन्कार करता है. वह इस कार्यवाही की अहमियत को समझने से कासिर है कि यह बड़ा कदम हमारी हकूमत ने Administration के इखलाकी मेयार को ऊंचा करने के लिये उठाया है और हम यह बात फ़खर से कह सकते हैं कि हमारे शासन में कुटुम्ब पालन रियायत और लिहाज़ की instances अर्थात मिसालें, निरन्तर कम होती चली जा रही हैं । यहां तक कि बाज़ लोग तो यह कहने लगे हैं कि अब आप की पार्टी के हाथ में रहा ही क्या है कि लोग आप की पार्टी की तरफ झुके रहें । लोग भले ही ऐसी बातें कहते रहें । यह तो प्रमाण है इस बात का कि हमारी हकूमत नेकनियती से Administration की morale को ऊंचा कर रही है और इस बात से इनकार करना, मैं समझता हूं, जान बूझकर सचाई से आंखें बन्द करना है ।

जहां तक इस बात का ताल्लुक है कि हमारे वज़ीर साहिब tours पर जाते हैं, पार्टी के मैम्बरों से मिलते हैं, इस बारे में मैं अर्ज़ करूंगा कि democracy को कामयाब करने के लिये यह एक निहायत ही अच्छा तरीका है । मिनिस्टर साहिबान प्रजा के Contact (सम्पर्क) में रह कर उस की तकलीफ़ों को जान सकते हैं । अगर मिनिस्टर दौरे पर न जायें तो विरोधी पक्ष के लोग कहेंगे कि प्रजातन्त्र राज्य के मिनिस्टर तो अपनी कोठियों से बाहर निकलने की तकलीफ गवारा नहीं करते और अगर tours पर जाते हैं तो भी उन्हें attack का target बनाया जाता है । मैं समझता हूं कि ऐसी आलोचना रचनात्मक आलोचना नहीं है । प्रजातन्त्र को कामयाब बनाने के लिये मिनिस्टरों को चाहिये कि वे tours करें और गांवों के निवासियों के कष्टों को अपनी आंखों से देखें ताकि उन्हें दूर किया जा सके । मुझे अपने ज़िले का अनुभव है । वहां जब भी मिनिस्टर जाते हैं तो वे कभी किसी मैम्बर को अफसरों से इस तरह introduce नहीं कराते कि यह हमारे खास प्रिय मैम्बर हैं, इन का ध्यान रखें । (तालियां) ऐसी बातें बेबुनियाद हैं कि मिनिस्टरों की वाकफियत को exploit करके अफसरों को influence किया जाता है । यह इलज़ाम निराधार है । महज़ इस बात के लिये मिनिस्टरज़ की आलोचना करना कि वह कभी २ गवर्नमेंट का थोड़ा सा पैट्रोल खर्च कर के प्रजा से contact जनता से सम्पर्क बनाये रखते हैं, democracy को कामयाब नहीं बल्कि फेल करने वाली बात है । इस लिये, अध्यक्ष महोदय, मैं आप के द्वारा शासन को बधाई देना चाहता हूं कि वह निरन्तर इस कोशिश में हैं कि Administration का moral tone

ऊंचा हो और मैं यह कहने में हकबजानब हूं और मैं यह बात सामने बैठे सज्जनों तक पहुंचाना चाहता हूं कि हम मैम्बरान का यह feeling है कि मिनिस्टर साहिबान Administration में अनुचित मुदाखलत नहीं करते और हम दावे से कह सकते हैं कि हम जहां कहीं भी हों इस बात का ध्यान रखते हैं कि जो काम अफसरान के करने का है वह उन्हीं के ज़रिये हो। हां अलबत्ता अगर यह सज्जन यह चाहें कि हम अपने हल्के के लोगों की शिकायात मुनासिब वक्त पर अफसरान तक न ले जायें तो हम अपने फर्ज से कोताही करेंगे। अगर यह सज्जन इस बिना पर किसी गल्तफहमी में मुबतला हो जायें तो हम मजबूर हैं। मैं निवेदन करता हूं कि यह हमारा कर्तव्य है और हम कांग्रेसी इस कर्तव्य पालन का प्रयत्न करते हैं। जब भी अपने लोगों की शिकायत को अफसरान तक ले जाने का अवसर होता है हम उससे चूकते नहीं। इसलिये मैं उन्हें विश्वास दिलाता हूं कि मिनिस्टर साहिबान या कांग्रेस पार्टी के मैम्बर Administration में कभी भी बेजा मदाखलत नहीं करते और न कभी करेंगे क्योंकि वे अपने कर्तव्य को अच्छी तरह समझते हैं।

दो और बातें हैं जो मैं खास तौर से मिनिस्टरी तक आप के द्वारा पहुंचाना चाहता हूं। यह ठीक है कि corruption दूर करने का बड़ा भारी प्रयत्न किया गया है। जब हम जिला के अफसरान से मिलते है तो हमें यह अनुभव करके खुशी होती है कि अफसरान के higher तबका में रिश्वतस्तानी निरन्तर कम होती चली जा रही है। हां, अभी Subordinate staff में काफी हद तक corruption पाई जाती है और मैं यह बात मिनिस्टरी तक पहुंचाना चाहता हूं कि शासन को और शुद्ध करने के लिये इन को भी tone up करने की ज़रूरत है ताकि जनता महसूस करे कि corruption का अन्त हो गया है। अगर हम corruption को दूर करने में कामयाब हो गये तो हमारी Administration इस राज्य की ही नहीं बल्कि सारे भारत की बड़ी भारी सेवा कर सकेगी।

इस के सम्बन्ध में हमारे Prime Minister साहिब ने कहा था कि "A welfare State presupposes a clear and efficent Aminiistration" अगर हम लोकहित में काम करना चाहते हैं तो हमें Administration को पवित्र करना होगा जब तक एडमनिस्ट्रेशन को इस चीज़ से मुबर्रा नहीं किया जाता प्रशासन अच्छी तरह से नहीं चल सकता। मैं समझता हूं कि जब तक इस को दूर न किया जाएगा तब तक एडमिनिस्ट्रेशन ऐसी ही रहेगी। अतः इस बात पर ध्यान देने की बड़ी ज़रूरत है।

दूसरी बात जो आपके ज़रिये, अध्यक्ष महोदय, मैं अपने मन्त्रिमण्डल तक पहुंचाना चाहता हूं वह लाल फीतेका साम्राज्य (Red tapism) है। माना कि Red Tapism कम हो गया है मगर इस हद तक कम नहीं हुआ जिस हद तक कि ज़रूरी था। लाल फीते का राज्य इस हद तक है कि लोग इस से तंग आ चुके हैं। वास्तव में यह जनता को बड़े कष्ट और तकलीफ़ में डालता है। इन को दूर करना चाहिये।

[श्री रला राम]

तीसरी बात जो अध्यक्ष महोदय, मैं आप के द्वारा मुख्य मंत्री तक पहुचाना चाहता हूं और Administration से आशा रखता हूं कि इस पर विशेष ध्यान दिया जाएगा वह है बेरोज़गारी जो कि लिखे पढ़े नौजवानों के अन्दर खास कर बढ़ रही है। आशा है कि वह इसको दूर करने का प्रयत्न करेगी। क्योंकि एक ऐसा खतरा है जोकि देश को तबाही की तरफ ले जा सकता है। जैसा कि अकसर कहा जाता है—

"Unemployed man power is more dangerous than the atom bomb."

बेकार जनता ऐटम बम्ब से भी अधिक खतरनाक है। इस लिये बेरोज़गारी को दूर करना हमारे शासन की बड़ी भारी ज़िम्मेदारी है। इस में संदेह नहीं कि जो कदम बेकारी को दूर करने के लिये उठाये गये हैं वह प्रशंसनीय है। लेकिन अगर हमने इस समस्या को बहुत तेज़ी से tackle करने का प्रयत्न न किया तो यह देश के लिए एक भारी खतरा साबत हो सकती है।

ਸਰਦਾਰ ਚੰਨਣ ਸਿੰਘ ਧੂਤ (ਟਾਂਡਾ) : ਸਪੀਕਰ ਸਾਹਿਬ, ਅੱਜ ਐਡਮਨਿਸਟ੍ਰੇਸ਼ਨ ਤੇ ਬਹਿਸ ਹੋ ਰਹੀ ਹੈ ਅਤੇ ਅਸਾਡੇ ਮੋਹਤਰਿਮ ਪ੍ਰਿੰਸੀਪਲ ਰਲਾ ਰਾਮ ਨੇ ਜੋ ਤਜਵੀਜ਼ਾਂ ਪੇਸ਼ ਕੀਤੀਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਖਿਆਲ ਵਿਚ ਐਡਮਨਿਸਟ੍ਰੇਸ਼ਨ ਚੰਗੀ ਹੈ। ਇਸ ਵਿਚ ਵਜ਼ੀਰ ਅਤੇ ਐਮ. ਐਲ. ਏ. ਦਖਲ ਨਹੀਂ ਦਿੰਦੇ। ਇਸ ਬਾਰੇ ਅਸੀਂ ਵੇਖਣਾ ਚਾਹੁੰਦੇ ਹਾਂ ਕਿ ਕੀ ਸਚ ਮੁਚ ਐਡਮਨਿਸਟ੍ਰੇਸ਼ਨ ਵਿਚ ਕੋਈ ਦਖਲਅੰਦਾਜ਼ੀ ਨਹੀਂ ਕਰਦਾ ਅਤੇ ਕੀ ਇਹ ਜੋ Welfare State ਕੂਕਦੇ ਹਨ ਇਹ ਲੋਕਾਂ ਦੀ ਹੈ ਅਤੇ ਲੋਕਾਂ ਵਾਸਤੇ ਹੈ ਜਾਂ ਨਹੀਂ ? ਇਸ ਵਿਚ ਅਸੀਂ ਇਹ ਵੇਖਣਾ ਹੈ ਕਿ ਲੋਕਾਂ ਨਾਲ ਕੀ ਸਲੂਕ ਹੋ ਰਿਹਾ ਹੈ। ਕੀ ਅਗੇ ਨਾਲੋਂ ਫਰਕ ਹੈ ਜਾਂ ਮੁਤਲਿਕ ਹੀ ਨਹੀਂ ? ਜੇਕਰ Administration ਇਨ੍ਹਾਂ ਗਲਾਂ ਤੋਂ ਪੂਰੀ ਉਤਰੇ ਤਾਂ ਸਮਝ ਸਕਦੇ ਹਾਂ ਕਿ ਇਹ ਚੰਗੀ ਹੈ।

ਸ਼੍ਰੀਮਾਨ ਜੀ, ਅਸੈਂਬਲੀ ਦੇ ਮੈਂਬਰ ਵੀ ਅੰਦਰੋਂ ਦੁਖੀ ਹਨ ਅਤੇ ਇਥੇ ਮਹਜ਼ ਵਜ਼ੀਰਾਂ ਨੂੰ ਖੁਸ਼ ਕਰਨ ਲਈ ਤਕਰੀਰਾਂ ਕਰ ਛਡਦੇ ਹਨ। ਬੁਨਿਆਦੀ ਤੌਰ ਤੇ ਉਹ ਵੀ ਮੰਨਦੇ ਹਨ ਕਿ ਐਡਮਨਿਸਟ੍ਰੇਸ਼ਨ ਦੇ ਸਲੂਕ ਅਤੇ ਰਵੀਏ ਤੋਂ ਜਨਤਾ ਤੰਗ ਹੈ। ਡੀਪਾਰਟਮੈਂਟਸ (departments) ਵਿਚ ਦੋ ਕਿਸਮ ਦਾ ਰਵਈਆ ਵਰਤਿਆ ਜਾਂਦਾ ਹੈ ਇਕ ਪਾਸੇ ਤਾਂ ਵਜ਼ੀਰ ਅਤੇ ਐਮ. ਐਲ. ਏ. ਹਨ ਅਤੇ ਦੂਜੀ ਤਰਫ਼ ਵਡੇ ਵਡੇ ਅਫਸਰ ਹਨ। ਜਦ ਤਕ ਇਨ੍ਹਾਂ ਦਾ ਸਲੂਕ ਚੰਗਾ ਨਹੀਂ ਹੁੰਦਾ ਐਡਮਨਿਸਟ੍ਰੇਸ਼ਨ ਚੰਗੀ ਨਹੀਂ ਹੋ ਸਕਦੀ।

ਕਲ ਫਾਈਨੈਂਸ ਮਨਿਸਟਰ (Finance Minister) ਸਾਹਿਬ ਨੇ ਦਸਿਆ ਸੀ ਕਿ ਅਸੀਂ ਇਨ੍ਹਾਂ ਮਹਿਕਮਿਆਂ ਤੇ ਜੋ ਖਰਚ ਪਹਿਲਾਂ ਰਖਿਆ ਸੀ ਉਹ ਵਧਾ ਨਹੀਂ ਰਹੇ। ਪਹਿਲਾਂ 5 ਕਰੋੜ 30 ਲਖ ਸੀ ਅਤੇ ਇਸ ਨੂੰ 5 ਕਰੋੜ 29 ਲਖ ਕਰ ਦਿਤਾ ਗਿਆ ਹੈ। ਪਰ ਜਦੋਂ revised ਬਜਟ ਵੇਖਿਆ ਤਾਂ ਪਤਾ ਲਗਾ ਕਿ ਇਹ 5 ਕਰੋੜ, 85 ਲਖ ਹੈ। ਹੁਣ ਵਧਾ ਕੇ 5 ਕਰੋੜ 92 ਲਖ ਕਰ ਦਿਤਾ ਗਿਆ ਹੈ। ਇਹ ਮਹਿਕਮਾ ਹੈ ਜਿਸ ਵਿਚ ਕਦੀ ਇਕ ਪੈਸਾ ਵੀ ਨਹੀਂ ਬਚਿਆ। ਇਸ ਵਿਚ ਤਾਂ 10 ਲਖ ਵਧ ਖਰਚ ਹੋਇਆ ਹੈ। ਸਪਲੀਮੈਂਟ੍ਰੀ ਬਜਟ (Supplemantry Budget) ਵਿਚ ਵੀ ਇਸ ਦਾ ਜ਼ਿਕਰ ਹੈ।

ਫਿਰ ਇਹ ਕਿਹਾ ਗਿਆ ਹੈ ਕਿ ਅਸੀਂ Development State ਬਨਾ ਰਹੇ ਹਾਂ। ਪਰ ਜੇਕਰ ਅਸੀਂ ਇਨ੍ਹਾਂ ਵਲੋਂ ਦਿਤੇ ਗਏ ਆਦਾਦੋ-ਸ਼ੁਮਾਰ ਨੂੰ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਕਿਵੇਂ Development State ਬਣਾਈ ਜਾ ਰਹੀ ਹੈ। ਇਨ੍ਹਾਂ ਨੇ figures ਇਸ ਢੰਗ ਨਾਲ ਰਖੇ ਹਨ ਕਿ ਕਿਸੇ ਨੂੰ ਪਤਾ ਹੀ ਨਾ ਲਗਾ ਸਕੇ। figures ਵਿਚ ਜੋ ਹੇਰ ਫੇਰ ਹੈ ਉਸ ਨੂੰ ਕਿਤੇ ਵੀ explain ਨਹੀਂ ਕੀਤਾ ਗਿਆ। ਕਿਧਰੇ ਵੀ ਇਹ ਨਹੀਂ ਦਸਿਆ ਗਿਆ ਕਿ ਨਵੀਆਂ ਕਾਰਾਂ ਕਿਉਂ ਖਰੀਦੀਆਂ ਜਾ ਰਹੀਆਂ ਹਨ। ਅਤੇ ਇਸ ਤਰ੍ਹਾਂ ਹਰ ਇਕ ਖਰਚ ਦੀ ਰਕਮ ਨੂੰ ਇਸ ਤਰ੍ਹਾਂ ਛਪਾਇਆ ਗਿਆ ਹੈ ਕਿ ਕਿਸੇ ਨੂੰ ਪਤਾ ਹੀ ਨਾ ਲਗ ਸਕੇ।

ਇਨ੍ਹਾਂ ਇਹ ਕਿਹਾ ਹੈ ਕਿ ਅਸਾਡੇ ਰਾਜ ਵਿਚ ਜੁਰਮ ਘਟ ਰਹੇ ਹਨ। ਮੈਂ ਪੁਛਦਾ ਹਾਂ ਕਿ ਜੇਕਰ ਸਚਮੁਚ ਸੂਬੇ ਦੀ ਹਾਲਤ ਐਨੀ ਚੰਗੀ ਹੈ ਤਾਂ ਸੂਬੇ ਦੇ ਅਠਾਂ ਜ਼ਿਲਿਆਂ ਵਿਚ ਦਫਾ 144 ਲਾਉਣ ਦੀ ਕੀ ਲੋੜ ਪਈ। ਕੀ ਕੋਈ ਤੂਫਾਨ ਆ ਰਿਹਾ ਸੀ? ਕੀ ਕੋਈ ਇਨਕਲਾਬ ਆ ਰਿਹਾ ਸੀ। ਜੇਕਰ ਨਹੀਂ ਤਾਂ ਲੋਕਾਂ ਨੂੰ ਇਕਠੇ ਹੋਣ ਤੋਂ ਕਿਉਂ ਰੋਕਿਆ ਜਾਂਦਾ ਹੈ? ਕੀ ਵਜਾ ਹੈ ਕਿ ਸ਼ਰੀਫ ਲੋਕਾਂ ਨੂੰ, ਬਾਇਜ਼ਤ ਲੋਕਾਂ ਨੂੰ ਪੁਲਿਸ ਦੀ ਹਿਰਾਸਤ ਵਿਚ ਰਖਿਆ ਜਾਂਦਾ ਹੈ? ਜੇਕਰ crimes ਦੀ ਹਾਲਤ ਸੂਬੇ ਵਿਚ ਠੀਕ ਹੈ ਅਤੇ ਦਿਨੋ ਦਿਨ ਸੁਧਰ ਰਹੀ ਹੈ ਤਾਂ ਫਿਰ ਕੀ ਕਾਰਨ ਹੈ ਕਿ 54,000 ਮੁਕਦਮੇ ਦਫਾ 107 ਦੇ ਅਤੇ 11,000 ਮੁਕਦਮੇ ਦਫਾ 109 ਦੇ ਚਲਾਨ ਹੋਏ ਪਏ ਹਨ? ਕੀ ਮੁਲਜ਼ਮਾਂ ਦੀ ਗਿਣਤੀ ਘਟ ਰਹੀ ਹੈ?

[ਸਰਦਾਰ ਚਨੰਣ ਸਿੰਘ ਧੂਤ]

ਫਿਰ ਸਿਵਲ ਆਜ਼ਾਦੀ ਬਾਰੇ ਕਿਹਾ ਗਿਆ ਹੈ ਕਿ ਪੰਜਾਬ ਵਿਚ ਪੂਰਨ civil liberty ਹੈ। ਕੀ ਇਸ ਆਜ਼ਾਦੀ ਦੀ ਇਹ ਮਿਸਾਲ ਹੈ ਕਿ ਪ੍ਰੈਸ ਐਕਟ ਅਧੀਨ ਅਖਬਾਰਾਂ ਤੇ ਮੁਕਦਮੇ ਚਲਾਏ ਜਾਣ ? ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਮੈਂ ਪੁਛਦਾ ਹਾਂ ਕਿ ਇਤਨਾ ਰੁਪਿਆ ਲੋਕਾਂ ਦਾ ਖਰਚ ਕਰਕੇ ਇਸ civil liberty ਨੂੰ ਕਿਉਂ ਦਬਾਇਆ ਜਾ ਰਿਹਾ ਹੈ ?

ਮੈਂ ਥੋੜ੍ਹਾ ਚਿਰ ਪਹਿਲਾਂ ਜੁਰਮਾਂ ਦਾ ਜ਼ਿਕਰ ਕਰ ਰਿਹਾ ਸੀ। ਮੈਂ ਪੁਛਦਾ ਹਾਂ ਕਿ ਜੇਕਰ ਜੁਰਮ ਘਟ ਰਹੇ ਹਨ ਤਾਂ ਜੇਲ੍ਹਾਂ ਕਿਉਂ ਵਧਾਈਆਂ ਜਾ ਰਹੀਆਂ ਹਨ ? ਬਜਟ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ ਕਰਨਾਲ, ਹੋਰ ਥਾਂ ਤੇ ਜੇਲਾਂ ਵਧਾਈਆਂ ਜਾ ਰਹੀਆਂ ਹਨ । ਇਨ੍ਹਾਂ ਤੇ ਰੁਪਿਆ ਖਰਚ ਕੀਤਾ ਜਾ ਰਿਹਾ ਹੈ। ਕੀ ਇਹ ਸਭ ਕੁਝ crime ਘਟ ਜਾਣ ਕਰਕੇ ਕੀਤਾ ਜਾਂ ਰਿਹਾ ਹੈ ? ਜੇਕਰ ਜੁਰਮ ਘਟ ਰਹੇ ਹਨ ਤਾਂ ਪੁਲਿਸ ਕਿਉਂ ਵਧਾਈ ਜਾ ਰਹੀ ਹੈ ਅਤੇ ਇਸ ਤੋਂ ਹੋਰ ਜ਼ਿਆਦਾ ਖਰਚ ਕਿਉਂ ਕੀਤਾ ਜਾ ਰਿਹਾ ਹੈ ?

ਫਿਰ ਇਹ ਕਿਹਾ ਗਿਆ ਹੈ ਕਿ ਅਸੀਂ 30 ਲਖ ਰੁਪਿਆ ਬਚਾ ਲਿਆ ਹੈ ਪਰ ਇਸ ਰਕਮ ਨਾਲ ਆਮ ਪਬਲਿਕ ਨੂੰ ਕੋਈ ਫਾਇਦਾ ਨਹੀਂ ਪਹੁੰਚ ਰਿਹਾ। ਇਸ ਨਾਲ ਤਾਂ ਹੋਰ ਅਫਸਰ ਰਖੇ ਜਾ ਰਹੇ ਹਨ। ਪੇਂਡੂ ਸੀ. ਆਈ. ਡੀ ਲਈ ਢਾਈ ਲਖ ਰੁਪੇ ਦੀ ਰਕਮ ਰਖੀ ਗਈ ਹੈ। ਇਨ੍ਹਾਂ ਸਾਰੀਆਂ ਗਲਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਜੁਰਮ ਕਿਥੋਂ ਤਕ ਘਟ ਗਏ ਹਨ ਅਤੇ ਇਸ ਪਾਸੇ ਕਿਤਨੀ ਖਰਚ ਵਿਚ ਬਚਤ ਕੀਤੀ ਜਾ ਰਹੀ ਹੈ।

ਫਿਰ ਇਸ ਗਲ ਤੇ ਬਹੁਤ ਜ਼ੋਰ ਦਿਤਾ ਗਿਆ ਹੈ ਕਿ ਡੀਪਾਰਟਮੈਂਟਸ ਵਿਚ ਰਿਸ਼ਵਤ ਬਿਲਕੁਲ ਨਹੀਂ ਰਹੀ, ਜਾਂ ਬਹੁਤ ਹੱਦ ਤਕ ਘਟ ਗਈ ਹੈ । ਪਰ ਸਪੀਕਰ ਸਾਹਿਬ ! ਰਿਸ਼ਵਤ ਦੋ ਕਿਸਮ ਦੀ ਹੁੰਦੀ ਹੈ । ਰਿਸ਼ਵਤ ਦਾ ਪੁਰਾਣਾ ਤਰੀਕਾ ਢੜਾ crude ਜਿਹਾ ਸੀ ਪਰ ਜਿਥੇ ਕਿ ਸਟੇਟ (State) ਦੀ development ਹੋ ਰਹੀ ਹੈ ਉਥੇ ਰਿਸ਼ਵਤ ਲੈਣ ਦੇ ਢੰਗਾਂ ਵਿਚ ਵੀ development ਹੋ ਗਈ ਹੈ। ਪਹਿਲਾਂ ਅਫਸਰ ਸਿਧੇ ਰਿਸ਼ਵਤ ਲੈਂਦੇ ਸਨ ਪਰ ਹੁਣ ਇਹ ਸਿਧੇ ਤੌਰ ਤੇ ਰਿਸ਼ਵਤ ਨਹੀਂ ਲੈਂਦੇ। Development State ਵਿਚ ਰਿਸ਼ਵਤ

refined ਹੋ ਗਈ ਹੈ। ਅਤੇ ਹੁਣ ਰਿਸ਼ਵਤ ਛੋਟਿਆਂ ਦੀ ਮਾਰਫਤ ਲਈ ਜਾਂਦੀ ਹੈ। ਪ੍ਰਿੰਸੀਪਲ ਸਾਹਿਬ ਨੇ ਫਰਮਾਇਆ ਹੈ ਕਿ ਵਡੇ ਅਫਸਰਾਂ ਵਿਚ ਰਿਸ਼ਵਤ-ਸਤਾਨੀ ਨਹੀਂ। ਉਨ੍ਹਾਂ ਨੂੰ ਨੌਕਰੀ ਦਾ ਡਰ ਹੁੰਦਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਅਫਸਰਾਂ ਨੂੰ ਜੋ ਖ਼ਤਰਾ ਹੁੰਦਾ ਹੈ। ਮੈਂ ਅਫਸਰਾਂ ਤੇ ਇਲਜ਼ਾਮ ਨਹੀਂ ਦਿੰਦਾ। ਮੈਨੂੰ ਤਾਂ ਪਤਾ ਹੈ ਕਿ ਅਸਾਡੇ ਵਜ਼ੀਰਾਂ ਦੇ ਅੰਦਰ ਵੀ ਮਸਾਲਾਂ ਹਨ ਕਿ ਇਹ ਕਿਸ ਤਰ੍ਹਾਂ ਅਤੇ ਇਸ ਢੰਗ ਨਾਲ ਰਿਸ਼ਵਤ ਲੈਂਦੇ ਹਨ।

ਮਨਿਸਟਰ ਸਾਹਿਬ ਨੇ ਸੂਬੇ ਵਿਚ development ਦਾ ਜ਼ਿਕਰ ਕਰਦਿਆਂ ਹੋਇਆਂ ਕਿਹਾ ਸੀ ਕਿ ਅਸੀਂ motor transport ਨੂੰ ਨੈਸ਼ਨਲਾਇਜ਼ ਕਰ ਰਹੇ ਹਾਂ। ਇਸ ਦਾ ਬੜਾ ਪਰਚਾਰ ਕੀਤਾ ਗਿਆ। ਪੇਪਰਾਂ ਵਿਚ ਜ਼ਿਕਰ ਕੀਤਾ ਗਿਆ ਕਿ ਅਸੀਂ ਲੋਕਾਂ ਅਤੇ ਆਪ੍ਰੇਟਰਾਂ ਦੀ ਹਮਦਰਦੀ ਨਾਲ ਇਸ ਨੂੰ ਤਿੰਨ ਸਾਲ ਲਈ ਮੁਲਤਵੀ ਕੀਤਾ ਸੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤਿੰਨ ਸਾਲ ਉਨ੍ਹਾਂ ਗਰੀਬਾਂ ਉਪਰੇਟਰਾਂ ਤੇ ਨੈਸ਼ਨਲਾਈਜ਼ੇਸ਼ਨ ਤਲਵਾਰ ਵਾਂਗ ਲਟਕਦੀ ਰਹੀ ਉਹ ਪੁਠੇ ਟੰਗੇ ਰਹੇ ਕਿ ਪਤਾ ਨਹੀਂ ਕੀ ਹੋਵੇਗਾ। ਇਹ ਤਾਂ ਢੰਗ ਹਨ ਰਿਸ਼ਵਤ ਲੈਣ ਦੇ।

सब से पहले हकूमत को तवज्जुह agriculture की तरफ देनी चाहिये। Five-Year Plan में industrialisation के साथ ही इस तरफ भी ध्यान देना चाहिये। पहले २ यह कहा गया है सड़कें बनेंगी, नहरें बनेंगी और रेलें अच्छी होंगी। यह वही चीज़ है जो हमें स्कूलों में अंग्रेज़ों की बरकतों के नाम से पढ़ाई जाती थीं। यही अब कहा जा रहा है कि सड़कें होंगी, नहरें चलेंगी और रेलें बनेंगी। यह तो बड़ी मामूली सी चीज़ है। मगर हमारी हकूमत इस के गीत गाये जा रही है। Five-Year Plan पर commentary हमारे मुल्क में भी हुई थी और foreign countries में भी हुई थी। सब ने इसे एक बड़ी ही modest सी plan बताया है। हमारे Finance Minister साहिब ने भी इसे एक modest सी स्कीम ही बताया है। मुझे खुशी है कि उन में भी सच बोलने वाले हैं।

अब दखिये कि लोगों की हालत क्या है। मैं सच कहता हूं कि लोग दुखी हैं। इस किस्म के सैंकड़ों केस देखने में आये है जिन में लोगों ने खास कर नौजवानों ने इस ज़िन्दगी से तंग आकर suicide कर लिया। जेब से कागज़ निकला तो लिखा था 'मेरे पास गुज़ारे का कोई साधन नहीं था। नौकरी के लिये सैंकड़ों दरखास्तें दीं लेकिन किसी ने कोई मदद नहीं की। इस लिये तंग आकर रेल के नीचे सिर देकर इस दुनियां से चला जाता हूं।" हिंदुस्तान के अन्दर ऐसी सैंकड़ों मिसालें हमारे सामने आ चुकी हैं। जिस मुल्क के अन्दर यह हालत हो. बेवाओं की यह हालत हो उस का क्या बनेगा। उन वर्करज़ की families और widows का बजट में नामो निशां नहीं जिन को मुल्क के लिये फांसी मिली। हमारे Finance Minister साहिब ने बताया कि एक ऐसी बेवा का नाम दर्ज कर लिया है और एक ऐसा केस under consideration है और बाकी 10 हैं जिन के मुताल्लिक कुछ नहीं कहा गया। यहीं बस नहीं इस किसम की 800 applications पड़ी हुई है जिन के मुताल्लिक कुछ नहीं कहा गया। इन से पूछो तो next year, next year की आवाज़ सुनाई देती है। Political sufferers के बारे जो उन्हों ने कहा उस की हम दाद नहीं दे सकते ।

अध्यक्ष महोदय : आप के ५ मिनट और रह गये हैं।

प्रोफैसर मोता सिंह आनन्दपुरी : मैं unemployment के बारे बहुत कुछ कहना चाहता हूं लेकिन संकोच करता हूं। अभी तक मेरे मुल्क में बहुत बेकारी है, परेशानी है। हकूमत न कोई plan बनाती है और न सोचने की तजवीज़ ही करती है। यहां आजकल की education बिल्कुल ridiculous है। असली चीज़ तो basic education है जिस से Basic necessities of life पूरी हो सकती हैं। आज के स्कूल और कालिज़ तो मिट्टी के खिलौने हैं।

ऐडमनिस्ट्रेशन जो है वह universal basis पर national income को खर्च नहीं कर रही है। इस का फर्ज होता है कि वह अच्छे तरीके से मुल्क के पैसे को खर्च करे।

Education का जो तरीका है वह भी अजीब है। यह ठीक है कि लड़कों और लड़कियों के लिये बेसिक स्कूल खोले जा रहे हैं मगर जहां 50 लड़के या लड़कियां हैं वहां भी एक टीचर (teacher) और जहां 60-70 तक हैं वहां भी एक टीचर (1 teacher) नियत किया जाता है। हमें तो अब यह देखना है कि क्या तालीम इस तरह से दी जा सकेगी ? क्या इस ढंग से बच्चे समझ सकेंगे ?

यह कहा गया है कि गवर्नमैण्ट के अन्दर बड़ा इनसाफ है। महिकमों और अफसरों में से corruption दूर करने के लिये Public Service Commission और Subordinate Services Selection Board बना दिये गये हैं। मगर मैं समझता हूं कि यह बोर्ड आदि केवल इस लिये बनाये गये हैं कि पावर (power) को centralize किया जाये। ताकि सब चीज़ें वज़ीरों के हाथों में से गुज़रें। इन बोर्डों का यह फायदा है कि मनिस्टर अपने आदमी इस तरीके से लगा सकते हैं। इस

[प्रोफैसर मोता सिंह आनन्दपुरी]

तरह कैसे उम्मीद की जा सकती है कि सरविसों में कोई intellectual calibre आ सकता है। पावर को centralize करने से corruption बढ़ेगी। Public Services Commission और Subordinate Services Selection Board तो महज़ अपने दोस्तों और रिश्तेदारों को नौकरियां दिलाने की गर्ज़ से बनाये गये हैं।

अध्यक्ष महोदय : प्रोफैसर साहिब ! क्या आप कोई जिम्मेदारी भी महसूस करते हैं या नहीं। आपको पता होना चाहिये कि Public Service Commission और Subordinate Services Selection Board के मेम्बरों के character और integrity पर कोई हमला नहीं होना चाहिये। और इस को Challenge नहीं किया जा सकता। मेरा ख्याल है आप इस बात का ख्याल रखेंगे।

प्रोफैसर मोता सिंह आनन्दपुरी : मेरे पास सबूत हैं। अगर वज़ीर साहबान चाहें तो मैं चिट्ठियां पेश कर सकता हूं। (*interruptions*) अब यह मुझे interrupt कर रहे हैं।

अध्यक्ष महोदय : Please do not take notice of their interruptions.

प्रोफैसर मोता सिंह : मैं मानता हूं कि हकूमत चलाने के लिये टैक्स लगाने की ज़रूरत पड़ती है। पर इस के लगाने के ढंग और होते हैं। इस का मतलब यह नहीं कि आप Revenue पर टैक्स लगा दें। आप estate पर टैक्स लगा सकते हैं। आप बेशक और चीज़ों पर टैक्स लगा दें मगर गरीब किसानों पर 18 लाख का टैक्स न बढ़ाओ। किसान तो पहले ही कई तरह के टैक्स दे रहा है अब Revenue पर टैक्स लगाना वाजिब नहीं।

दूसरी चीज़ Economic Situation की है। इस के बारे में मुझे यह कहना है कि high prices हैं और low earnings हैं। trade बेशक बढ़ रही है मगर low earnings को ऊपर उठाने की ज़रूरत है। Unemployment का ज़िकर किया गया है। एक लम्बी चौड़ी तफसील दी गई है कि किस तरह इस को दूर किया जायगा पर कोई चीज़ पूरी होती नज़र नहीं आती और बेरोज़गारी दिन बदिन बढ़ रही है।

आखरी बात जो मैं कहना चाहता हूं वह untouchability के बारे में है। कल Tribune के काबल एडीटर साहिब ने इस के बारे में कुछ बातें कही थीं। जिससे बहुत हद तक इस का हल निकल सकता है। मुझे पता चला है कि untouchability को दूर करने के लिये Constitution में एक धारा लाई जा रही है। और कानून बनने वाला है। आप अगर slums में जा कर देखें तो पता चलेगा कि उन के रहने की जगह कितनी गन्दी है और वहां पर लोग गौओं, भैंसों की तरह कई कई एक एक घर में रह रहे हैं। मैं अर्ज़ करूंगा कि फिनांस मनिस्टर (Finance Minister) साहिब इस की तरफ तवज्जुह दें। अगर ऐसी हालत को दूर न किया गया तो कांग्रेस राज्य बदनाम हो जायगा।

ਸਰਦਾਰ ਦਰਬਾਰਾ ਸਿੰਘ (ਨੂਰਮਹੱਲ): ਸਪੀਕਰ ਸਾਹਿਬ, General Administration ਤੇ ਜੋ ਅਜ ਵਿਚਾਰ ਕੀਤੀ ਜਾ ਰਹੀ ਹੈ ਜੇਕਰ ਇਹ ਆਖੀਏ ਕਿ ਇਸ ਵਿਚ ਕੋਈ ਨੁਕਸ ਨਹੀਂ ਤਾਂ ਇਹ ਕਹਿਣਾ ਗਲਤ ਹੋਵੇਗਾ। ਇਸ ਵਿਚ ਸ਼ੱਕ ਨਹੀਂ ਕਿ ਆਮ ਤੌਰ ਤੇ ਜਨਰਲ ਐਡਮਨਿਸਟਰੇਸ਼ਨ ਵਿਚ ਸੁਧਾਰ ਹੋ ਗਿਆ ਹੈ ਪਰ ਜੋ ਡਿਸਟ੍ਰਿਕਟ ਐਡਮਨਿਸਟਰੇਸ਼ਨ ਵਿਚ ਹੋ ਰਿਹਾ ਹੈ ਉਸ ਵਿਚ ਕਾਫੀ ਸੁਧਾਰ ਦੀ ਲੋੜ ਹੈ।

ਸਪੀਕਰ ਸਾਹਿਬ! ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੇਰੇ ਤੋਂ ਪਹਿਲਾਂ ਬੋਲਣ ਵਾਲੇ opposition ਦੇ ਮੈਂਬਰਾਂ ਨੇ ਜੋ ਵਿਚਾਰ ਪੇਸ਼ ਕੀਤੇ ਹਨ ਅਤੇ ਜਿਸ ਤਰਾਂ ਉਨ੍ਹਾਂ ਦੂਸਰੇ ਮਹਿਕਮਿਆਂ ਬਾਰੇ ਗਲਾਂ ਕੀਤੀਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਹ ਜਨਰਲ ਐਡਮਨਿਸਟਰੇਸ਼ਨ ਤੇ ਵਿਚਾਰ ਨਹੀਂ ਸਨ ਕਰ ਰਹੇ, ਬਲਕਿ ਬਜਟ ਤੇ general discussion ਕਰ ਰਹੇ ਸਨ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਐਡਮਨਿਸਟਰੇਸ਼ਨ ਚਲਾਣ ਵਾਸਤੇ efficiency ਦੀ ਲੋੜ ਪੈਂਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਐਫੀਸ਼ਨਸੀ ਵਧਾਣ ਲਈ ਵਿਚਾਰ ਕੀਤੀ ਜਾਵੇ। ਫੇਰ ਜੋ ਕੁਝ ਪੁਲਿਸ ਤੇ ਅਤੇ ਦੂਜਿਆਂ ਮਹਿਕਮਿਆਂ ਤੇ ਖਰਚ ਹੁੰਦਾ ਹੈ ਅਤੇ ਐਡਮਨਿਸਟਰੇਸ਼ਨ ਵਿਚ ਜੋ ਨੁਕਸ ਹਨ ਜਿਨ੍ਹਾਂ ਨੂੰ ਦੂਰ ਕਰਨ ਨਾਲ ਐਫੀਸ਼ਨਸੀ ਵਧ ਸਕਦੀ ਹੈ ਸਭ ਦੀ ਸਾਇੰਟਿਫਿਕ ਪੜਚੋਲ ਕੀਤੀ ਜਾਵੇ। ਅਸੀਂ crimes ਨੂੰ ਰੋਕ ਤਾਂ ਹੀ ਸਕਦੇ ਹਾਂ ਜੇਕਰ ਐਡਮਨਿਸਟਰੇਸ਼ਨ ਚੰਗੀ ਹੋਵੇ। ਪਰ ਇਸ ਦਾ ਮਤਲਬ ਇਹ ਨਹੀਂ ਕਿ ਪਬਲਕ peace ਨੂੰ disturb ਕੀਤਾ ਜਾਵੇ ਜਾਂ ਕੋਈ ਬੰਦਸ਼ ਲਾਈ ਜਾਵੇ।

ਫਿਰ unemployment ਨੂੰ ਦੂਰ ਕਰਨ ਬਾਰੇ ਖ਼ਾਸੀ ਕੋਸ਼ਿਸ਼ ਕੀਤੀ ਗਈ ਹੈ। ਇਹ ਖਿਆਲ ਵੀ ਰਖਿਆ ਗਿਆ ਹੈ ਕਿ ਜੇ ਬੇਰੁਜ਼ਗਾਰੀ ਵਧ ਗਈ ਤਾਂ ਕਿਧਰੇ ਪ੍ਰਾਂਤ ਵਿਚ revolt ਹੀ ਨਾ ਹੋ ਜਾਵੇ। ਇਸ ਲਈ ਸਰਕਾਰ ਵਲੋਂ ਇਸ ਦੀ ਰੋਕ ਥਾਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਦਮ ਸਰਕਾਰ ਨੇ ਇਸ ਪਾਸੇ ਉਠਾਏ ਹਨ ਉਹ ਅਹਿਮ ਹਨ। ਇਸ ਸਬੰਧ ਵਿਚ Small Scale Industries ਸ਼ੁਰੂ ਕੀਤੀਆਂ ਗਈਆਂ ਹਨ। ਤਾਂ ਜੋ ਕੁਝ ਬੇਰੁਜ਼ਗਾਰ ਆਪਣੀ ਰੋਜ਼ੀ ਘਰੇਲੂ ਦਸਤਕਾਰੀਆਂ ਰਾਹੀਂ ਕਮਾ ਸਕਣ, ਅਤੇ ਸਰਕਾਰ ਨੇ Uncultivated Evacuee Land ਨੂੰ ਵੀ ਪਰਾਪਤ ਕਰ ਲਿਆ ਹੈ ਅਤੇ ਇਸ ਜ਼ਮੀਨ ਤੇ ੪,੦੭੫ ਫੈਮਲੀਆਂ ਨੂੰ ਵਸਾਇਆ ਜਾਵੇਗਾ। ਇਸ ਦੇ ਨਾਲ ਹੀ ਭਾਖੜਾ ਨੰਗਲ ਅਤੇ ਹਰੀਕੇ

[ਸਰਦਾਰ ਦਰਬਾਰਾ ਸਿੰਘ]

ਤੋਂ ਨਹਿਰਾਂ ਕਢੀਆਂ ਗਈਆਂ ਹਨ। ਇਸ ਨਾਲ ਵੇਹਲੀ ਪਈ ਜ਼ਮੀਨ ਦੀ ਕਾਸ਼ਤ ਹੋ ਸਕੇਗੀ ਅਤੇ ਇਸ ਤਰ੍ਹਾਂ unemployment ਦੂਰ ਹੋ ਜਾਵੇਗੀ।

ਪਰ ਇਸ ਦੇ ਨਾਲ ਨਾਲ ਇਸ ਗਲ ਦੀ ਵੀ ਲੋੜ ਹੈ ਕਿ ਐਡਮਨਿਸਟਰੇਸ਼ਨ ਅਤੇ ਪੁਲਿਸ ਦਾ ਇੰਤਜ਼ਾਮ ਇਸ ਢੰਗ ਦਾ ਕਰ ਦਿਤਾ ਜਾਵੇ ਅਤੇ ਸੂਬੇ ਦੇ ਹਾਲਾਤ ਤੇ ਇਸ ਤਰ੍ਹਾਂ ਕੰਟਰੋਲ ਕੀਤਾ ਜਾਵੇ ਕਿ ਕਿਸੇ ਨਾਲ ਤਸ਼ੱਦਦ ਨਾ ਹੋਵੇ। ਤਸ਼ੱਦਦ ਨਾਲ ਜਾਂ ਦੂਜੇ ਇਸ ਤਰ੍ਹਾਂ ਦੇ ਤਰੀਕਿਆਂ ਨਾਲ ਵੀ ਕੰਟਰੋਲ ਨਹੀਂ ਕੀਤਾ ਜਾ ਸਕਦਾ। ਭਾਵੇਂ Administration ਕਿੰਨੇ ਹੀ ਸੁਚੱਜੇ ਤਰੀਕੇ ਨਾਲ ਕੰਮ ਕਿਉਂ ਨਾ ਕਰ ਰਹੀ ਹੋਵੇ। ਫੇਰ ਵੀ ਇਸ ਦੇ ਇੰਤਜ਼ਾਮ ਦੀ ਜ਼ਿੰਮੇਵਾਰੀ ਇਸ ਸਰਕਾਰ ਤੇ ਆਉਂਦੀ ਹੈ। ਇਸ ਲਈ ਇਸ ਰਾਜ ਦੇ ਛੋਟੇ ਅਤੇ ਵਡੇ ਅਫਸਰ ਤਕ ਸਭ ਨੂੰ ਠੀਕ ਕਰਨ ਲਈ ਕੋਈ ਕਸਰ ਨਹੀਂ ਛਡੀ ਜਾ ਰਹੀ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਐਡਮਨਿਸਟਰੇਸ਼ਨ ਵਿਚ ਕਈ ਕਮੀਆਂ ਹਨ, ਜਿਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ ਦੂਰ ਕਰਨਾ ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਪਾਸਪੋਰਟ ਦੀ ਗਲ ਕਰਦਾ ਹਾਂ ਪਾਸਪੋਰਟ ਲੈਣ ਲਈ ਕਿੰਨਾ ਚਿਰ ਲਗ ਜਾਂਦਾ ਹੈ। ਪਹਿਲਾਂ ਅਰਜ਼ੀ ਕਈ ਮਹੀਨੇ ਡਿਸਟ੍ਰਿਕਟ ਹੈਡਕੁਆਰਟਰਜ਼ ਵਿਚ ਹੀ ਪਈ ਰਹਿੰਦੀ ਹੈ। ਫਿਰ ਪਾਸਪੋਰਟ ਲੈਣ ਵਾਲੇ ਨੂੰ ਕਦੀ ਡਿਸਟ੍ਰਿਕਟ ਹੈਡਕੁਆਰਟਰਜ਼ ਕਦੀ ਸ਼ਿਮਲੇ ਅਤੇ ਕਦੀ ਚੰਡੀਗੜ੍ਹ ਜਾਣਾ ਪੈਂਦਾ ਹੈ। ਜਿਸ ਕਰਕੇ ਉਸਦਾ ਬਹੁਤ ਰੁਪਿਆ ਅਤੇ ਵਕਤ ਜ਼ਾਇਆ ਹੁੰਦਾ ਹੈ।

ਦੂਜਾ Copying Agency ਦਾ ਮਾਮਲਾ ਹੈ। ਇਸ ਬਾਰੇ ਵੀ ਡਿਸਟ੍ਰਿਕਟ ਹੈਡਕੁਆਰਟਰਜ਼ ਵਿਚ ਬਹੁਤ ਤਕਲੀਫ ਹੁੰਦੀ ਹੈ। ਜੇਕਰ ਕਿਸੇ document ਦੀ ਕਾਪੀ ਲੈਣੀ ਹੋਵੇ ਤਾਂ ਜ਼ਿਲ੍ਹਾ ਹੈਡਕੁਆਰਟਰਜ਼ ਵਾਲੇ ਕਈ ਗਲਾਂ ਕਰਦੇ ਹਨ। ਉਨ੍ਹਾਂ ਨੂੰ ਕਈ ਵੇਰ ਲਿਖਿਆ ਜਾਏ ਤਾਂ ਕਿਤੇ ਜਾਕੇ ਨਕਲ ਮਿਲਦੀ ਹੈ। ਹੁਣ ਕਿਉਂਕਿ ਸਰਕਾਰ ਐਡਮਨਿਸਟਰੇਸ਼ਨ ਦਾ ਸੁਧਾਰ ਕਰ ਰਹੀ ਹੈ। ਇਹ ਇਸ ਪਾਸੇ ਵੀ ਪ੍ਰਬੰਧ ਕਰੇ ਤਾਂ ਕਿ ਜਦੋਂ ਵੀ ਨਕਲ ਦੀ ਲੋੜ ਹੋਵੇ, ਸ਼ੀਘਰ ਹੀ ਮਿਲ ਜਾਵੇ। ਇਸ ਦਾ ਅਸਰ ਲੋਕਾਂ ਤੇ ਚੰਗਾ ਪਵੇਗਾ।

ਫਿਰ ਗਵਰਨਮੈਂਟ ਨੂੰ ਚੰਗੇ ਤਰੀਕੇ ਨਾਲ ਚਲਾਨ ਲਈ ਜੁਡੀਸ਼ਰੀ ਨੂੰ ਐਗਜ਼ੈਕਟਿਵ ਤੋਂ ਅਡ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਥੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕੋਰਟਾਂ ਦੀ Sanctity ਨੂੰ ਕਾਇਮ ਰਖਿਆ ਜਾਵੇ।

ਜਿਥੇ ਵੀ ਕੋਰਟਾਂ ਲਾਈਆਂ ਜਾਣ ਉਥੋਂ ਦਾ atmosphere ਚੰਗਾ ਹੋਵੇ ਅਤੇ court ਦੀ ਮਹਾਨਤਾ ਦਾ ਖਿਆਲ ਰਖਿਆ ਜਾਵੇ। ਅਜਿਹਾ ਵਾਤਾਵਰਨ ਨਾ ਹੋਵੇ ਜਿਵੇਂ ਕਿ ਕਿਸੇ ਦੁਕਾਨ ਵਿਚ ਦੁਕਾਨਦਾਰ ਬੈਠਾ ਹੋਵੇ ਇਸੇ ਤਰਾਂ ਅਜਿਹੇ ਹੀ atmosphere ਵਿਚ ਮੁਜਿਸਟਰੇਟ ਨੂੰ ਦੁਕਾਨ ਵਿਚ ਬਿਠਾ ਦਿਤਾ ਜਾਵੇ। ਇਸ ਖਾਮੀ ਨੂੰ ਦੂਰ ਕਰਨ ਨਾਲ ਐਡਮਨਿਸਟਰੇਸ਼ਨ ਚੰਗਾ ਹੋ ਸਕਦਾ ਹੈ।

ਸਭ ਤੋਂ ਵਡੀ ਚੀਜ਼ decentralization ਦੀ ਕੀਤੀ ਗਈ ਹੈ। ਪਰ ਕਈ ਪਿੰਡਾਂ ਨੂੰ ਦੂਰ ਦੂਰ ਦੀਆਂ ਤਹਿਸੀਲਾਂ ਨਾਲ ਲਾ ਦਿਤਾ ਗਿਆ ਹੈ ਜਿਵੇਂ ਕਿ ਪਿੰਡ ਤਲਵੰਡ ਨੂੰ ਫਿਲੌਰ ਤਹਿਸੀਲ ਨਾਲ ਮਿਲਾ ਦਿਤਾ ਗਿਆ ਹੈ ਅਤੇ ਇਸ ਤਰ੍ਹਾਂ Justice ਮਹਿੰਗਾ ਕਰ ਦਿਤਾ ਗਿਆ ਹੈ। ਹਾਲਾਂਕਿ ਮਕਸਦ ਇਨਸਾਫ ਨੂੰ ਸਸਤਾ ਕਰਨਾ ਸੀ। ਤਲਵੰਡ ਫਿਲੌਰ ਦੇ ਇਕ ਕੋਨੇ ਵਿਚ ਹੈ। ਉਥੋਂ ਦੇ ਆਦਮੀਆਂ ਨੂੰ ਇਨਸਾਫ ਲੈਣ ਲਈ ੫੦ ਮੀਲ ਦੂਰ ਜਾਣਾ ਪਏਗਾ। ਇਸ ਨਾਲ ਉਸ ਲਈ ਮੁਸ਼ਕਿਲ ਹੋਵੇਗਾ ਕਿ ਉਹ ਇਕੋ ਦਿਨ ਵਾਪਸ ਮੁੜ ਸਕੇ। ਅਸਾਨੂੰ ਕੋਸ਼ਸ਼ ਕਰਨੀ ਚਾਹੀਦੀ ਹੈ ਕਿ ਇਨਸਾਫ ਨ ਕੇਵਲ ਸਭ ਲੋਕਾਂ ਲਈ ਸਸਤਾ ਹੋਵੇ ਬਲਕਿ ਜਲਦੀ ਵੀ ਪ੍ਰਾਪਤ ਹੋ ਸਕੇ।

ਜੇ ਫੇਰ ਚੌਥੇ ਦਿਨ ਉਹਦੀ ਤਰੀਕ ਪੈ ਜਾਵੇ ਜਿਹੜਾ ਕਿ ਅਕਸਰ ਹੁੰਦਾ ਰਹਿੰਦਾ ਹੈ ਤਾਂ ਓਹਦੇ ਵਾਸਤੇ ਬੜੀ ਮੁਸਕਿਲ ਹੋਵੇਗੀ। ਫਲੌਰ ਵਾਲਿਆਂ ਨੂੰ ਨਵਾਂਸ਼ਹਿਰ ਨਾਲੋਂ ਜਲੰਧਰ ਜਾਣਾ ਸੌਖਾ ਹੈ ਕਿਉਂਕਿ ਨਵਾਂਸ਼ਹਿਰ ਜਾਣ ਲਈ ਪਿੰਡਾਂ ਵਿਚੋਂ ਪੈਦਲ ਜਾਣਾ ਪਵੇਗਾ ਅਤੇ ਜਲੰਧਰ ਨੂੰ ਗੱਡੀ ਜਾਂਦੀ ਹੈ। Decentralisation ਅਜਿਹੀ ਹੋਣੀ ਚਾਹੀਦੀ ਹੈ। ਕਿ ਲੋਕਾਂ ਨੂੰ ਅਸਾਨੀ ਹੋਵੇ ਕਿਉਂਕਿ ਇਸ ਦਾ ਅਸਲ ਮਕਸਦ ਤਾਂ ਲੋਕਾਂ ਦੀ inconvenience ਦੂਰ ਕਰਨਾ ਹੈ। ਨਵਾਂਸ਼ਹਿਰ ਨੂੰ Sub-Division ਬੇਸ਼ਕ ਬਣਾ ਦਿਓ ਮਗਰ ਫਲੌਰ ਨੂੰ ਜਲੰਧਰ ਨਾਲ ਜੋੜਿਆ ਜਾਵੇ।

ਸਰਦਾਰ ਦੇਵਿੰਦਰ ਸਿੰਘ ਜੀ ਨੇ ਗੁਰਦਵਾਰਾ ਕਮੇਟੀ ਦਾ ਇਕ ਮਾਮਲਾ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਬੜੀ ਘ੍ਰਿਣਾ ਭਰੀ ਤਸਵੀਰ ਨਜ਼ਰ ਆਵੇ। ਉਨ੍ਹਾਂ ਇਹ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਏਡੀ ਤੰਗੀ ਤੇ ਹਨੇਰ ਸੀ ਜਿਸ ਤਰ੍ਹਾਂ ਇਕ ਤੂਫਾਨ ਆ ਗਿਆ ਹੋਵੇ ਅਤੇ ਲੋਕਾਂ ਨੇ ਇਹ ਸਮਝ ਲਿਆ ਹੋਵੇ ਕਿ ਹੁਣ ਇਥੇ ਸਰਕਾਰ ਖ਼ਤਮ ਹੋ ਗਈ ਹੈ। ਉਨ੍ਹਾਂ ਨੇ ਮਸੰਦਾਂ ਦਾ ਨਾਂ ਲਿਆ ਹੈ ਪਰ ਮੈਂ ਆਖਦਾ ਹਾਂ ਕਿ ਮਸੰਦ ਓਹ ਲੋਕ ਨਹੀਂ ਸਨ। ਅਸਲ ਵਿੱਚ ਮਸੰਦ ਓਹ ਸਨ ਜਿਨਾ ਨੇ

[ਸਰਦਾਰ ਦਰਬਾਰਾ ਸਿੰਘ]

ਫਤਿਹਗੜ੍ਹ ਸਾਹਿਬ ਵਿਚ ਪੰਡਤ ਜਵਾਹਰ ਲਾਲ ਨੈਹਰੂ ਦੇ ਆਉਣ ਤੇ ਧਮਾਚੌਕੜੀ ਮਚਾਈ ਸੀ ਅਤੇ ਸਾਰੀ ਸਿਖ ਕੌਮ ਨੂੰ ਬਦਨਾਮ ਕੀਤਾ ਸੀ। ਕਮੇਟੀ ਵਿਚ ਵੀ ਉਨ੍ਹਾਂ ਨੇ ਅਪਣੀਆਂ ਗਲਤੀਆਂ ਅਤੇ ਖ਼ਰਾਬੀਆਂ ਦੀ ਵਜਹ ਨਾਲ ਹਾਰ ਖਾਧੀ ਹੈ। ਉਨ੍ਹਾਂ ਦੇ ਆਦਮੀ ਤੇਜਾ ਸਿੰਘ ਸਮੁੰਦਰੀ ਹਾਲ ਅੱਗੇ ਨੇਜ਼ੇ ਲੈ ਕੇ ਖੜੇ ਹੋ ਗਏ ਅਤੇ ਲੋਕਾਂ ਵਾਸਤੇ ਖ਼ਤਰਾ ਪੈਦਾ ਹੋ ਗਿਆ ਸੀ। ਫੇਰ ਵੀ ਜਦੋਂ no-confidence vote ਵਿਚ ਕਾਮਯਾਬੀ ਹੋ ਗਈ ਤਾਂ ਹੁਣ ਇਹ ਆਖਦੇ ਹਨ ਕਿ ਹਨ੍ਹੇਰ ਹੋ ਗਿਆ। ਇਹ ਗੁਰਦਵਾਰਿਆਂ ਨੂੰ ਸਿਆਸੀ ਤਾਕਤ ਵਾਸਤੇ ਵਰਤਦੇ ਸਨ। ਹੁਣ ਇਨ੍ਹਾਂ ਦੇ ਹੱਥ ਵਿਚ ਤਾਕਤ ਹੁੰਦੀ ਤਾਂ ਇਹ ਗੁਰਦੁਵਾਰਿਆਂ ਦਾ ਸਾਰਾ ਰੁਪਿਆ PEPSU ਦੀਆਂ ਚੋਣਾਂ ਉਤੇ ਖਰਚ ਦਿੰਦੇ। ਉੱਥੇ ਵੀ ਇਨ੍ਹਾਂ ਨੇ ਜੋ ਕੁਝ ਕੀਤਾ ਹੈ ਉਹ ਸਭ ਨੂੰ ਮਲੂਮ ਹੈ ਫੇਰ ਵੀ ਅਸਾਂ 37 ਸੀਟਾਂ ਜਿਤ ਲਈਆਂ (hear, hear)। ਇਹ ਜਨਤਾ ਵਲੋਂ ਉਨ੍ਹਾਂ ਦੇ communalism ਦਾ ਜਵਾਬ ਹੈ।

ਪ੍ਰਿੰਸੀਪਲ ਸਾਹਿਬ ਨੇ ਆਖਿਆ ਹੈ ਕਿ A.C.O. ਅਤੇ C. Os. ਨੂੰ ਦਬਾਇਆ ਜਾ ਰਿਹਾ ਹੈ ਅਤੇ efficient ਅਫ਼ਸਰਾਂ ਨੂੰ ਤੰਗ ਕਰਕੇ ਅੱਲਗ ਕੀਤਾ ਜਾ ਰਿਹਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਅਸਲ ਗਲ ਇਹ ਹੈ ਕਿ ਜਦੋਂ ਵੀ ਕਿਸੇ ਅਜਿਹੇ ਅਫਸਰ ਨਾਲ ਉਹ ਸਲੂਕ ਕੀਤਾ ਜਾਂਦਾ ਹੈ ਤਾਂ ਉਹ ਚੀਜ਼ communalism ਦੇ ਰੰਗ ਵਿਚ ਸਿੱਖੀ ਦੇ ਨਾਂ ਤੇ ਸਾਡੇ ਸਾਮ੍ਹਣੇ ਲਿਆਂਦੀ ਜਾਂਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ communalism ਨੂੰ ਛਡ ਦੇ ਕੋਈ ਚੰਗਾ ਪ੍ਰੋਗਰਾਮ ਪੇਸ਼ ਕਰਨ, ਜਿਹਦੇ ਨਾਲ ਸੂਬਾ ਤਰੱਕੀ ਕਰੇ ਤੇ ਅੱਗੇ ਵਧੇ। ਖਾਹ ਮਖਾਹ ਅਪਣ communalism ਦੂਜਿਆਂ ਦੇ ਨਾਂ ਲਾ ਕੇ ਲੋਕਾਂ ਨੂੰ ਧੋਖਾ............

ਸ਼੍ਰੀ ਸਪੀਕਰ : ਧੋਖਾ......

ਸਰਦਾਰ ਦਰਬਾਰਾ ਸਿੰਘ : ਜੀ ਮੈਂ ਇਹ ਲਫਜ਼ withdraw ਕਰਦਾ ਹਾਂ, ਇਹ ਲੋਕਾਂ ਨੂੰ ਭੁਲੇਖਾ ਦਿੰਦੇ ਹਨ। ਅਸਲ ਗਲ ਇਹ ਹੈ ਕਿ ਇਨ੍ਹਾਂ ਦੇ ਸਾਮ੍ਹਣੇ ਕੋਈ ਪ੍ਰੋਗਰਾਮ ਨਹੀਂ ਹੈ। ਇਹ ਆਪਣੇ ਹਲਕਿਆਂ ਵਿਚ ਜਾ ਕੇ ਕੁਝ ਨਹੀਂ ਦਸ ਸਕਦੇ ਇਸ ਵਾਸਤੇ ਬਚਾਰੇ Communalism ਦਾ ਸਹਾਰਾ ਲੈਂਦੇ ਹਨ।

ਪ੍ਰੋਫੈਸਰ ਮੋਤਾ ਸਿੰਘ ਨੇ ਆਖਿਆ ਹੈ ਕਿ ਨੌਕਰੀਆਂ ਦੀ ਭਰਤੀ ਵਿਚ ਸਫਾਰਸ਼ਾਂ ਚਲਦੀਆਂ ਹਨ। ਮੈਂ ਅਰਜ਼ ਕਰਦਾਂ ਹਾਂ ਕਿ ਸਾਡੇ Public Service

Commission ਅਤੇ Subordinate Services Selection Board ਦੇ ਮੈਂਬਰ ਬੜੇ ਆਜ਼ਾਦ ਅਤੇ ਈਮਾਨਦਾਰ ਹਨ। ਅਸਲ ਗਲ ਇਹ ਹੈ ਕਿ ਪ੍ਰੋਫੈਸਰ ਸਾਹਿਬ ਨੇ ਖੁਦ ਕਈ ਸਫਾਰਸ਼ਾਂ ਕੀਤੀਆਂ ਜਦੋਂ ਉਹ ਨਾ ਮੰਨੀਆਂ ਗਈਆਂ ਤਾਂ ਉਸ ਦਾ ਗੁੱਸਾ ਹੁਣ ਇਸ ਤਰ੍ਹਾਂ ਨਿਕਲ ਰਿਹਾ ਹੈ।

ਸਰਦਾਰ ਦੇਵਿੰਦਰ ਸਿੰਘ ਨੇ ਸਾਡੀ ਜ਼ਿਲਾ ਕਾਂਗਰਸ ਦੇ ਪ੍ਰਧਾਨ ਦਾ ਨਾਂ ਲਿਆ ਹੈ ਕਿ ਉਹ ਬਾਜ਼ਿਆਂ ਅਫ਼ਸਰਾਂ ਦੇ ਪਾਸ ਸਫ਼ਾਰਸ਼ਾਂ ਕਰਨ ਜਾਂਦੇ ਹਨ ਅਤੇ ਨਿਕੰਮੇ ਅਤੇ ਭੈੜੇ ਅਫਸਰਾਂ ਦੀ ਮਦਦ ਕਰਦੇ ਹਨ। ਲੇਕਿਨ ਅਸਲ ਗਲ ਇਹ ਹੈ ਕਿ ਉਹ ਆਪ ਇਕ ਅਜਿਹੇ ਅਫ਼ਸਰ ਦੀ ਮਦਦ ਕਰ ਰਹੇ ਸੀ ਜਿਹਦੇ ਬਾਰੇ ਵਿਚ ਕਈ ਭੈੜੀਆਂ ਗਲਾਂ ਤੇ Communalism ਦੀਆਂ ਸ਼ਕਾਇਤਾਂ ਸਨ। ਉਹ ਸਰਦਾਰ ਪਰਤਾਪ ਸਿੰਘ ਤੀਕਰ ਪਹੁੰਚੇ ਪਰ ਸਰਦਾਰ ਸਾਹਿਬ ਨੇ ਉਨ੍ਹਾਂ ਦੀ ਸਫਾਰਸ਼ ਰੱਦ ਕਰ ਦਿਤੀ। ਮੈਂ ਇਹ ਵੀ ਆਖਣਾ ਚਾਹੁੰਦਾ ਹਾਂ ਕਿ ਸਾਡੇ ਪ੍ਰਧਾਨ ਨੂੰ ਹੱਕ ਹੈ ਕਿ ਜਿੱਥੇ ਬੇਇਨਸਾਫੀ ਅਤੇ ਜ਼ੁਲਮ ਹੁੰਦਾ ਹੋਵੇ ਉਹਨੂੰ ਰੋਕਨ ਅਤੇ ਸੱਚੇ ਆਦਮੀ ਦੀ ਮਦਦ ਕਰਨ।

ਦੂਜੀ ਅਰਜ਼ scientific approach ਦੇ ਬਾਰੇ ਵਿਚ ਹੈ। ਹਿਸਾਰ ਵਿਚ reformatory ਖੋਲ੍ਹੀ ਗਈ ਹੈ। ਬੇਸ਼ਕ ਖੋਲ੍ਹੋ ਪਰ ਮੈਂ ਆਖਾਂਗਾ ਕਿ ਇਸ ਮਾਮਲੇ ਵਲ Scientific approach ਹੋਣੀ ਚਾਹੀਦੀ ਹੈ। ਅਸਲ ਜ਼ਰੂਰਤ ਇਸ ਗਲ ਦੀ ਹੈ ਕਿ ਚੌਦਾਂ ੨ ਪੰਦਰਾਂ ੨ ਸਾਲਾਂ ਦੇ ਬੱਚੇ ਜਿਹੜੇ ਜੇਬਾਂ ਕਟਦੇ ਅਤੇ ਹੋਰ ਖ਼ਰਾਬੀਆਂ ਕਰਦੇ ਫਿਰਦੇ ਹਨ ਅਗਰ ਇਨ੍ਹਾਂ ਗੱਲਾਂ ਦੀ ਅਸਲ ਵਜਹ ਨੂੰ ਦੂਰ ਕਰ ਦਿਉ ਤਾਂ ਇਸ reformatory ਦੀ ਜ਼ਰੂਰਤ ਹੀ ਨਾ ਰਹੇ।

Rehabilitation ਦੇ ਬਾਰੇ ਵਿਚ ਮੈਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਉੱਜਲ ਸਿੰਘ ਜੀ ਨੇ ਇਹ ਕੰਮ ਇਸ ਤਰੀਕੇ ਨਾਲ ਕੀਤਾ ਹੈ ਕਿ ਥੋੜੇ ਜਿਹੇ ਲੋਕ ਤਾਂ ਸ਼ਾਇਦ dissatisfied ਹੋਣ ਪਰ ਬਹੁਤ ਸਾਰੇ ਤਸੱਲੀ ਨਾਲ ਅਬਾਦ ਹੋ ਗਏ ਹਨ। ਇਹ ਬੜਾ ਮਹਾਨ ਕੰਮ ਸੀ। Non-permanent allotments ਨੂੰ Quasi-permanent ਕਰ ਦਿਤਾ ਅਤੇ ਉਖੜੇ ਹੋਏ ਲੋਕਾਂ ਨੂੰ ਆਬਾਦ ਕਰਨ ਵਿਚ ਉਹ ਕੁਝ ਕਰਕੇ ਦਿਖਾ ਦਿਤਾ ਜਿਸਦੀ ਕਿਸੇ ਨੂੰ ਵੀ ਉਮੇਦ ਨਹੀਂ ਸੀ (Hear, hear)।

ਆਖਿਰ ਵਿਚ ਅਰਜ਼ ਹੈ ਕਿ ਇਹ demand ਇਕ ਤਰੱਕੀਯਾਫ਼ਤਾ ਬਜਟ ਦੀ demand ਹੈ। ਸਾਨੂੰ administration ਦੇ ਬਾਰੇ ਵਿਚ ਸਰਕਾਰ ਨਾਲ ਪੂਰਾ ਪੂਰਾ

[ਸਰਦਾਰ ਦਰਬਾਰਾ ਸਿੰਘ]

Co-operation ਕਰਨਾ ਚਾਹੀਦਾ ਹੈ । ਮੈਂ opposition ਵਾਲੇ ਦੋਸਤਾਂ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਉਹ destructive criticism ਕਰਨ ਦੀ ਬਜਾਇ ਸੂਬੇ ਦੀ ਤਰੱਕੀ ਵਾਸਤੇ ਅਪਣਾ co-operation ਦੇਣ ।

श्री मनी राम (फतेहाबाद) : सभापति जी ! General Administration की बाबत आज कुछ Opposition वालों ने कहा और कुछ बरसरे इकतदार पार्टी वालों ने । इन में से बरसरेइकतदार पार्टी वालों ने पहले तो बजट पर सरकार को बधाई दी और फिर अपने अपने ज़िलों की तकलीफ़ों को रोना शुरु कर दिया । मेरा ख्याल है कि अगर कोई वज़ीर साहिब इस पर बोलते तो वह भी ऐसा ही करते ।

मुझ से पहले जो कांग्रेसी भाई बोले उन्होंने Administration की तारीफ की और साथ में जो उन्हें passports के बारे तकलीफ़ थी वह भी कह डाली है । उन्हें यही तकलीफ थी । उन्हें और तकलीफ हो ही क्या सकती थी । उन्हें कोई पुलिस का Inspector या Sub-Inspector तो तंग कर ही न सकता था ।

स्पीकर साहिब ! Administration एक साधन होता है जनता को सरकार के साथ मिलाने का । Administration खूबसूरत बिलडिंगों में नहीं देखी जाती । अगर Administration को देखना है तो गांवों और शहरों में देखिये । विचारे गरीब किसानों की क्या बुरी हालत हो रही है । गरीब किसानों को जो सारे देश का पेट भरता है ज़मीन से उखेड़ा जा रहा है । मैं कहता हूं क्या ऐसा करने से हमारी ज़मीन बेकार न हो जायेगी और क्या इस तरह हम अपनी State को Welfare State बना सकेंगे ? मुझे यकीन है कि अगर किसान के साथ यह सलूक हुआ तो सूबा आगे नहीं पीछे जायगा । सरकार जानती है और दूसरे सब लोग जानते हैं कि हमारी प्रजा सोशलिस्ट पार्टी का violence अर्थात तशद्दद में विश्वास नहीं । कोई भी ऐसी report पेश नहीं की जा सकती जिससे ज़ाहिर हो कि हमारी पार्टी ने तशद्दद से काम लिया हो । लेकिन इस के बावजूद Administration की गलतबयानी पर जब हमारा पुरअमन जलूस हिसार में जा रहा था किसी सियासी भेद के मातेहत दफ़ा १४४ लग दी गई । जलूस क्या कर रहा था । कोई violence नहीं हो रही थी । "गांधी अमर रहें" के नारे लगाये गये थे और लोग अपनी पंचायत के सामने अपनी तकलीफ़ रखने के लिये जा रहे थे । इस मौका पर हिस्सार में इतनी पुलीस लगा दी गई कि शायद हमारे इतने आदमी भी न थे । दफ़ा १४४ लगा कर उन्हें अपनी पंचायत के पास जाने से रोका गया ताकि वे अपनी मांग मनवा न सकें । इन गरीब लोगों की पुरअमन शनवाई न होने दी । मैं पूछता हूं कि क्या इन हालात में ऐसा कानून लागू कर देना democracy के खिलाफ नहीं ? क्या इसी को Civil Liberties कहा जाता है ? यह तो Civil Liberties के साथ मज़ाक करना है । हो सकता है कोई ताकत के नशे में इस चीज़ को जायज़ साबत करदे, वरना इसे कोई ठीक न कहेगा । जब हमारा पुरअमन जलूस जा रहा था तो हमें पकड़ लिया गया और धक्के

दे कर जेल की तरफ ले जाया गया। मुझे हथकड़ी लगाई गई । श्री प्रेमऋषि जो हमारे All-India Executive के मैम्बर हैं उन्हें भी हथकड़ी लगाई गई। यह नहीं कि मुझे Police के D. S. P. साहिब और Magistrate साहिब जानते न थे। यह लोग मुझे अच्छी तरह से जानते हैं। लेकिन फिर भी यह हमें हथकड़ियां लगा कर झटके देते हुए जेल को ले गये और ६ तारीख तक हमें वहां रखा। यह है वह सलूक जो यह सरकार सियासी मुखाल्फों के साथ करती है। यहां पर मुझे दो Communist साथियों की, जो जेल में पड़े हैं बात याद आ गई है। हमारी सरकार और इस के हामी यह कहते हुए नहीं थकते कि रूस में एक पार्टी की हकूमत है और वहां पर किसी प्रकार की मुखालफ़त को बरदाश्त नहीं किया जाता। मुखालिफ़ों को गोली से उड़ा दिया जाता है। परन्तु मैं उन से कहता हूं कि आप तो महात्मा गांधी के असूलों पर चलने वाले लोग हैं। यदि आप यह समझते हैं जो यह मेरी अपनी राय न हो कि रूस में ऐसा किया जाता है मगर आप रूस के नक्शेकदम पर क्यों चलते हैं आप एक ग़लती को मिटाने के लिये दो ग़लतियां क्यों करते हैं। मैंने देखा है कि इन दो Communist detenus को चार महीने से C Class में रखा हुआ है। मुझे बहुत दु:ख है कि इन लोगों से यह सलूक हो रहा है। इन्हें Political class दी जानी चाहिये। यह बातें democracy और Civil Liberties के खिलाफ हैं। स्पीकर साहिब! General Administration में इतनी Corruption है कि जब तक यह नहीं मिटती, सूबा तरक्की नहीं कर सकता। Corruption का मतलब सिर्फ रुपया लेना, लिहाज़ या कुंनबा-परवरी ही नहीं होता। यदि अनजान होने के कारण बेइनसाफी कर देने को भी Corruption नहीं कहते। लेकिन जानते हुए कि इनसाफ यह है उसे न करना Corruption कहलाता है।

अध्यक्ष महोदय : आपके पांच मिनट और हैं!

श्री मनी राम : बहुत बेहतर, स्पीकर साहिब! मैं कहना चाहता हूं कि सुधार ऊपर से होना चाहिये नीचे से नहीं। मेरे एक साथी ने कहा था कि खराबी नीचे है। मैं इस बात को नहीं मानता। मेरे दोस्त केवल वही बातें कह देते हैं जो वज़ीर इन्हें कहने को कहते हैं। मैं देखता हूं कि बड़े अफ़सरों के तो यह लोग पुजारी हैं। जब किसी Executive Engineer का ज़िक्र आता है तो चौधरी लहरी सिंह भगवान की तरह अपने भगत को बचाने के लिये उठ खड़े होते हैं। परन्तु यह ठीक नहीं। Corruption गरीब चपड़ासियों और Constables में नहीं। यदि थोड़ी है भी तो उस का कारण उन की भूख है। Corruption तो असल में बड़े अफ़सरों में पाई जाती है जो अपने ऐशोइशरत के लिये गरीबों को लूटते हैं। यह बड़े लोग केवल रिश्वत लेते ही नहीं देते भी हैं। हैरानी की बात है पीछे जब चौधरी लहरी सिंह Election Tour पर भाकड़ा गये तो रिश्वत दे कर आये। वे भगीरथ का अवतार बन कर गये थे। फ़रीदपुर के लोगों ने कहा कि वे इस शर्त पर सहायता करेंगे अगर उन के गांव के लिये मोगा दिया जाये। चौधरी लहरी सिंह ने उसी समय Executive Engineer को बुला

[श्री मनी राम]

कर उन्हें मोगा दिला दिया। यह हैं बड़े लोगों के तरीके। जब बड़े लोग रिश्वत लेते और देते हों तो रिश्वत लेना एक धर्म बन जाता है और लोगों का रहजान खुदबखुद इस तरफ हो जाता है। लोग वह काम नहीं करते जिस की निन्दा हो। इस लिये मैं कहूंगा कि रिश्वत ऊपर है। बड़े अफ़सरों में है, नीचे नहीं। चपड़ासी बिचारे क्या रिश्वत लेंगे? उन से तो रिश्वत ली जाती है। दिन भर तो वे बिचारे office में काम करते हैं और उस के बाद उन्हें अफ़सरों के घरों में काम करना पड़ता है और उन के बच्चों को खिलाना पड़ता है। यह रिश्वत नहीं तो और क्या है।

स्पीकर साहिब, वक्त की तंगी के कारण मैं केवल एक और बात अर्ज़ करना चाहता हूं। मैं निहायत अदब के साथ appeal करूंगा कि रोहतक के ज़िला के अन्दर क्या हुआ; ज़िला रोहतक में क्या हुआ इस मामले पर बहिस में पड़ने से यह बात लम्बी हो जायेगी। अगर पचास आदमी एक ग़लत मांग पेश करते हैं या सौ आदमी एक ग़लत मांग पेश करते हैं तो बरसरेइक्तदार पार्टी का फर्ज़ हो जाता है कि वह उस में तहकीकात करवाये। अगर तहकीकात न हो तो इस का मतलब यह है कि बरसरे इक्तदार पार्टी एक ब्यान दे दे और ताकत के जोर से इस बात को दबा दे। यह अच्छी बात नहीं होती। इस लिये अध्यक्ष महोदय मैं आप के द्वारा मंत्रिमंडल से यह कहूंगा कि इस बात को सुलझाने का वाहिद तरीका यह है कि तहकीकात कराई जाये। अगर enquiry के बाद बात साबित हो गई तो गवर्नमैण्ट की नाअहिलियत साबत हो जायगी अगर ग़लत भी साबत हुई तो भी Administration की नाअहिलियत होगी जिस के खिलाफ इतनी ग़लत बात चली। इस लिये मैं समझता हूं कि इस मामला में enquiry करानी बहुत ज़रूरी है। मैं हाऊस का ज्यादा वक्त नहीं लेता और इन शब्दों के साथ अपने स्थान पर बैठता हूं—

सिंचाई मंत्री : श्रीमान जी, अगर आप की इजाज़त हो तो मोगा के बारे में कह दूं।

अध्यक्ष महोदय : मैं माननीय मंत्री से कहूंगा कि वे बैठ जायें।

ਸਰਦਾਰ ਬਚਨ ਸਿੰਘ (ਬਾਘਾ ਪੁਰਾਣਾ) : ਪ੍ਰਧਾਨ ਜੀ ! ਅੱਜ ਇਸ ਹਾਊਸ ਵਿਚ ਇੰਤਜ਼ਾਮੀ ਮਹਿਕਮਿਆਂ ਤੇ ਬਹਿਸ ਚਲ ਰਹੀ ਹੈ। ਜਿਸ ਘਰ ਵਿਚ ਜਾਂ ਕਿਸੇ ਸ਼ਹਿਰ ਵਿਚ ਮੁਨਾਸਿਬ ਇੰਤਜ਼ਾਮ ਨਹੀਂ ਹੁੰਦਾ ਉਹ ਕਦੀ ਵੀ ਪ੍ਰਫੁਲਤ ਨਹੀਂ ਹੋ ਸਕਦਾ। ਜਿਥੇ ਕੰਮ ਵਿਗੜਦੇ ਹਨ ਉਥੇ ਚੰਗਾ ਇੰਤਜ਼ਾਮ ਨ ਹੋਣ ਦੇ ਕਾਰਨ ਹੀ ਵਿਗੜਤੇ ਹਨ। ਜਿਹੜੇ ਮੁਲਕ ਤਬਾਹ ਹੋਏ ਹਨ ਵਡੀ ਵਜਹ ਇਹ ਸੀ ਕਿ ਉਨ੍ਹਾਂ ਦਾ ਇੰਤਜ਼ਾਮ ਠੀਕ ਨਹੀਂ ਸੀ। ਜਿਥੇ ਕਿਸੇ ਘਰ ਦਾ ਪਰਬੰਧ ਵਿਗੜ ਜਾਏ ਤਾਂ ਭਾਵੇਂ ਲਖ ਪੰਚੇ ਪਏ ਪਾਉ ਉਹਦਾ ਕੱਖ ਨਹੀਂ ਬਣ ਸਕਦਾ। ਇਸ ਸਰਕਾਰ ਦੇ ਰਾਜ ਵਿਚ ਵੇਖਿਆ ਗਿਆ ਹੈ ਕਿ ਗਰੀਬਾਂ ਕੋਲੋਂ ਜਿਨ੍ਹਾਂ ਕੋਲ

ਨਾ ਰੁਪਿਆ ਹੈ, ਨਾ ਕਪੜੇ ਹਨ ਤੇ ਨਾ ਉਨ੍ਹਾਂ ਦੇ ਜਿਸਮ ਵਿਚ ਖੂਨ ਹੈ, ਉਨ੍ਹਾਂ ਕੋਲੋਂ ਟੈਕਸ ਵਸੂਲ ਕੀਤੇ ਜਾ ਰਹੇ ਹਨ। ਜਿਨ੍ਹਾਂ ਲੋਕਾਂ ਕੋਲ ਪੈਸੇ ਹਨ ਉਨ੍ਹਾਂ ਵਲ ਸਰਕਾਰ ਨਜ਼ਰ ਨਹੀਂ ਮਾਰਦੀ। ਪ੍ਰਧਾਨ ਜੀ ! ਪਿਛਲੇ ਸਾਲ ਜਦੋਂ ਅਪਰ ਹਾਊਸ ਨੂੰ ਤੋੜਨ ਦਾ ਮਸਲਾ ਵਿਚਾਰ ਹੇਠ ਆਇਆ ਤਾਂ ਸਾਡੇ ਮਾਨਯੋਗ ਮੈਂਬਰਾਂ ਨੇ ਦਿੱਲੀ ਟੈਲੀਫੂਨ ਖੜਕਾਏ ਕਿ ਇਥੇ ਅਪਰ ਹਾਊਸ ਨੂੰ ਤੋੜਨ ਦੀ ਸਿਰਤੋੜ ਕੋਸ਼ਿਸ਼ ਹੋ ਰਹੀ ਹੈ ਤੇ ਬਹੁਤ ਸਾਰਿਆਂ ਮੈਂਬਰਾਂ ਦੇ ਦਸਤਖਤ ਵੀ ਕਰਾਏ ਗਏ ਹਨ ਕਿ ਅਪਰ ਹਾਊਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਤੇ ਦੂਜੇ ਪਾਸੇ ਇਹ ਲੋਕ ਪ੍ਰਾਪੇਗੰਡਾ ਕਰਦੇ ਸਨ ਕਿ ਜੇ ਅਪਰ ਹਾਊਸ ਟੁਟ ਗਿਆ ਤਾਂ ਲੋਅਰ ਹਾਊਸ ਵੀ ਖਤਮ ਹੋ ਜਾਏਗਾ। ਇਹ ਲੋਕ ਘਾਬਰੇ ਹੋਏ ਨਹਿਰੂ ਜੀ ਦੇ ਕੋਲ ਗਏ ਤੇ ਉਨ੍ਹਾਂ ਅੱਗੇ ਬੇਨਤੀ ਕੀਤੀ ਕਿ ਸਾਨੂੰ ਬਚਾਓ, ਤੇ ਅਪਰ ਹਾਊਸ ਨ ਤੋੜੋ। ਮੈਂ ਪੁਛਦਾ ਹਾਂ ਕਿ ਕੀ ਸਰਕਾਰ ਇਸ ਗਰੀਬ ਲੁਟੇ ਹੋਏ, ਸ਼ਰਨਾਰਥੀ ਪੰਜਾਬ ਦਾ ਰੁਪਿਆ ਬਰਬਾਦ ਨਹੀਂ ਕਰ ਰਹੀ। ਇਹ ਲੱਖਾਂ ਰੁਪਏ ਅੱਪਰ ਹਾਊਸ ਤੇ ਬਰਬਾਦ ਕੀਤੇ ਜਾ ਰਹੇ ਹਨ। ਮੈਂ ਨਹੀਂ ਸਮਝਦਾ ਕਿ ਅੱਪਰ ਹਾਊਸ ਦੀ ਕੀ ਲੋੜ ਹੈ ਜਦੋਂ ਪੰਜਾਬ ਸਰਕਾਰ ਕੋਲ ਆਪਣੀਆਂ ਜ਼ਰੂਰੀ ਸਮਸਿਆਵਾਂ ਸੁਲਝਾਨ ਲਈ ਪੈਸਾ ਨਹੀਂ। ਸਰਦਾਰ ਸੋਹਣ ਸਿੰਘ ਜੋਸ਼ ਨੇ ਇਕ ਮੈਮੋਰੈਂਡਮ (memorandum) ਤੇ ਬਹੁਤ ਸਾਰਿਆਂ ਮੈਂਬਰਾਂ ਦੇ ਦਸਤਖਤ ਕਰਾਏ ਕਿ ਅਪਰ ਹਾਊਸ ਦੀ ਪੰਜਾਬ ਵਿਚ ਕੋਈ ਲੋੜ ਨਹੀਂ ਤੇ ਇਸ ਨੂੰ ਛੇਤੀ ਨਾਲ ਖਤਮ ਕਰ ਦੇਣਾ ਚਾਹੀਦਾ ਹੈ। ਗਵਰਨਮੈਂਟ ਪਾਰਟੀ ਦਿਆਂ ਮੈਂਬਰਾਂ ਨੇ ਪੰਡਤ ਜਵਾਹਰ ਲਾਲ ਨਹਿਰੂ ਕੋਲ ਜਾਕੇ ਪੇਚਾ ਪਾਇਆ ਤੇ ਦਿੱਲੀ ਤੋਂ ਹੁਕਮ ਆ ਗਿਆ ਕਿ ਅਪਰ ਹਾਊਸ ਨਾ ਟੁਟੇ।

सिचाई मंत्री : औचित्य प्रश्न । क्या General Administration पर बहिस करते हुए अप्पर हाऊस के सम्बन्ध में बहिस की जा सकती है (आवाजें : हाँ अप्पर हाऊस भी इस माँग में शामिल है ।

सिचाई मंत्री : मैं समझता हूं कि माननीय मैम्बर प्रसंग अनुकूल है बात नहीं कर रहे

अध्यक्ष महोदय माननीय मैम्बर को चाहिये कि वह अप्पर हाऊस पर इस समय बहिस न करें ।

ਸਰਦਾਰ ਬਚਨ ਸਿੰਘ : ਪ੍ਰਧਾਨ ਜੀ ! ਇਹ ਸਰਕਾਰ ਕਿਸਾਨਾ ਨੂੰ ਤੰਗ ਕਰਕੇ ਉਨ੍ਹਾਂ ਕੋਲੋਂ ੩੦ ਲਖ ਰੁਪਿਆ ਟੈਕਸ ਦੇ ਤੌਰ ਤੇ ਵਸੂਲ ਕਰ ਰਹੀ ਹੈ। ਇਥੇ ਦੇ ਵਜ਼ੀਰ ਲੱਖਾਂ ਰੁਪਏ ਸਾਲਾਨਾ ਤਨਖਾਹ ਤੇ ਸਫ਼ਰ ਖਰਚ ਦੇ ਤੌਰ ਤੇ ਲੈ ਲੇਂਦੇ ਹਨ ਤੇ ਗਰੀਬ ਪੰਜਾਬ ਦਾ ਸੂਬਾ ਉਨ੍ਹਾਂ ਨੂੰ ਇੰਨੀਆਂ ਤਨਖਾਹਾਵਾਂ

[ਸਰਦਾਰ ਬਚਨ ਸਿੰਘ]

ਦੇਣ ਦੇ ਸਮਰਥ ਨਹੀਂ । ਗਾਂਧੀ ਜੀ ਨੇ ਕਿਹਾ ਸੀ ਕਿ ਜਦੋਂ ਕਾਂਗਰਸ ਦੇ ਹੱਥ ਵਿਚ ਹਕੂਮਤ ਆਈ ਤਾਂ ਵਜ਼ੀਰ ੫੦੦ ਰੁਪਏ ਮਾਹਵਾਰ ਤੋਂ ਵਧ ਤਨਖਾਹ ਨਹੀਂ ਲੈਣ ਲਗੇ । ਮੈਂ ਪੁਛਦਾ ਹਾਂ ਕਿ ਇਹ ਗਾਂਧੀ ਜੀ ਦਾ ਰਾਜ ਨਹੀਂ । ਹੁਣ ਮੰਤਰੀ ੧,੫੦੦ ਰੁਪਏ ਮਾਹਵਾਰ ਤਨਖਾਹ ਤੇ ਇਸ ਦੇ ਇਲਾਵਾ ਸਫਰ ਖਰਚ ਪ੍ਰਾਪਤ ਕਰਦੇ ਹਨ । ਕੀਹ ਸਰਕਾਰ ਇਸਤਰ੍ਹਾਂ ਗਰੀਬਾਂ ਦੀ ਹਿਫਾਜ਼ਤ ਕਰ ਰਹੀ ਹੈ ਜਾਂ ਮੁਜ਼ਾਰਿਆਂ ਦੀ ਰਖਸ਼ਾ ਕਰ ਰਹੀ ਹੈ । ਮੈਂ ਸਮਝਦਾ ਹਾਂ ਕਿ ਬਿਮਾਰੀ ਦਿਮਾਗ ਦੇ ਰਸਤੇ ਪੈਂਦੀ ਹੈ ਜੇ ਦਿਮਾਗ ਠੀਕ ਹੈ ਤਾਂ ਬਲੇ ਦੇ ਜਿਸਮ ਦਾ ਇਲਾਜ ਹੋ ਸਕਦਾ ਹੈ ਪਰੰਤੂ ਜੇ ਬਿਮਾਰੀ ਦਿਮਾਗ ਤੇ ਅਸਰ ਕਰ ਜਾਏ ਤਾਂ ਉਸ ਦਾ ਇਲਾਜ ਮੁਸ਼ਕਿਲ ਹੁੰਦਾ ਹੈ। ਸਰਕਾਰ ਛੋਟੇ ਮੁਲਾਜ਼ਮਾਂ ਵਲ ਕੋਈ ਧਿਆਨ ਨਹੀਂ ਦੇ ਰਹੀ ਜਿਹੜੇ ਵਿਚਾਰੇ 20, 30 ਰੁਪਏ ਮਾਹਵਾਰ ਤਨਖ਼ਾਹ ਲੈ ਰਹੇ ਹਨ ਤੇ ਜਿਨ੍ਹਾਂ ਤੇ ਇਕ ਭਾਰੀ ਕੁਟੰਭ ਪਾਲਣ ਦਾ ਭਾਰ ਪਿਆ ਹੁੰਦਾ ਹੈ । ਜੇ ਉਹ ਵਿਚਾਰਾ ਦੋ ਤਿਨ ਰੁਪਏ ਰਿਸ਼ਵਤ ਲੈ ਲੈਂਦਾ ਹੈ ਤਾਂ ਉਸ ਤੇ ਮੁਕਦੱਮਾ ਚਲਾਇਆ ਜਾਂਦਾ ਹੈ ਤੇ ਨੌਕਰੀਓਂ ਜਵਾਬ ਦਿਤਾ ਜਾਂਦਾ ਹੈ । ਵਡੇ ਅਫ਼ਸਰਾਂ ਦਾ ਇਹ ਹਾਲ ਹੈ ਕਿ ਜੇ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਤੇ ਕੋਈ ਫ਼ੌਜਦਾਰੀ ਦਾ ਮੁਕੱਦਮਾ ਬਣ ਜਾਂਦਾ ਹੈ ਤਾਂ ਥਾਣੇਦਾਰ ਨੂੰ ਕਿਹਾ ਜਾਂਦਾ ਹੈ ਕਿ ਉਸ ਨੂੰ ਛਡ ਦੇਵੇ ਤੇ ਨਾਲ ਹੀ ਉਹਨੂੰ ਧਮਕੀ ਦਿਤੀ ਜਾਂਦੀ ਹੈ ਕਿ ਜੇ ਉਹ ਨ ਛਡੇਗਾ ਤਾਂ ਵਜ਼ੀਰ ਨੂੰ ਮਿਲਾਂਗੇ ਤੇ ਉਹਦਾ ਬੁਰਾ ਹਸ਼ਰ ਹੋਵੇਗਾ । ਇਨ੍ਹਾਂ ਹਾਲਤਾਂ ਵਿਚ ਥਾਣੇਦਾਰ ਦਾ ਕੀਹ ਕਸੂਰ ਹੈ ਜਦੋਂ ਉਤੋਂ ਦੇ ਅਫਸਰ ਨਾਜਾਇਜ਼ ਮੁਦਾਖ਼ਲਤ ਕਰਦੇ ਹੋਣ। ਕੀ ਇਹ ਸਰਕਾਰ ਦੀ General Administration ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਵਡੇ ਅਫਸਰਾਂ ਦੀਆਂ ਤਨਖਾਹਾਂ ਘਟ ਕਰ ਦਿਉ। ਜਦੋਂ ਪਿਛਲੇ ਸਾਲ ਮੁਖ ਮੰਤਰੀ ਜੀ ਨੇ ਆਪਣੀ ਤਨਖ਼ਾਹ ੨,੦੦੦ ਰੁਪਏ ਮਾਹਵਾਰ ਤੋਂ ਘਟਾਕੇ ੧,੫੦੦ ਰੁਪਏ ਮਾਹਵਾਰ ਲੈਣੀ ਸਵੀਕਾਰ ਕੀਤੀ ਤਾਂ ਵਜ਼ੀਰ ਖਜ਼ਾਨਾ ਨੇ ਕਿਹਾ ਕਿ ਉਨ੍ਹਾਂ ਨੂੰ ੫੦੦ ਰੁਪਿਆ ਮਾਹਵਾਰ ਹੋਰ ਦੇ ਦਿਓ ਕਿਉਂਕਿ ਇਨ੍ਹਾਂ ਨੂੰ ਬਹੁਤ ਸਾਰਿਆਂ ਮਹਿਮਾਨਾਂ ਦੀ ਆਉਭਗਤ ਕਰਨੀ ਪੈਂਦੀ ਹੈ। ਪਰੰਤੂ ਇਸ ਦੇ ਉਲਟ ਛੋਟੇ ਮੁਲਾਜ਼ਮਾਂ ਨੂੰ ਵੀਹ ਤੀਹ ਰੁਪਏ ਮਾਹਵਾਰ ਤਨਖਾਹ ਦਿਤੀ ਜਾਂਦੀ ਹੈ ਜਿਨ੍ਹਾਂ ਨੇ ਬਹੁਤ ਸਾਰੇ ਟੱਬਰ ਦਾ ਪੇਟ ਪਾਲਣਾ ਹੁੰਦਾ ਹੈ । ਇਸ ਲਈ ਮੈਂ ਸਰਕਾਰ ਅੱਗੇ ਬੇਨਤੀ ਕਰਾਂਗਾ ਕਿ ਉਹ ਵਡਿਆਂ ਵਡਿਆਂ ਅਫ਼ਸਰਾਂ ਦੀਆਂ ਤਨਖਾਹਾਂ ਘਟਾਕੇ ਛੋਟੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਉਣ ਦਾ ਜਤਨ ਕਰੇ। ਗਰੀਬ ਲੋਕਾਂ ਦਾ

standard of living ਉਚਾ ਕੀਤਾ ਜਾਏ । ਮੈਂ ਹੈਰਾਨ ਹਾਂ ਕਿ ਲੋਕਾਂ ਨੂੰ 20 ਰੁਪਏ ਮਾਹਵਾਰ ਤਨਖਾਹ ਦੇ ਕੇ ਸਰਕਾਰ ਫ਼ੇਰ ਵੀ ਇਹ ਕਹਿਣ ਦਾ ਹੌਸਲਾ ਰਖਦੀ ਕਿ ਉਹ ਗਰੀਬਾਂ ਦੀ ਹਮਦਰਦ ਹੈ । ਜਿਥੋਂ ਤਕ ਮੁਰੱਬਾਬੰਦੀ ਦਾ ਸੰਬੰਧ ਹੈ ਮੈਂ ਦਸਣਾ ਚਾਹੁੰਦਾ ਹਾਂ ਕਿ S. O. ਜ਼ਿਲੇ ਦਾ ਇਕ ਵਡਾ ਅਫਸਰ ਹੁੰਦਾ ਹੈ । ਜੇ 70 ਫੀ ਸਦੀ ਲੋਕ ਦਰਖਾਸਤਾਂ ਦੇਣ ਕਿ ਉਨ੍ਹਾਂ ਦੀ ਜ਼ਮੀਨ ਦੀ ਮੁਰੱਬਾਬੰਦੀ ਠੀਕ ਨਹੀਂ ਹੋਈ ਤਾਂ ਇਕ ਤਹਿਸੀਲਦਾਰ ਨੂੰ ਕਿਹਾ ਜਾਂਦਾ ਹੈ ਕਿ ਮੁੜਕੇ ਜ਼ਮੀਨਾਂ ਦੀ ਤਕਸੀਮ ਕਰੇ । ਪਰੰਤੂ ਜਦੋਂ ਉਹ ਤਹਿਸੀਲਦਾਰ ਕੰਮ ਕਰਨ ਲਗਦਾ ਹੈ ਤਾਂ ਉਪਰ ਤੋਂ ਸਿਫਾਰਸ਼ ਆ ਜਾਂਦੀ ਹੈ ਕਿ ਤਕਸੀਮ ਨਾ ਕਰੋ ਤੇ 70 ਫ਼ੀ ਸਦੀ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਪਿੰਡ ਲੱਗਿਆਂ ਵਿਚ ਵਾੜਾਬਦੀ ਦੀ ਤਕਸੀਮ ਹੋਈ । ਪਹਿਲੇ ਮੁਰੱਬਾਬੰਦੀ ਹੋਈ ਪਰ ਉਹ ਗਲਤ ਹੋਈ ਤਾਂ ਲੋਕਾਂ ਨੇ ਦਰਖਾਸਤਾਂ ਦਿਤੀਆਂ ਕਿ ਮੁਰੱਬਾਬੰਦੀ ਦੁਬਾਰਾ ਕੀਤੀ ਜਾਏ । ਅਫਸਰ ਆਪਸ ਵਿਚ ਲੜ ਪਏ ਤੇ ਉਪਰ ਤੋਂ ਸਿਫਾਰਸ਼ ਆਈ । ਇਸ ਗੜਬੜ ਵਿਚ ਅਫ਼ਸਰਾਂ ਨੇ ਕਾਗਜ਼ ਫੂਕ ਦਿਤੇ । ਕੀਹ ਉਤੇ ਦੇ ਅਫ਼ਸਰ ਮੁਦਾਖਲਤ ਨਹੀਂ ਕਰਦੇ ?

ਮੈਂ ਇਹ ਗਲ ਦੱਸਣੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਨਾਲ ਉੱਪਰ ਤੋਂ ਚੀਜ਼ਾਂ ਹੋ ਰਹੀਆਂ ਹਨ । ਜਦ ਉੱਪਰ ਇਹ ਹਾਲਤ ਹੈ ਤਾਂ ਥੱਲੇ ਕੁਝ ਨਹੀਂ ਹੋ ਸਕਦਾ । ਹਰ ਇਕ ਥਾਂ ਸਿਫਾਰਸ਼ਾਂ ਚਲਦੀਆਂ ਹਨ । ਸਿਫਾਰਸ਼ਾਂ ਵਡਿਆਂ ਦੀਆਂ ਅਤੇ ਮਜ਼ਬੂਤ ਤੇ ਤਕੜੇ ਲੋਕਾਂ ਦੀਆਂ ਚਲਦੀਆਂ ਹਨ ਜਿਨ੍ਹਾਂ ਦੀ ਮਨਿਸਟਰੀ ਤੱਕ ਪਹੁੰਚ ਹੁੰਦੀ ਹੈ । ਇਸ ਲਈ ਉਪਰ ਵਾਲੇ ਪ੍ਰਬੰਧ ਨੂੰ ਠੀਕ ਕਰੋ । ਜੇ ਦਿਮਾਗ ਠੀਕ ਨਹੀਂ ਤਾਂ ਸਭ ਕੁਝ ਖ਼ਰਾਬ ਹੋ ਜਾਂਦਾ ਹੈ ।

ਦੋ ਸਾਲ ਹੋ ਗਏ ਹਨ ਤਿੰਨ ਚਾਰ ਪਿੰਡ ਮੇਰੇ ਇਲਾਕੇ ਵਿਚ ਡੁਬ ਰਹੇ ਹਨ । ਪਰੰਤੂ ਹੁਣ ਤਕ ਇਸ ਗਲ ਦੀ ਕੋਈ ਸੁਣਾਈ ਨਹੀਂ ਹੋਈ । ਜੇ ਉਨ੍ਹਾਂ ਪਿੰਡਾਂ ਤੋਂ ਇਕ ਨਾਲਾ ਕਢ ਕੇ ਚਾਰ ਮੀਲ ਅੱਗੇ ਨਹਿਰ ਵਿਚ ਪਾ ਦਿਤਾ ਜਾਵੇ ਉਹ ਪਿੰਡ ਬਚ ਸਕਦੇ ਹਨ । ਪਰ ਅਜੇ ਤਕ ਕੁਝ ਨਹੀਂ ਹੋਇਆਂ । ਜਦੋਂ ਪਿੰਡ ਡੁਬ ਗਏ ਤਾਂ ਫੇਰ ਕੀ ਕਰੋਗੇ ।

ਸਰਦਾਰ ਰਾਜਿੰਦਰ ਸਿੰਘ ਗਿਆਨੀ (ਰੋਪੜ) : ਪੂਜਯ ਪ੍ਰਧਾਨ ਜੀ, ਅੱਜ Demand No. 10. General Administration ਤੇ ਬਹਿਸ ਹੋ ਰਹੀ ਹੈ । ਅਸੀਂ ਪਿਛਲੇ ਦੋ ਸਾਲਾਂ ਤੋਂ ਕੁਝ ਗਲਾਂ ਸਰਕਾਰ ਦੇ ਨੋਟਿਸ

[ਸਰਦਾਰ ਰਾਜਿੰਦਰ ਸਿੰਘ ਗਿਆਨੀ]

ਵਿਚ ਲਿਆ ਰਹੇ ਸਾਂ। ਮੈਨੂੰ ਖੁਸ਼ੀ ਹੈ ਕਿ ਸਰਕਾਰ ਨੇ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਮੰਗਾਂ ਨੂੰ ਪੂਰਾ ਕਰ ਦਿੱਤਾ ਹੈ। ਇਸ ਹਾਊਸ ਦੇ ਬਹੁਤ ਸਾਰੇ ਮੈਂਬਰਾਂ ਵਲੋਂ ਇਹ ਮੰਗ ਕੀਤੀ ਗਈ ਸੀ ਕਿ ਚੂੰਕਿ ਕਮਿਸ਼ਨਰ ਦਾ ਉਹਦਾ ਸਰਕਾਰ ਵਲੋਂ ਡਿਪਟੀ ਕਮਿਸ਼ਨਰਾਂ ਤਕ ਤੇ ਉਨ੍ਹਾਂ ਵਲੋਂ ਸਰਕਾਰ ਤਕ ਭੇਜਨ ਭਿਜਾਵਣ ਵਾਲਾ ਹੈ ਇਸ ਲਈ ਉਸ ਨੂੰ ਉੜਾ ਦਿਤਾ ਜਾਵੇ ਅਤੇ ਡਿਪਟੀ ਕਮਿਸ਼ਨਰਾਂ ਦੀ ਸਿੱਧੀ ਸਰਕਾਰ ਨਾਲ ਗਲਬਾਤ ਹੋਣੀ ਚਾਹੀਦੀ ਹੈ। ਇਸ ਮੰਗ ਨੂੰ ਮੰਨਦਿਆਂ ਹੋਇਆਂ ਪਿਛਲੇ ਸਾਲ ਸਰਕਾਰ ਨੇ ਭਾਵੇਂ ਦੋਵੇਂ ਕਮਿਸ਼ਨਰਾਂ ਦੀਆਂ ਪੋਸਟਾਂ ਨਹੀਂ ਉੜਾਈਆਂ, ਫੇਰ ਵੀ ਇਕ ਪੋਸਟ ਉੜਾ ਦਿੱਤੀ ਹੈ ਅਤੇ ਦੂਜੇ ਕਮਿਸ਼ਨਰ ਨੂੰ ਸਾਰੇ ਪੰਜਾਬ ਦਾ ਕਮਿਸ਼ਨਰ ਬਣਾ ਦਿੱਤਾ ਹੈ।

ਦੂਜੀ ਮੰਗ ਜਿਹੜੀ ਬੜੇ ਜ਼ੋਰ ਨਾਲ ਕੀਤੀ ਜਾ ਰਹੀ ਸੀ ਇਹ ਸੀ ਕਿ ਸਰਕਾਰ ਨੂੰ ਇਸ ਤਰ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਨਾਲ ਆਮ ਪਬਲਿਕ ਨੂੰ ਸਰਕਾਰੀ ਮਾਮਲਿਆਂ ਵਿਚ ਅਤੇ ਇਨਸਾਫ਼ ਪ੍ਰਾਪਤ ਕਰਨ ਵਿਚ ਬਹੁਤ ਤਕਲੀਫ ਨਾ ਹੋਵੇ। ਇਸ ਸਾਲ ਉਨ੍ਹਾਂ ਨੇ ਇਸ ਗਲ ਦਾ ਖਿਆਲ ਰਖਦਿਆਂ ਹੋਇਆਂ district administration ਨੂੰ reorganise ਕਰਨ ਦਾ ਪ੍ਰਬੰਧ ਕੀਤਾ ਹੈ ਚਾਹੇ ਇਹ reorganisation ਸਾਰੇ ਪੰਜਾਬ ਵਿਚ ਨਹੀਂ ਹੋ ਸਕੀ ਕਿਉਂਕਿ ਸਰਕਾਰ ਦੀਆਂ limitations ਭੀ ਹਨ। ਪਰ ਫ਼ੇਰ ਵੀ ਜ਼ਿਲਾ ਗੁਰਦਾਸਪੁਰ ਵਿਚ ਅਤੇ ਦੂਜੇ ਕੁਝ ਜ਼ਿਲਿਆਂ ਵਿਚ reorganisation ਹੋ ਰਹੀ ਹੈ। ਇਸ ਦੇ ਨਤੀਜੇ ਦੇ ਤੌਰ ਤੇ ਪੰਜਾਬ ਵਿਚ ਲੋਕਾਂ ਨੂੰ ਬਹੁਤ ਸਾਰੀਆਂ ਛੋਟੀਆਂ ਛੋਟੀਆਂ ਗੱਲਾਂ ਦੇ ਮਾਮਲਿਆਂ ਵਿਚ ਆਰਾਮ ਹੋ ਜਾਵੇਗਾ। ਮਿਸਾਲ ਦੇ ਤੌਰ ਤੇ ਨਕਲਾਂ ਲੈਣ ਵਾਸਤੇ, ਪਾਸਪੋਰਟਸ ਅਤੇ arms ਦੇ ਲਾਇਸੈਂਸਾਂ ਬਾਰੇ ਹੁਣ ਉਨ੍ਹਾਂ ਨੂੰ ਜ਼ਿਲਾ ਹੈਡਕਵਾਟਰ ਤੇ ਨਹੀਂ ਜਾਣਾ ਪਿਆ ਕਰੇਗਾ। ਇਹ ਕੰਮ ਹੁਣ ਉਨ੍ਹਾਂ ਦੇ ਪਿੰਡਾਂ ਦੇ ਨੇੜੇ ਹੋ ਜਾਇਆ ਕਰਨਗੇ। ਜਿਸ ਵੇਲੇ ਇਹ ਚੀਜ਼ ਸਾਰੇ ਪੰਜਾਬ ਵਿਚ ਸਿਰੇ ਚੜ੍ਹ ਗਈ ਤਾਂ ਜਨਤਾਂ ਨੂੰ ਬਹੁਤ ਆਰਾਮ ਹੋ ਜਾਵੇਗਾ। ਇਸ ਲਈ ਸਰਕਾਰ ਸਾਡੀ ਮੁਬਾਰਿਕਬਾਦ ਦੀ ਮੁਸਤਹਿਕ ਹੈ।

ਅਜ ਪ੍ਰਧਾਨ ਜੀ General Administration ਦੀ demand ਤੇ ਵਿਚਾਰ ਹੋ ਰਹੀ ਹੈ। ਸਪੀਕਰ ਸਾਹਿਬ, ਆਪ ਦੀ ਡਿਊਟੀ ਮੈਂ ਜਾਣਦਾ ਹਾਂ ਕਿ ਬਹੁਤ ਕਠਿਨ ਹੈ। ਪਰ ਅੱਜ ਇਸ ਮੰਗ ਤੇ ਜਿੰਨੇ ਮੈਂਬਰ ਬੋਲੇ ਹਨ ਉਨ੍ਹਾਂ ਵਿਚੋਂ 90 ਫ਼ੀਸਦੀ

ਨੇ ਇਸ ਮੰਗ ਤੇ ਬੋਲਣ ਵਲ ਧਿਆਨ ਨਹੀਂ ਦਿੱਤਾ। ਉਨ੍ਹਾਂ ਵਿਚੋਂ ਕੁਝ ਨੇ ਤਾਂ ਬਜਟ ਤੇ ਜਨਰਲ discussion ਕੀਤੀ ਹੈ ਅਤੇ ਕਿਸੇ ਨੇ country ਦੀ ਆਮ ਹਾਲਤ ਤੇ discussion ਕੀਤੀ ਹੈ। ਮੈਂ ਆਪ ਦੀ ਸੇਵਾ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਆਪ ਦੀ leniency ਬਹਿਸ ਦੇ ਮਾਮਲੇ ਵਿਚ ਮੈਂਬਰਾਂ ਵਲ ਬਹੁਤ ਜ਼ਿਆਦਾ ਹੈ। ਤੁਸੀਂ ਕੁਝ ਸਖ਼ਤੀ ਨਾਲ irrelevancies ਦੀ ਆਗਿਆ ਨਾ ਦਿਆ ਕਰੋ।

अध्यक्ष महोदय : यह जो आप कह रहे हैं यह भी irrelevant है।

ਸਰਦਾਰ ਰਾਜਿੰਦਰ ਸਿੰਘ ਗਿਆਨੀ : I am very sorry, Sir. ਪਿਛਲੇ ਸਾਲ General Administration ਤੇ ਬਹਿਸ ਕਰਦਿਆਂ ਹੋਇਆਂ ਮੈਂ ਇਹ ਅਰਜ਼ ਕੀਤੀ ਸੀ ਕਿ Civil Secretariat ਵਿਚ ਕੰਮ ਦਾ procedure ਬਹੁਤ ਲੰਮਾਂ ਹੈ। ਹਰੇਕ ਮਹਿਕਮੇ ਦਾ ਅਫ਼ਸਰ ਸੈਕ੍ਰੇਟਰੀ ਹੁੰਦਾ ਹੈ ਉਸ ਦੇ ਥੱਲੇ ਡਿਪਟੀ ਸੈਕ੍ਰੇਟਰੀ, ਅੰਡਰ ਸੈਕ੍ਰੇਟਰੀ, ਅਸਿਸਟੈਂਟ ਸੈਕ੍ਰੇਟਰੀ ਹੁੰਦੇ ਹਨ। ਉਨ੍ਹਾਂ ਦੇ ਥੱਲੇ ਸੁਪਰਿੰਟੈਂਡੈਂਟ, ਅਸਿਸਟੈਂਟ, ਸੀਨੀਅਰ ਕਲਰਕ ਅਤੇ ਜੂਨੀਅਰ ਕਲਰਕ ਹੁੰਦੇ ਹਨ। ਮੈਂ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਜ਼ਿਲੇ ਦੀ reorganisation ਕੀਤੀ ਗਈ ਹੈ ਉਸੇ ਤਰ੍ਹਾਂ Secretariat ਦੀ ਵੀ reorganisation ਕੀਤੀ ਜਾਵੇ। ਸੈਂਟਰ ਵਿਚ ਇਸ ਮਕਸਦ ਲਈ ਪਿਛਲੇ ਸਾਲ ਇਕ Gorowala Committee ਬਿਠਾਈ ਗਈ ਸੀ ਜਿਸ ਦੀਆਂ ਬਹੁਤ ਸਾਰੀਆਂ ਸਿਫ਼ਾਰਸ਼ਾਂ ਮੰਨ ਕੇ Central Government ਨੇ Central Secretariat ਨੂੰ reorganise ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਇਕ ਕਮੇਟੀ ਇਥੇ ਵੀ ਬਣਾਈ ਜਾਣੀ ਚਾਹੀਦੀ ਏ। ਮੇਰੇ ਖਿਆਲ ਵਿਚ ਇਸ ਤਰ੍ਹਾਂ Secretariat ਦਾ ਕੰਮ ਬਹੁਤ ਸਾਰਾ simplify ਹੋ ਸਕਦਾ ਹੈ। ਮਿਸਾਲ ਦੇ ਤੌਰ ਤੇ Senior Clerk ਦਾ ਕੰਮ junior clerk ਕਰ ਸਕਦਾ ਹੈ ਅਤੇ ਜੇ ਅਸਿਸਟੈਂਟ ਵੀ ਨਾਂ ਹੋਵੇ ਤਾਂ ਸਾਰੇ ਕਾਗਜ਼ ਸਿੱਧੇ ਸੁਪ੍ਰਿੰਟੈਂਡੈਂਟ ਪਾਸ ਜਾ ਸਕਦੇ ਹਨ। ਇਸੇ ਤਰ੍ਹਾਂ ਉਪਰ ਵੀ ਡਿਪਟੀ ਸੈਕ੍ਰੇਟਰੀ ਦੀ ਪੋਸਟ ਉਡਾਈ ਜਾ ਸਕਦੀ ਹੈ। ਇਸ ਤਰ੍ਹਾਂ ਬਹੁਤ ਸਾਰਾ ਕੰਮ simplify ਹੋ ਸਕਦਾ ਹੈ। ਹੁਣ ਵਾਲੇ ਸਿਸਟਮ ਵਿਚ ਇਹ ਕਿਹਾ ਜਾਂਦਾ ਹੈ ਕਿ ਜੇ ਕਾਗਜ਼ ਦਸ ਥਾਵਾਂ ਤੇ ਜਾਵੇ ਤਾਂ ਹਰੇਕ ਅਫ਼ਸਰ confidence ਅਨੁਭਵ ਕਰਦਾ ਹੈ ਅਤੇ ਕੰਮ ਦੀ checking ਹੋ ਜਾਂਦੀ ਹੈ। ਪਰੰਤੂ ਇਹ checking ਜੇ junior ਕਲਰਕ ਦੇ ਕੰਮ ਦੀ ਸੁਪ੍ਰਿੰਟੈਂਡੈਂਟ ਹੀ ਕਰ ਦੇਵੇ ਅਤੇ ਉਸ ਤੋਂ ਪਿਛੋਂ ਸਾਰੇ ਕਾਗਜ਼ ਸਿੱਧੇ ਸੈਕ੍ਰੇਟਰੀ ਪਾਸ ਚਲੇ ਜਾਣ ਤਾਂ ਪੰਜਾਬ ਸਰਕਾਰ ਇਸ ਨਾਲ

[ਸਰਦਾਰ ਰਾਜਿੰਦਰ ਸਿੰਘ ਗਿਆਨੀ]

ਬਹੁਤ ਸਾਰਾ ਰੁਪਿਆ ਬਚਾ ਸਕਦੀ ਹੈ। ਜੇ ਇਸ ਮਕਸਦ ਲਈ ਕੁਝ officials ਅਤੇ ਕੁਝ non-officials ਦੀ ਇਕ ਕਮੇਟੀ ਬਣਾਈ ਜਾਵੇ ਤਾਂ ਇਸ ਨਾਲ ਬਹੁਤ ਬੇਹਤਰੀ ਹੋ ਸਕਦੀ ਹੈ।

General Administration ਵਿਚ ਕੁਝ ਰਕਮ Anti-Corruption Committee ਲਈ ਰਖੀ ਗਈ ਹੈ। ਇਸ ਬਾਰੇ ਮੈਂ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਮਾਨਯੋਗ ਅਰਥ ਮੰਤ੍ਰੀ ਨੇ ਇਹ ਦੱਸਣ ਲਈ ਕੁਝ ਅੰਕੜੇ ਦਿੱਤੇ ਹਨ ਕਿ Anti Corruption Committee ਨੇ ਕਿੰਨਾਂ ਕੰਮ ਕੀਤਾ ਹੈ। ਬਹੁਤ ਸਾਰੇ ਕੇਸ officials ਦੇ ਵਿਰੁਧ ਚਲਾਇ ਗਏ ਪਰ ਉਨ੍ਹਾਂ ਵਿਚੋਂ ਕੇਵਲ ਤਿੰਨ ਸਿਰੇ ਚੜ੍ਹੇ। ਉਨ੍ਹਾਂ ਨੇ ਦੱਸਿਆ ਹੈ ਕਿ 117 Officials ਨੂੰ dismiss ਕੀਤਾ ਗਿਆ 28 ਕਰਮਚਾਰੀਆਂ ਨੂੰ revert ਕੀਤਾ ਗਿਆ; 28 ਦੀ increment stop ਕੀਤੀ ਗਈ; 64 ਨੂੰ warn ਕੀਤਾ ਗਿਆ 28 ਨੂੰ retire ਕੀਤਾ ਗਿਆ ਅਤੇ 12 resign ਕਰ ਗਏ। ਇਨ੍ਹਾਂ cases ਵਿਚ ਜੋ speedy action ਲਿਆ ਜਾਣਾ ਚਾਹੀਦਾ ਹੈ ਉਹ ਨਹੀਂ ਲਿਆ ਗਿਆ। ਪੰਜਾਬ ਸਰਕਾਰ ਦਾ ਇਸ ਵਿਚ ਕਸੂਰ ਨਹੀਂ ਕਿਉਂਕਿ ਜਦੋਂ ਤਕ Indian Penal Code ਅਤੇ Criminal Procedure Code amend ਨਹੀਂ ਕੀਤੇ ਜਾਂਦੇ ਇਹ ਨਹੀਂ ਹੋ ਸਕਦਾ। ਇਨ੍ਹਾਂ codes ਨੂੰ amend ਕਰਨਾ ਇਸ House ਦੇ scope ਤੋਂ ਬਾਹਿਰ ਹੈ। ਇਨ੍ਹਾਂ ਨੂੰ Parliament ਹੀ amend ਕਰ ਸਕਦੀ ਹੈ। ਜਦੋਂ ਤਕ ਇਹ ਨਹੀਂ ਹੁੰਦਾ Corrupt Officers ਨੂੰ ਠੀਕ ਸਜ਼ਾ ਨਹੀਂ ਮਿਲ ਸਕਦੀ। Legal procedure ਇਸ ਤਰ੍ਹਾਂ ਦਾ ਹੈ ਕਿ ਇਕ criminal case ਤੇ ਦੋ ਦੋ ਸਾਲ ਲਗ ਜਾਂਦੇ ਹਨ। Evidence ਦਾ ਤਰੀਕਾ ਬਹੁਤ ਲੰਮਾਂ ਹੈ। ਇਕ ਵਾਰ ਇਕ witness medical certificate ਭੇਜ ਦੇਂਦਾ ਹੈ, ਦੂਜੀ ਵਾਰ ਹੋਰ ਭੇਜ ਦੇਂਦਾ ਹੈ। ਜੇ ਕਿਸੇ ਮਹਿਕਮੇ ਦਾ ਅਫਸਰ 50,000 ਰੁਪੈ ਰਿਸ਼ਵਤ ਲੈ ਲਵੇ ਤਾਂ ਉਸ ਲਈ ਪੰਜ ਦਸ ਹਜ਼ਾਰ ਖਰਚ ਕੇ ਗਾਵਾਹਾਂ ਨੂੰ ਬਿਠਾ ਦੇਣ ਵਿਚ ਕੀਹ ਮੁਸ਼ਕਿਲ ਹੈ। ਇਸ ਤਰ੍ਹਾਂ ਕੋਈ case ਸਿਰੇ ਨਹੀਂ ਚੜ੍ਹਦਾ।

ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਕਈ ਕੇਸ ਹੋਏ ਹਨ ਜਿਨ੍ਹਾਂ ਵਿਚ ਅਸੀਂ ਸਰਕਾਰ ਨੂੰ ਜ਼ਿਮੇਂਦਾਰ ਨਹੀਂ ਠਹਿਰਾ ਸਕਦੇ। ਜੇ Ciriminal Procedure Code simple ਹੋ ਜਾਇ ਜਾਂ ਇਸ ਕਾਨੂੰਨ ਨੂੰ suspend ਕਰ ਦਿਤਾ ਜਾਏ ਤਾਂ

corruption ਦੇ cases ਉਪਰ ਠੀਕ ਤਰੀਕੇ ਨਾਲ ਕਾਬੂ ਪਾਇਆ ਜਾ ਸਕਦਾ ਹੈ। ਸਾਡੀ ਸਰਕਾਰ ਨੂੰ ਇਸ ਮਾਮਲੇ ਵਿਚ ਪਹਿਲ ਕਰਨੀ ਚਾਹੀਦੀ ਹੈ ਤੇ Central Government ਨੂੰ ਲਿਖਣਾ ਚਾਹੀਦਾ ਹੈ ਕਿ ਕੁਝ ਚਿਰ ਲਈ corruption cases ਵਿਚ ਕਾਨੂੰਨੀ procedure suspend ਕਰ ਦਿਤਾ ਜਾਵੇ ਤੇ ਇਹਨਾਂ cases ਦਾ summary trial ਕਰ ਕੇ ਮੁਜਰਮਾਂ ਨੂੰ ਸਖਤ ਤੋਂ ਸਖਤ ਸਜ਼ਾ ਫਾਂਸੀ ਜਾਂ transporation for life ਦੀ ਦਿਤੀ ਜਾਇ। corruption ਨੂੰ ਦੂਰ ਕਰਨ ਲਈ ਕਈ progressive countries ਵਿਚ ਇਹੋ ਜਿਹੀਆਂ ਸਜ਼ਾਵਾਂ ਦਿਤੀਆਂ ਗਈਆਂ ਹਨ।

ਮੇਰੇ ਫਾਜ਼ਲ ਦੋਸਤ ਹੋਰਾਂ ਜਿਹੜੇ ਮੇਰੇ ਤੋਂ ਪਹਿਲਾਂ ਬੋਲੇ ਹਨ ਕਿਹਾ ਹੈ ਕਿ General administration ਉਪਰ ਖਰਚ ਘਟਾਇਆ ਜਾ ਸਕਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਖਰਚ ਨੂੰ ਏਨਾ ਘਟਾ ਦੇਣਾ ਕਿ ਜਿਹਦੇ ਨਾਲ efficiency ਘਟ ਜਾਵੇ advisible ਨਹੀਂ ਹੈ। ਖਰਚ ਉਸੇ ਹਦ ਤਾਈਂ ਘਟਾਇਆ ਜਾਣਾ ਚਾਹੀਦਾ ਹੈ ਜਿਸ ਤਾਈਂ administration ਦੇ ਠੀਕ ਚਲਣ ਵਿਚ ਕੋਈ ਰੁਕਾਵਟ ਨਾਂ ਪਵੇ।

ਹੁਣ ਮੈਂ ਇਕ ਬੜੀ ਜ਼ਰੂਰੀ ਗਲ Chief Minister ਹੋਰਾਂ ਦੇ notice ਵਿਚ ਲਿਆਉਣਾ ਚਾਹੁੰਦਾ ਹਾਂ। District headquarters ਅਤੇ ਤੈਹਸੀਲਾਂ ਵਿਚ ਕੰਮ ਕਰ ਰਹੇ ਛੋਟੇ officials ਲੋਕਾਂ ਨੂੰ ਹਾਲੇ ਵੀ ਤੰਗ ਕਰਦੇ ਹਨ। ਪਿੰਡਾਂ ਦੇ ਅਨਪੜ੍ਹ litigants ਖਾਸ ਤੌਰ ਤੇ ਉਨ੍ਹਾਂ ਕੋਲੋਂ ਬਹੁਤ ਤੰਗ ਆਇ ਹੋਇ ਹਨ। ਜੇ ਉਨ੍ਹਾਂ ਕੋਈ copy ਲੈਣੀ ਹੋਵੇ ਤਾਂ ਉਨ੍ਹਾਂ ਨੂੰ ਕਈ ਕਈ ਦਿਨ ਧੱਕੇ ਖਾਣੇ ਪੈਂਦੇ ਹਨ। ਅਜ ਜਾਣ ਤਾਂ copying agent ਕਹਿੰਦਾ ਹੈ ਕਿ ਪਰਸੋਂ ਔਣਾ। ਪਰਸੋਂ ਜਾਂਦੇ ਹਨ ਤਾਂ ਚਾਰ ਦਿਨ ਪਿਛੋਂ ਦੀ ਤਰੀਕ ਦੇ ਦਿਤੀ ਜਾਂਦੀ ਹੈ। ਜਦੋਂ ਤਕ ਉਸ ਕੋਲੋਂ ਦੋ ਚਾਰ ਰੁਪਏ ਝਾੜ ਨਹੀਂ ਲਏ ਜਾਂਦੇ, copy ਨਹੀਂ ਦਿਤੀ ਜਾਂਦੀ। ਇਹਨਾਂ ਵਾਕਿਆਤ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਜ਼ਿਲੇ ਦੇ ਸਭ offices ਵਿਚ corruption ਚਲ ਰਹੀ ਹੈ। ਸਾਡਾ ਉਥੇ ਰੋਜ਼ ਹੀ ਵਾਹ ਪੈਂਦਾ ਹੈ। ਇਸ ਚੀਜ਼ ਦੇ ਕਾਰਨ ਲੋਕਾਂ ਵਿਚ ਹਾਲਾਂ ਵੀ administration ਵਿਚ ਪੂਰਾ ਵਿਸ਼ਵਾਸ਼ ਪੈਦਾ ਨਹੀਂ ਹੋਇਆ।

ਲੋਕ ਮਹਿਸੂਸ ਕਰਦੇ ਹਨ ਕਿ ਜਦ ਤਾਈਂ ਕੇਸ ਨੂੰ ਜਾਂ ਅਰਜ਼ੀ ਨੂੰ pursue ਨਾਂ ਕੀਤਾ ਜਾਵੇ, ਉਹ ਇਕ table ਤੋਂ ਦੂਜੀ ਤਕ ਨਹੀਂ ਪਹੁੰਚਦੀ। ਲੋਕਾਂ ਨੂੰ

[ਸਰਦਾਰ ਰਾਜਿੰਦਰ ਸਿੰਘ ਗਿਆਨੀ]

ਇਹ ਵਿਸ਼ਵਾਸ ਨਹੀਂ ਕਿ ਕੇਵਲ ਅਰਜ਼ੀ ਦਿਤਿਆਂ ਕੰਮ ਹੋ ਜਾਏਗਾ। public ਵਿਚ ਇਸ ਤਰ੍ਹਾਂ ਦਾ confidence ਤਾਂ ਹੀ ਪੈਦਾ ਹੋ ਸਕਦਾ ਹੈ ਜੇ disposal of receipts ਉਪਰ ਹਰ ਦਫਤਰ ਵਿਚ ਪੂਰਾ ਪੂਰਾ Check ਹੋਵੇ। ਮੈਂ Chief Minister ਸਾਹਿਬ ਦੀ ਤਾਰੀਫ਼ ਕਰਦਾ ਹਾਂ ਕਿ ਉਹਨਾਂ ਇਸ ਸਿਲਸਲੇ ਵਿਚ ਇਕ campaign ਸ਼ੁਰੂ ਕੀਤੀ ਸੀ ਜਿਸਦਾ ਬੜਾ healthy effect ਹੋਇਆ ਸੀ ਤੇ ਸਰਕਾਰੀ ਦਫਤਰਾਂ ਦੀ efficiency ਵਧ ਗਈ ਸੀ।

ਜਦੋਂ ਸਾਡੇ Development Minister ਸਾਹਿਬ ਬਟਵਾਰੇ ਤੋਂ ਪਿਛੋਂ ਬਣਾਈ ਗਈ Ministry ਦੇ ਵਜ਼ੀਰ ਸਨ ਤਾਂ ਉਨ੍ਹਾਂ ਨੇ corruption ਨੂੰ ਦੂਰ ਕਰਨ ਲਈ ਇਕ campaign ਸ਼ੁਰੂ ਕੀਤਾ ਸੀ ਤੇ ਸਰਕਾਰੀ ਕਰਮਚਾਰੀਆਂ ਨੂੰ ਸਮਝਾਇਆ ਸੀ ਕਿ "ਹੁਣ ਹਕੂਮਤ ਤੁਹਾਡੀ ਆਪਣੀ ਹੈ ਤੁਸੀਂ ਸੇਵਾਦਾਰ ਹੋ, ਸੇਵਾ ਦੀ spirit ਵਿਚ ਦੇਸ਼ ਦੀ development ਕਰੋ" ਇਸ ਤਲਕੀਨ ਦਾ ਬੜਾ ਚੰਗਾ ਅਸਰ ਹੋਇਆ ਸੀ ਤੇ ਬਹੁਤ ਸਾਰੇ ਕਰਮਚਾਰੀਆਂ ਨੇ ਰਿਸ਼ਵਤ ਨਾ ਲੈਣ ਦਾ ਪ੍ਰਣ ਕੀਤਾ ਸੀ। ਹੁਣ ਚਾਰ ਪੰਜ ਸਾਲਾਂ ਪਿਛੋਂ ਇਸ ਦਾ ਅਸਰ ਬਹੁਤ ਹਦ ਤਾਈਂ ਜ਼ਾਇਲ ਹੋ ਚੁਕਾ ਹੈ। ਸਰਕਾਰੀ ਕਰਮਚਾਰੀਆਂ ਵਿਚ ਇਕ ਵਾਰੀ ਫੇਰ ਉਹੀ spirit ਪੈਦਾ ਕਰਨ ਦੀ ਲੋੜ ਹੈ।

ਸਪੀਕਰ ਸਾਹਿਬ, ਅੰਤ ਵਿਚ ਮੈਂ ਤੁਹਾਡਾ ਧਨਵਾਦ ਕਰਤਾ ਹਾਂ ਕਿ ਤੁਸੀਂ ਮੈਨੂੰ ਵਕਤ ਦੇ ਕੇ ਆਪਣੇ ਵਿਚਾਰ ਪਰਗਟ ਕਰਨ ਦਾ ਮੌਕਾ ਦਿਤਾ ਹੈ।

ਸ਼੍ਰੀ ਵਧਾਵਾ ਰਾਮ (ਫ਼ਾਜ਼ਿਲਕਾ): ਪ੍ਰਧਾਨ ਜੀ, ਕਹਾਵਤ ਮਸ਼ਹੂਰ ਹੈ ਕਿ ਜੇ ਖੂਹ ਵਿਚ ਗਾਰ ਹੋਵੇ ਤਾਂ ਆਡ ਕਦੇ ਵੀ ਸਾਫ ਨਹੀ ਹੁੰਦਾ। ਸਾਡੇ ਵਜ਼ੀਰ ਸਾਹਿਬ ਵੇਖਣ ਨੂੰ ਤਾਂ ਇੰਜ ਜਾਪਦੇ ਨੇ ਜਿਵੇਂ ਹਰ-ਮਨ ਪਿਆਰੇ ਹਨ ਪਰ ਜਦੋਂ ਇਹ ਪਿੰਡਾਂ ਵਿਚ ਜਾਂਦੇ ਹਨ ਤੇ ਇਕ ਰਾਤ ਇਨ੍ਹਾਂ ਨੂੰ ਉਥੇ ਰਹਿਣਾ ਪੈ ਜਾਏ ਤਾਂ ਇਨ੍ਹਾਂ ਦੀ ਸ਼ਕਲ ਵੇਖਣ ਵਾਲੀ ਹੁੰਦੀ ਹੈ। ਉਪਰੋਂ ਤਾਂ ਇਹ ਬੜਾ ਗਠ-ਜੋੜ ਬਣਾ ਕੇ ਬੈਠੇ ਹਨ ਪਰ ਵਿਚੋਂ ਇਨ੍ਹਾਂ ਦੇ ਆਪਸ ਵਿਚ ਬੜੇ ਤਫਰਕੇ ਹਨ।

ਸਾਡੇ ਵਜ਼ੀਰ ਨਿਤ ਕਹਿੰਦੇ ਹਨ ਕਿ ਉਹ ਸਭ ਲੋਕਾਂ ਲਈ ਇਕੋ ਜਹੇ ਹਨ। ਜੇ ਮੇਰੇ ਹਲਕੇ ਦੇ ਆਦਮੀ ਇਨ੍ਹਾਂ ਨੂੰ ਮਿਲਣ ਆਉਂਦੇ ਹਨ ਕਿ ਚਲੋ

ਪੰਜਾਬ ਦੇ ਵਜ਼ੀਰਾਂ ਦੇ ਮੱਥੇ ਲਗ ਆਈਏ। ਤਾਂ ਇਹ ਉਨ੍ਹਾਂ ਨੂੰ ਪੁਛਦੇ ਹਨ "ਫਾਜ਼ਿਲਕਾ ਤੋਂ ਆਉਣ ਵਾਲਿਓ, ਤੁਸੀਂ ਕਮਯੂਨਿਸਟਾਂ ਦੇ ਪਿਛੇ ਕਿਉਂ ਲੱਗੇ ਫਿਰਦੇ ਹੋ, ਹਕੂਮਤ ਸਾਡੇ ਹਥ ਵਿਚ ਹੈ। ਅਸੀਂ ਤੁਹਾਨੂੰ ਮਾਰ ਜਾਂ ਜਿਵਾ ਸਕਦੇ ਹਾਂ"। ਜਦੋਂ ਉਹ ਲੋਕ ਕਹਿੰਦੇ ਹਨ ਕਿ ਅਸੀਂ ਤੁਹਾਡੇ ਪਿਛੇ ਚਲਨ ਨੂੰ ਤਿਆਰ ਹਾਂ ਜੇਕਰ ਤੁਸੀਂ ਸਾਨੂੰ ਰੋਟੀ ਜਾਂ ਜ਼ਮੀਨ ਦੇ ਦਿਓ, ਪਰ ਇਹ ਸੁਣਕੇ ਸਾਡੇ ਵਜ਼ੀਰ ਚੁਪ ਹੋ ਜਾਂਦੇ ਹਨ।

ਅਰਥ ਮੰਤ੍ਰੀ : ਅਸੀਂ ਉਨ੍ਹਾਂ ਨੂੰ ਚੰਗੀ ਮਤ ਦਿੰਦੇ ਹਾਂ।

ਸ਼੍ਰੀ ਵਧਾਵਾ ਰਾਮ : ਇਹ ਚੰਗੀ ਮਤ ਨਹੀਂ ਸ਼ੁਹਦਾਪਨ ਹੈ।

Shrimati Sita Devi: Is this word parliamentary?

Mr. Speaker: Please withdraw this word.

ਸ਼੍ਰੀ ਵਧਾਵਾ ਰਾਮ: ਚੰਗਾ ਜੀ, ਮੈਂ ਇਹ ਲਫਜ਼ ਵਾਪਸ ਲੈਂਦਾ ਹਾਂ। ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਵਜ਼ੀਰਾਂ ਨੂੰ ਕਮਯੂਨਿਸਟਾਂ ਦੇ ਖਿਲਾਫ਼ war hysteria ਹੋ ਗਿਆ ਹੋਇਆ ਹੈ। ਜੇ ਉਹ ਕੋਈ ਗਲ ਕਰਨੀ ਚਾਹੁੰਦੇ ਹਨ ਤਾਂ ਝਟ ਦਫ਼ਾ ੧੪੪ ਹੇਠ ਲਾਊਡ ਸਪੀਕਰਾਂ ਉਪਰ ਪਾਬੰਦੀ ਲਗ ਜਾਂਦੀ ਹੈ। ਸਾਡੇ ਵਜ਼ੀਰ ਕਹਿੰਦੇ ਹਨ ਕਿ ਉਹ ਪਖਪਾਤ ਨਹੀਂ ਕਰਦੇ। ਮੈਨੂੰ ਤਰੀਕਾਂ ਯਾਦ ਹਨ। ਸਰਦਾਰ ਪਰਤਾਪ ਸਿੰਘ ਹੋਰਾਂ ਦੇ ਜਲਸਾ ਕਰਨ ਤੋਂ ਦੋ ਦਿਨ ਪਿਛੋਂ ਢੰਡੋਰਾ ਕਰਨ ਉਪਰ ਪਾਬੰਦੀ ਲਗਾ ਦਿਤੀ ਗਈ ਸੀ। ਕਿਹਾ ਇਹ ਗਿਆ ਸੀ ਕਿ ਢੰਡੋਰਾ ਦੇਣ ਨਾਲ ਬਚਿੱਆਂ ਤੇ ਬੁਢਿਆਂ ਦੀ ਸਿਹਤ ਉਪਰ ਭੈੜਾ ਅਸਰ ਪੈਂਦਾ ਹੈ।

Minister for Development : I can go and explain things to the people at any time I like.

ਸ਼੍ਰੀ ਵਧਾਵਾ ਰਾਮ: ਜਦੋਂ ਤੁਹਾਡਾ 'ਜਾਣਾ ਮੁਬਾਰਕ' ਹੁੰਦਾ ਹੈ, ਤਾਂ ਕਿੱਸੇ ਨੂੰ ਬਚਿੱਆਂ ਜਾਂ ਬਢਿਆਂ ਦੀ ਸਿਹਤ ਦਾ ਖਿਆਲ ਨਹੀਂ ਰਹਿੰਦਾ। ਜੇ ਅਸੀ ਜਲਸਾ ਕਰਨਾ ਹੁੰਦਾ ਹੈ ਤਾਂ ਬਚਿਆਂ ਬੁਡਿਆਂ ਆਦਿ ਦੇ ਨਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਤਰ੍ਹਾਂ ਦੀ ਕਾਰਵਾਈ ਉਹ ਸਰਕਾਰਾਂ ਕਰਦੀਆਂ ਹਨ ਜਿਨ੍ਹਾਂ ਨੂੰ ਸਿਵਾਏ ਲੋਕਾਂ ਦਾ ਗਲ਼ਾ ਘੁਟਣ ਦੇ ਤੇ ਉਨ੍ਹਾਂ ਨੂੰ ਡੰਡੇ ਦੇ ਜ਼ੋਰ ਨਾਲ ਕਾਬੂ ਰਖਣ ਦੇ ਹੋਰ ਕੋਈ ਕੰਮ ਨਹੀਂ ਹੁੰਦਾ।

[ਸ਼੍ਰੀ ਵਧਾਵਾ ਰਾਮ]

ਪ੍ਰਧਾਨ ਜੀ, ਕੋਈ ਆਦਮੀ ਇਹ ਗਲ ਸਾਬਤ ਕਰ ਦੇਵੇ ਕਿ ਕਮਿਊਨਿਸਟਾਂ ਨੇ ਕਿਸੇ ਆਦਮੀ ਨੂੰ ਪੰਜਾਬ ਵਿਚ ਗੋਲੀ ਨਾਲ ਮਾਰ ਦਿਤਾ ਹੈ। ਮੈਂ ਕਹਿੰਦਾ ਹਾਂ ਕਿ ਉਹ ਤਾਂ ਮਾਰਨ ਜੋਗੇ ਹੀ ਨਹੀਂ ਹਨ। ਮਾਰਨ ਵਾਲੇ ਹੋਰ ਹਨ। ਉਹ ਆਪ ਹੀ ਮਾਰਦੇ ਅਤੇ ਮਰਵਾਉਂਦੇ ਹਨ ਅਤੇ ਨਾਂ ਸਾਡਾ ਲਗਾ ਦੇਂਦੇ ਹਨ ਅਤੇ ਆਪ ਦੇਵਤੇ ਬਣ ਜਾਂਦੇ ਹਨ। ਉਹ ਮਹਾਤਮਾਂ ਗਾਂਧੀ ਦੇ ਆਦਰਸ਼ਾਂ ਦੀ ਪਾਲਣਾ ਨਹੀਂ ਕਰ ਰਹੇ। ਜੇ ਕਰ ਮਹਾਤਮਾਂ ਜੀ ਜ਼ਿੰਦਾ ਹੁੰਦੇ ਤਾਂ ਇਨ੍ਹਾਂ ਨੂੰ ਰੋਕਦੇ ਕਿ ਤੁਸੀਂ ਮੇਰਾ ਨਾਂ ਉਚਾ ਨਹੀਂ ਪਏ ਕਰਦੇ। ਤੁਸੀਂ ਅਜਿਹਾ ਨਾ ਕਰੋ।

ਪ੍ਰਧਾਨ ਜੀ, ਸਾਡੇ ਵਜ਼ੀਰ ਪਖਪਾਤੀ ਦੇ ਪੁਤਲੇ ਹਨ। ਉਨ੍ਹਾਂ ਦੇ ਇਕ ਸਾਥੀ ਹੁਣ ਉਠਕੇ ਬਾਹਿਰ ਚਲੇ ਗਏ ਹਨ। ਮੈਨੂੰ ਖੁਸ਼ੀ ਹੈ ਕਿ ਉਹ ਸੱਚੀ ਗਲ ਕਢਕੇ ਬਾਹਿਰ ਮਾਰਦੇ ਹਨ। ਉਥੇ ਲੋਕਾਂ ਨੂੰ ਕਹਿਣ ਲਗੇ ਕਿ 'ਮੈਂ ਕਬ ਕਾਂਗਰੀਸੀ ਹੂੰ, ਆਪ ਕੇ ਗਾਂਵ ਮੇਂ ਪੀਨੇ ਕਾ ਪਾਨੀ ਨਹੀਂ ਹੈ'। ਮੈਂ ਆਖਿਆ ਕਿ ਬੜਾ ਅੱਛਾ ਹੈ ਕਿ ਤੁਹਾਨੂੰ ਇਹ ਗਲ ਕਹਿਣ ਦੀ ਜੁਰਤ ਹੈ। ਫਿਰ ਉਸ ਪਿੰਡ ਵਿਚ ਲੋਕਾਂ ਨੂੰ ਕਹਿਣ ਲਗੇ ਕਿ ਅਸਾਂ ਵੀ ਆਪਣੇ ਧੜੇ ਦਾ ਆਦਮੀ ਖੜਾ ਕੀਤਾ ਹੈ ਅਤੇ ਕਮਿਊਨਿਸਟਾਂ ਨੇ ਵੀ। ਕਮਿਊਨਿਸਟਾਂ ਦਾ ਆਦਮੀ ਵੀ ਤੁਹਾਡੀਆਂ ਮੰਗਾਂ ਸਰਕਾਰ ਦੇ ਸਾਹਮਣੇ ਰਖੇਗਾ ਅਤੇ ਸਾਡਾ ਆਦਮੀ ਵੀ ਰਖੇਗਾ। ਲੇਕਿਨ ਉਨ੍ਹਾਂ ਦੇ ਧੜੇ ਦੇ ਆਦਮੀ ਦੀ ਗੱਲ ਨਹੀਂ ਮੰਨੀ ਜਾਵੇਗੀ ਅਤੇ ਸਾਡੇ ਧੜੇ ਦੇ ਆਦਮੀ ਦੀ ਗਲ ਮੰਨੀ ਜਾਵੇਗੀ ਇਸ ਕਰਕੇ ਉਨ੍ਹਾਂ ਨੂੰ ਵੋਟ ਦੇ ਕੇ ਆਪਣੇ ਵੋਟ ਖਰਾਬ ਨਾ ਕਰੋ। ਇਸੇ ਤਰ੍ਹਾਂ ਜਦੋਂ ਲੁਹੀਆਂ ਸਰਵਰ ਦੀ ਸੀਟ ਖਾਲੀ ਹੋਈ ਤਾਂ ਚੀਫ ਮਨਿਸਟਰ ਸਾਹਿਬ ਉਥੇ ਗਏ ਅਤੇ ਭਾਸ਼ਣ ਦੇਣ ਲਗੇ। ਉਨ੍ਹਾਂ ਨੇ ਕਿਹਾ ਕਿ ਹਕੂਮਤ ਦੀਆਂ ਚਾਬੀਆਂ ਮੈਂ ਚੌਧਰੀ ਤੇਗ ਰਾਮ ਦੇ ਹੱਥ ਵਿਚ ਦੇ ਚਲਿਆ ਹਾਂ। ਕੋਈ ਕੰਮ ਕਰਵਾਉਣਾ ਜਾਂ ਨਾਂ ਕਰਵਾਉਣ ਸਭ ਉਸ ਦਾ ਇਖਤਿਆਰ ਹੀ ਹੋਵੇਗਾ।

ਪ੍ਰਧਾਨ ਜੀ, ਤੁਸੀਂ ਸੁਣਕੇ ਹੈਰਾਨ ਹੋਵੋਗੇ ਕਿ 1949-50 ਵਿਚ ਥਾਣੇਦਾਰ ਸਾਡੀਆਂ ਦੋ ਤਿੰਨ ਜੋਗਾਂ ਬਲਦਾਂ ਦੀਆਂ ਤੇ ਕੁਝ ਮੱਝੀਂ ਵੀ ਲੈ ਗਿਆ ਸੀ। ਸਾਰ ਪਿੰਡ ਜਾਣਦਾ ਹੈ। ਅਸਾਂ ਕਈ ਸ਼ਿਕਾਇਤਾਂ ਕੀਤੀਆਂ। ਸਰਦਾਰ ਪਰਤਾਪ ਸਿੰਘ ਜੀ ਅੱਗੇ ਵੀ ਅਰਜ਼ ਕੀਤੀ। ਅਸੀਂ ਕੋਈ ਵਡਾ ਸਰਕਾਰੀ ਕਰਮਚਾਰੀ ਨਹੀਂ ਛਡਿਆ ਜਿਸ ਨੂੰ ਨਾ ਕਿਹਾ ਹੋਵੇ। ਲੇਕਿਨ ਉਨ੍ਹਾਂ ਨੇ ਡਕਾਰ ਤਕ ਨਹੀਂ ਲਿਆ। ਕਹਿੰਦੇ ਸਨ ਹੋਰ ਦਰਖਾਸਤ ਦੇ ਦਿਉ। ਹੋਰ ਦਿਤੀ ਲੇਕਿਨ ਪਰਨਾਲਾ ਉਥੇ ਦਾ ਉਥੇ ਹੀ ਹੈ। ਇਹ ਸਲੂਕ ਹੈ ਜਿਹੜਾ ਕਿ ਸਾਡੇ ਨਾਲ ਇਹ ਲੋਗ ਕਰਦੇ ਹਨ।

ਪ੍ਰਧਾਨ ਜੀ, ਅਗਲੀ ਗਲ ਇਹ ਹੈ ਕਿ ਸਾਡੀ ਸਰਕਾਰ ਦਿਨ ਬ ਦਿਨ ਪੁਲਿਸ ਨੂੰ ਮਜ਼ਬੂਤ ਕਰਦੀ ਜਾਂਦੀ ਹੈ। ਪਤਾ ਨਹੀਂ ਉਨ੍ਹਾਂ ਨੂੰ ਕਾਹਦਾ ਖਤਰਾ ਹੈ। ਗੰਢ ਵਾਲੇ ਪਿੰਡ ਵਾਲਿਆਂ ਨੇ ਦੂਸਰੇ ਪਿੰਡਾਂ ਦੀ ਸ਼ਿਕਾਇਤ ਕੀਤੀ ਤਾਂ ਕਰਮਚਾਰੀਆਂ ਨੇ ਉਲਟਾ ਉਸੇ ਪਿੰਡ ਵਿਚ ਪੁਲੀਸ ਦੀ ਚੌਕੀ ਬਿਠਾ ਦਿਤੀ। ਇਸੇ ਤਰ੍ਹਾਂ ਇਕ ਤਰਖਾਨ ਵਾਲਾ ਪਿੰਡ ਹੈ। ਉਥੇ ਮੁਸਲਮਾਨਾਂ ਦੇ ਵਕਤ ਦੀ ਚੌਕੀ ਬੈਠੀ ਹੋਈ ਹੈ। ਸੋ ਜਿਨ੍ਹਾਂ ਕਰਕੇ ਇਹ ਚੌਕੀ ਬਿਠਾਈ ਗਈ ਸੀ ਉਹ ਤੇ ਇਥੋਂ ਜਾ ਚੁਕੇ ਹਨ ਅਤੇ ਨਵੇਂ ਰਿਫਿਊਜੀ ਆਕੇ ਆਬਾਦ ਹੋ ਗਏ ਹਨ ਪਰ ਚੌਕੀ ਦਾ ਖਰਚ ਉਨ੍ਹਾਂ ਨੂੰ ਵੀ ਦੇਣਾ ਪੈ ਰਿਹਾ ਹੈ। ਪ੍ਰਧਾਨ ਜੀ,ਸਾਰੇ ਪੰਜਾਬ ਵਿਚ 17 ਚੌਕੀਆਂ ਹਨ ਉਨ੍ਹਾਂ ਵਿਚੋਂ 12 ਚੌਕੀਆਂ ਪੁਲਿਸ ਦੀਆਂ ਸਾਨੂੰ ਬਖਸ਼ੀਆਂ ਹੋਈਆਂ ਹਨ। ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਭਈ ਫ਼ਲਾਣੇ ਫੁਲਾਣੇ ਕਮਿਊਨਿਸਟ ਤੁਹਾਡੇ ਕੋਲ ਰਹਿੰਦੇ ਹਨ ਜਦ ਤਕ ਉਹ ਇਥੇ ਹਨ ਅਤੇ ਤੁਹਾਨੂੰ ਮਿਲਦੇ ਜੁਲਦੇ ਹਨ ਉਦੋਂ ਤਕ ਚੌਕੀਆਂ ਕਿਸਤਰ੍ਹਾਂ ਹਟ ਸਕਦੀਆਂ ਹਨ।

ਪ੍ਰਧਾਨ ਜੀ, ਫਿਰ ਇਹ ਕਹਿੰਦੇ ਹਨ ਕਿ ਅਸੀਂ ਤਾਕਤਾਂ ਖਲਾਰ ਰਹੇ ਹਾਂ। decentralise ਕਰ ਰਹੇ ਹਾਂ। ਸਾਰੀਆਂ powers ਪੰਚਾਇਤਾਂ ਨੂੰ ਦੇ ਰਹੇ ਹਾਂ। ਜਦੋਂ ਪੰਚ ਚੁਣੇ ਜਾਂਦੇ ਹਨ ਪੁਲਿਸ ਵਾਲੇ ਉਨ੍ਹਾਂ ਨੂੰ ਮਾਰ ਮਾਰ ਕੇ ਲੰਮਾ ਪਾ ਦਿੰਦੇ ਹਨ। ਇਸੇ ਸਿਲਸਲੇ ਵਿਚ ਮੈਂ ਇਕ ਪੰਜਾਂ ਸਤਾਂ ਦਿਨਾਂ ਦੀ ਗਲ ਦਸਣਾ ਚਾਹੁੰਦਾ ਹਾਂ। ਸਰਦਾਰ ਅਰਜਨ ਸਿੰਘ ਪਿੰਡ ਦਾ ਪੰਚ ਹੈ ਉਹਨੇ ਮੱਝੀਆਂ ਰਖੀਆਂ ਹੋਈਆਂ ਹਨ। ਉਸ ਦੀ ਇਕ ਮੱਝ ਬੀਮਾਰ ਸੀ ਅਤੇ ਉਹ ਦਵਾਈ ਲੇ ਕੇ ਆ ਰਿਹਾ ਸੀ। ਰਸਤੇ ਵਿਚ ਉਸਨੂੰ ਥਾਣੇਦਾਰ ਮਿਲ ਪਿਆ ਅਤੇ ਉਹਨੇ ਸਰਦਾਰ ਅਰਜਨ ਸਿੰਘ ਨੂੰ ਕੁਟਣਾ ਸ਼ੁਰੂ ਕਰ ਦਿਤਾ। ਉਸਨੇ ਕਿਹਾ ਕਿ ਜਨਾਬ ਤੁਸਾਂ ਮਾਰ ਤੇ ਮੈਨੂੰ ਲਿਆ ਹੈ ਪਰ ਮੈਨੂੰ ਇਹ ਦਸੋ ਕਿ ਮੇਰਾ ਕਸੂਰ ਕੀ ਹੈ ? ਉਹ ਕਹਿਣ ਲਗਾ ਕਿ ਉਏ ਤੈਨੂੰ ਪਤਾ ਨਹੀਂ ਕਿ ਮੈਂ ਥਾਣੇਦਾਰ ਹਾਂ। ਤੂੰ ਮੈਨੂੰ ਵੇਖਕੇ ਸਲਾਮ ਕਿਉਂ ਨਹੀਂ ਕੀਤਾ ਇਹ ਹਾਲ ਉਨ੍ਹਾਂ ਪੰਚਾਇਤਾਂ ਦੇ ਪੰਚਾਂ ਦਾ ਹੈ ਜਿਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਹੋਰ ਤਾਕਤ ਦਿਤੀ ਗਈ ਹੈ।

ਪ੍ਰਧਾਨ ਜੀ, ਜਦੋਂ ਸਾਡੇ ਵਜ਼ੀਰ ਬਾਹਿਰ ਦੌਰੇ ਤੇ ਜਾਂਦੇ ਹਨ ਤਾਂ ਆਪਣੇ ਆਦਮੀਆਂ ਦੀ ਬੜੀ ਹਵਾ ਬਨ੍ਹਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਅਫਸਰ ਵੀ ਕਹਿੰਦੇ ਹਨ ਕਿ ਭਈ ਫੁਲਾਣਾ ਕਾਂਗ੍ਰਸੀ ਹੈ ਉਸਦਾ ਕਹਿਣਾ ਜ਼ਰੂਰ ਮਨੋ। ਦੂਜੇ ਪਾਸੇ ਸਾਡੀ ਗਲ ਭਾਵੇਂ ਸਚੀ ਵੀ ਹੋਵੇ ਤਾਂ ਵੀ ਸਾਡੀ ਕੋਈ ਨਹੀਂ ਮੰਨਦਾ। ਵਜ਼ੀਰ

[ਸ੍ਰੀ ਵਧਾਵਾ ਰਾਮ]

ਉਨ੍ਹਾਂ ਕਾਂਗ੍ਰਸੀਆਂ ਕੋਲ ਜਾ ਕੇ ਠਹਿਰਦੇ ਹਨ ਜਿਹੜੇ ਉਨ੍ਹਾਂ ਦੇ ਆਪਣੇ ਆਦਮੀ ਹਨ ਉਹ ਭਾਂਵੇਂ ਉਨ੍ਹਾਂ ਨੂੰ ਜਾਗੀਰਦਾਰਾਂ ਕੋਲ ਵੀ ਲੈ ਜਾਨ ਤਾਂ ਵਜ਼ੀਰ ਓਨ੍ਹਾਂ ਕੋਲ ਜਾਂਦੇ ਹਨ। ਜਿਥੋਂ ਉਹ ਕਹਿਣ ਓਥੋਂ ਹੀ ਓਹ ਰੋਟੀ ਖਾਂਦੇ ਹਨ। ਪ੍ਰਧਾਨ ਜੀ, ਆਪਣੇ ਆਦਮੀਆਂ ਦੀ ਉਹ ਹਵਾ ਬਨ੍ਹਦੇ ਹਨ ਕਿ ਬਲ਼ੇ ਬਲ਼ੇ। ਲੋਗ ਕਹਿੰਦੇ ਹਨ ਕਿ ਯਾਰ ਫੁਲਾਨਾ ਕਾਂਗ੍ਰਸੀ ਹੈ ਉਸ ਦੀ ਮਿੰਨਤ ਕਰੋ ਤਾਂ ਕੰਮ ਸਿਰ ਚੜ੍ਹੇਗਾ। ਫਾਜ਼ਿਲਕਾ ਦੇ ਇਕ ਕਾਂਗ੍ਰਸੀ ਨੂੰ ਜਿਸ ਦੀ ਜ਼ਮਾਨਤ ਵੀ ਮਿਊਂਸਪਲਟੀ ਦੀਆਂ ਚੋਣਾਂ ਵਿਚ ਜ਼ਬਤ ਹੋ ਗਈ ਸੀ, ਪਰ ਸਰਕਾਰ ਨੇ ਉਸ ਨੂੰ ਡਿਸਟ੍ਰਿਕਟ ਬੋਰਡ ਲਈ ਨਾਮਜ਼ਦ ਕਰ ਦਿਤਾ। ਇਕ ਹੋਰ ਆਦਮੀ ਨੂੰ ਵੀ ਇਸੇ ਤਰ੍ਹਾਂ ਨਾਮਜ਼ਦ ਕਰ ਦਿਤਾ ਗਿਆ। ਸਾਡੇ ਸਾਮ੍ਹਣੇ ਬੈਠੇ ਦੋਸਤ ਆਪਣੇ ਧੜੇ ਦੇ ਆਦਮੀਆਂ ਨੂੰ ਬੜਾ ਚੁਕਦੇ ਹਨ। ਇਹ ਮਵਾਦ ਪਕ ਰਿਹਾ ਹੈ ਜਿਹੜਾ ਕਿਸੇ ਨਾ ਕਿਸੇ ਦਿਨ ਫੁਟੇਗਾ। ਅਸੀਂ ਕਹਿੰਦੇ ਹਾਂ ਕਿ ਉਹ ਤਰੀਕਾ ਕਰੋ ਜਿਸ ਦੇ ਨਾਲ ਮੁਲਕ ਦੀ ਸੇਵਾ ਹੋਵੇ। ਕਾਂਗ੍ਰਸੀਆਂ ਨੂੰ ਇਹ ਇਸ ਤਰ੍ਹਾਂ ਚੁਕਦੇ ਹਨ ਜਿਵੇਂ ਕਿ ਲੋਕ ਆਖਿਆ ਕਰਦੇ ਸਨ ਕਿ ਇਹ ਸੈਯਦ ਦੇ ਬੱਚੇ ਹਨ ਇਨ੍ਹਾਂ ਨੂੰ ਕੁਝ ਨਹੀਂ ਕਹਿਣਾ। ਇਸੇ ਤਰ੍ਹਾਂ ਲੋਕ ਕਾਂਗ੍ਰਸੀਆਂ ਕੋਲੋਂ ਡਰਦੇ ਹਨ ਕਿ ਕਿਧਰੇ ਡਿਪਟੀ ਕਮਿਸ਼ਨਰ ਨਾਰਾਜ਼ ਨਾ ਹੋ ਜਾਵੇ।

ਪ੍ਰਧਾਨ ਜੀ, ਹੁਣ ਮੈਂ corruption ਦੇ ਬਾਰੇ ਵਿਚ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਜੇਲਾਂ ਵਿਚ ਇਕ warder ਜੇਲ ਦੇ ਦਰਵਾਜ਼ੇ ਦੇ ਅਗੇ ਰਖਿਆ ਹੋਇਆ ਹੁੰਦਾ ਹੈ। ਉਸਦੀ ਡਿਊਟੀ ਸਭ ਦੀ ਤਲਾਸ਼ੀ ਲੈਣੀ ਹੁੰਦੀ ਹੈ। ਲੇਕਨ ਉਹ Superintendent ਦੀ ਤਲਾਸ਼ੀ ਨਹੀਂ ਲੈਂਦਾ। ਜੇਕਰ ਉਹ ਦਰਬਾਨ ਚੌਥੇ ਪੰਜਵੇ ਦਿਨ Superintendent ਦੇ ਬਚਿਆਂ ਨੂੰ ਸਿਨੇਮੇ ਨਹੀਂ ਲੈ ਜਾਂਦਾ ਤਾਂ ਉਹ ਉਸ ਨੂੰ ਬਦਲਕੇ ਐਸੀ ਜਗਹ ਉਪਰ ਲਗਾ ਦਿੰਦਾ ਹੈ ਜਿਥੇ ਕਿ ਉਹ ਪੈਸੇ ਨਾ ਕਮਾ ਸਕੇ। ਇਸ ਤਰ੍ਹਾਂ ਇਹ ਰਿਸ਼ਵਤ ਦਾ ਸਿਲਸਿਲਾ ਬਦਸਤੂਰ ਕਾਇਮ ਹੈ। ਇਹੋ ਹਾਲ ਸਾਡੇ ਵਜ਼ੀਰਾਂ ਦਾ ਹੈ। ਇਹ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ। ਮੈਂ ਡਰਦਾ ਹਾਂ ਕਿ ਕਿਧਰੇ ਉਨ੍ਹਾਂ ਦਾ ਹਾਲ ਵੀ ਬੰਗਾਲ ਦੇ ਅਮੀਨੁ ਦੀਨ ਵਾਂਗੂੰ ਨਾ ਹੋਵੇ। ਉਸ ਦਾ ਹੁਣ ਕੱਖ ਵੀ ਨਹੀਂ ਰਿਹਾ। ਇਸ ਕਰਕੇ ਮੈਂ ਇਹ ਗਲ ਉਨ੍ਹਾਂ ਦੇ ਭਲੇ ਲਈ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਆਪਣਾ ਵਰਤਮਾਨ ਰਵਈਆ ਛਡ ਦੇਣਾ ਚਾਹੀਦਾ ਹੈ।

ਆਖਿਰ, ਪ੍ਰਧਾਨ ਜੀ, ਪੰਜਾਬ ਇਕ ਸਰਹੱਦੀ ਸੂਬਾ ਹੈ। ਇਸ ਦੀ ਹਿਫਾਜ਼ਤ ਕੀਹ ਪੋਲੀਸ ਕਰੇਗੀ? ਕਦੀ ਨਹੀਂ! ਇਹ ਕੰਮ ਤਾਂ ਮਿਲਟਰੀ ਦਾ ਹੈ ਜਿਸ ਪੁਰ ਸਾਰਾ ਖਰਚ ਕੇਂਦਰੀ ਸਰਕਾਰ ਕਰਦੀ ਹੈ। ਪ੍ਰਧਾਨ ਜੀ, ਸਚਮੁਚ ਜੇ ਇਨ੍ਹਾਂ ਦੇ ਦਿਲਾਂ ਵਿਚ ਲੋਕਾਂ ਲਈ ਭਲਾਈ ਦਾ ਕੋਈ ਖਿਆਲ ਹੈ ਤਾਂ ਉਨ੍ਹਾਂ ਦੀ ਰਖਿਆ ਇਨ੍ਹਾਂ ਨੂੰ ਕਰਨੀ ਚਾਹੀਦੀ ਹੈ ਜਿਹੜੇ ਕਿ ਬਾਰਡਰ ਉਤੇ ਮਰ ਰਹੇ ਹਨ। ਉਨ੍ਹਾਂ ਦੇ ਟਬਰ ਟੋਰਾਂ ਨੂੰ ਕੋਈ ਮਦਦ ਦੇਣ ਜਿਹੜੇ ਵਿਚਾਰੇ ਉਧਰੋਂ ਪਾਕਿਸਤਾਨ ਵਲੋਂ ਹੋਣ ਵਾਲੇ ਇਕੇ ਦੁਕੇ ਹਮਲਿਆਂ ਕਰਕੇ ਮਾਰੇ ਜਾਂਦੇ ਹਨ। ਹਰ ਦੂਜੇ ਚੌਥੇ ਦਿਨ ਕੋਈ ਨ ਕੋਈ ਵਾਕਿਆ ਬਾਰਡਰ ਤੇ ਹੋ ਜਾਂਦਾ ਹੈ। ਅਜੇ ਪੰਜ ਦਸ ਦਿਨ ਹੀ ਹੋਇ ਹਨ, ਪ੍ਰਧਾਨ ਜੀ, ਜੋ ਇਕ ਆਦਮੀ ਨੂੰ ਪਾਕਿਸਤਾਨ ਵਾਲੇ ਸਾਡੇ ਇਲਾਕੇ ਵਿਚੋਂ ਚੁਕ ਕੇ ਲੈ ਗਏ ਤੇ ਉਸ ਨੂੰ ਮਾਰ ਕੇ ਉਸ ਦੀ ਲਾਸ਼ ਵਾਪਸ ਕਰ ਦਿਤੀ। ਕੀਹ, ਮੈਂ ਪੁਛ ਸਕਦਾ ਹਾਂ ਕਿ ਉਨ੍ਹਾਂ ਦੀ ਹਿਫਾਜ਼ਤ ਕਰਨਾ ਤੇ ਉਨ੍ਹਾਂ ਦੇ ਬਾਲ ਬਚਿਆਂ ਅਤੇ ਟਬਰ ਟੋਰ ਦਾ ਖਿਆਲ ਕਰਨਾ ਸਰਕਾਰ ਦੀ ਜ਼ਿਮੇਦਾਰੀ ਨਹੀਂ? ਇਸੇ ਤਰ੍ਹਾਂ ਦੀਆਂ ਕਈ ਹੋਰ ਛੋਟੀਆਂ ਛੋਟੀਆਂ ਵਾਰਦਾਤਾਂ ਹਰ ਰੋਜ਼ ਹੁੰਦੀਆਂ ਰਹਿੰਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਉਨ੍ਹਾਂ ਦੇ ਬਾਲ ਬਚਿਆਂ ਦੀ ਹਿਫਾਜ਼ਤ ਦਾ ਪ੍ਰਬੰਧ ਕਰੇ ਅਤੇ ਉਨ੍ਹਾਂ ਦ ਖਰਚ ਲਈ ਵਜ਼ੀਫੇ ਲਗਾਇ। ਅਸਲੀ ਮਦਦ ਦੇ ਹਕਦਾਰ ਇਹੋ ਜਿਹੇ ਲੋਕੀ ਹਨ। ਬਾਕੀ ਤਾਂ ਜਿਨ੍ਹਾਂ ਨੂੰ ਮਦਦ ਦਿਤੀ ਜਾਂਦੀ ਹੈ ਉਹ ਤਾਂ ਨਿਰਾ ਸਿਆਸੀ ਢੋਂਗ ਅਤ ਆਡੰਬਰ ਹੈ। ਇਸ ਲਈ, ਮੈਂ ਇਹ ਕਹੇ ਬਿਨਾ ਨਹੀਂ ਰਹਿ ਸਕਦਾ ਪ੍ਰਧਾਨ ਜੀ, ਕਿ ਸਾਡੀ ਅਜ ਦੀ ਸਰਕਾਰ ਨੂੰ ਜ਼ਰੂਰ ਆਪਣੀ ਨੀਤੀ ਬਦਲਣੀ ਚਾਹੀਦੀ ਹੈ, ਨਹੀਂ ਤਾਂ ਮੈਨੂੰ ਯਕੀਨ ਹੈ ਕਿ ਇਹ ਔਖੇ ਹੋਣਗੇ।

ਇਸ ਤੋਂ ਇਲਾਵਾ, ਪ੍ਰਧਾਨ ਜੀ, ਇਹ ਕਿਹਾ ਗਿਆ ਹੈ ਕਿ ਸਾਡੇ ਮੈਜਿਸਟ੍ਰੇਟ ਬੜੇ ਸੁਚਜੇ ਹੋ ਗਏ ਹਨ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਹ ਨਿਰੀਆਂ ਡੀਗਾਂ ਹੀ ਹਨ। ਅਜ ਵੀ ਗਰੀਬਾਂ ਨੂੰ ਕੋਈ ਇਨਸਾਫ਼ ਨਹੀ ਮਿਲਦਾ। ਬੜੇ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਲੋਕਾਂ ਨਾਲ ਅਦਾਲਤਾਂ ਵਿਚ ਬੜਾ ਧਕਾ ਕੀਤਾ ਜਾਂਦਾ ਹੈ। ਤਿੰਨ ਚਾਰ ਵਾਰੀ ਤਰੀਕਾਂ ਪਾਣ ਦੇ ਬਾਅਦ ਜਦੋਂ ਵਿਚਾਰਾ ਆਦਮੀ ਅਦਾਲਤੀ ਪੇਸ਼ੀ ਭੁਗਤਣ ਲਈ ਉਥੇ ਜਾਂਦਾ ਹੈ ਤਾਂ ਉਸ ਨੂੰ ਪੁਛਿਆ ਜਾਂਦਾ ਹੈ ਕਿ ਤੂੰ ਇਥੇ ਕਰਨ ਕੀਹ ਆਇਆ ਏਂ? ਵਾਰੇ ਵਾਰੇ ਜਾਈਏ ਇਸ ਗਵਰਨਮੈਂਟ ਦੇ ਇਨ੍ਹਾਂ ਤਰੀਕਿਆਂ ਤੋਂ।

ਫਿਰ, ਪ੍ਰਧਾਨ ਜੀ, ਝੂਠ ਅਤੇ ਰਿਸ਼ਵਤ ਦਾ ਤੇ ਕਹਿਣਾ ਈ ਕੀ? ਜੇ ਕਿਸੇ ਦੀ ਜ਼ਮਾਨਤ ਵੀ ਦਿਵਾਉਣੀ ਹੋਵੇ ਤਾਂ ਵੀ ਜਿਨਾਂ ਚਿਰ ਉਨ੍ਹਾਂ ਦੇ ਹੱਥ

[ਸ੍ਰੀ ਵਧਾਵਾ ਰਾਮ]

ਗਰਮ ਨਾ ਕੀਤੇ ਜਾਨ ਮੈਜਿਸਟ੍ਰੇਟ ਇਸ ਨੂੰ ਮਨਜ਼ੂਰ ਹੀ ਨਹੀਂ ਕਰਦੇ । ਇਹ ਮਨਦੇ ਹਾਂ ਕਿ ਉਹ ਆਪ ਸਿਧੇ ਰਿਸ਼ਵਤ ਨਹੀਂ ਲੈਂਦੇ । ਪਰ ਉਹ ਆਪਣੇ ਮੁਣਸ਼ੀਆਂ ਦੀ ਰਾਹੀਂ ਇਹ ਕੰਮ ਕਰਾਉਂਦੇ ਹਨ । ਮੈਨੂੰ ਪ੍ਰਧਾਨ ਜੀ ਬੜੇ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਖੁਦ ਕਾਂਗਰਸੀ ਵਕੀਲਾਂ ਕੋਲੋਂ ਜਦੋਂ ਮੈਂ ਇਹ ਪੁਛਿਆ ਕਿ ਤੁਸੀ ਕਿਉਂ ਇਸ ਚੀਜ਼ ਨੂੰ ਹੋਣ ਦਿੰਦੇ ਹੋ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਤਾਂ ਇਕ ਤਰ੍ਹਾਂ ਦਾ ਰਿਵਾਜ ਹੀ ਹੋ ਗਿਆ ਹੈ ਕਿ ਜਦੋਂ ਤਿਕਣ ਦੋ ਚਾਰ ਰੁਪਈਏ ਦਿਤੇ ਨਾ ਜਾਣ ਨਕਲ ਵੀ ਲੈਣੀ ਮੁਸ਼ਕਿਲ ਹੋ ਜਾਂਦੀ ਹੈ । ਇਸ ਲਈ ਜਦੋਂ ਕਾਂਗਰਸੀ ਵਕੀਲ ਅਤੇ ਡਿਸਟ੍ਰਿਕਟ ਬੋਰਡ ਦੇ ਮੈਂਬਰ ਵੀ ਇਸ ਤਰ੍ਹਾਂ ਨਾਲ ਉਸ ਰਿਵਾਜ ਨੂੰ ਚਲਾਈ ਜਾਂਦੇ ਹੋਣ ਤਾਂ ਇਹ ਸਿਲਸਿਲਾ ਕਿਵੇਂ ਦੂਰ ਹੋ ਸਕਦਾ ਹੈ ।

श्री नानहू राम (गोहाना) : स्पीकर साहिब, आपने जो मुझे बोलने के लिये टाईम दिया है इस के लिये मैं आप का शुकरिया अदा करता हूं । मैं हाऊस की जानकारी के लिये यह बता देना चाहता हूं कि मैं यहां ज़िला रोहतक के गोहाना हल्के की नुमाइन्दगी करता हूं । इस लिये जिन दो गांव—राबड़ा और जागसी—के मुतअल्लिक मेरे मुख्तलिफ भाइयों ने पुलिस के मुज़ालम की झूठी और फ़र्ज़ी कहानियां इस हाऊस के अन्दर सुनाई उन के बारे में कुछ हकीकत आप के रूबरू रखना चाहता हूं ।

पंडित श्री राम शर्मा जो कि हमारे ज़िला के मोहतरम और बुजुर्ग नेता हैं, ने भी अपनी तकरीर के दौरान में इस बात को माना था कि जब ज़िला के हालात बिगड़ गये थे, उसी वक्त पुलिस ने कार्यवाही शुरु की । इस के इलावा दूसरे भाइयों ने और चौधरी मामचंद जी वगैरा ने अपनी तकरीरों में जो कुछ भी क्यों न कहा हो मगर इस बात से इनकार नहीं किया जा सकता कि उन्हों ने यह बखूबी तसलीम किया है कि इन गांव में डाकुओं के गिरोहों ने अंधेर गर्दी मचा रखी थी और हालात इतनी नाजुक सूरत इख्तयार कर चुके थे कि पुलिस को कार्यवाही करने पर मजबूर होना पड़ा ।

इन परेशानकुन हालात से हमारे कम्यूनिस्ट भाइयों ने फ़ायदा उठाया । वह वहां गांव में गये और कई किस्म की फ़र्जी कहानियां घड़ लीं । उन का तो यह असूल ही है कि 99 बार खूब झूठ बोला जाये क्योंकि उन का विश्वास है कि 100 वीं दफ़ा तो वह झूठ भी सच बन जायेगा । इस लिये अपने इस असूल पर काम करते हुए उन्हों ने कई प्रकार के झूठ घड़े, फ़र्ज़ी कहानियां तैयार कीं । मैं, स्पीकर साहिब, खुले तौर पर यह बताना चाहता हूं कि किसी असली औरत की बेइज्ज़ती तो वहां पर कोई नहीं हुई । हां अगर उन्हों ने कोई नकली औरतें बनाई हुई हों और उन की अस्मतदरी हुई हो, तो मैं कुछ नहीं कह सकता ।

इस बात से इनकार नहीं किया जा सकता कि पुलिस ने तभी अपनी कार्यवाही शुरु की जब हालात बहुत ही खराब हो चुके थे और पानी सिर के ऊपर से गुज़र चुका डाकुओं ने

ने दिन दिहाड़े अंधेर मचा रखा था और वहां के अमन और कानून को ताक पर रख दिया था। मैं इस सम्बन्ध में केवल एक मिसाल आप के सामने रखता हूं। रावड़ा गांव के अन्दर एक नाबालग लड़के को हेमराज डाकू ने गोद में लिया। यानी उसे मुतबन्ना बनाया। यह सारी चीज़ वहां सभी के सामने हुई, किसी को उस के खिलाफ कुछ कहने की जुरत न थी—इतनी दहशत फैला रखी थी उस ने वहां। खूब शराब के दौर चले, हलवे बने और खीरें पकाई गईं। उस function के दौरान हेमराज ने उस लड़के से वाईदा लिया और कहा कि अगर मैं गिरफ्तार हो गया या मारा गया तो मेरे इस काम की जिम्मेदारी तुमने अपने सिर पर लेनी है और इसे आगे बढ़ाना है। सो हालात इतने खराब हो चुके थे कि किसान अपने खेतों में जाने से डरते थे। जब उन की बारी आती थी खेतों में पानी देने की तो वे डरते, यह भी नहीं कर सकते थे क्योंकि उन्हें अपनी जान का खतरा था। इलाके में इतना डर पैदा हो चुका था कि लोग दिन में भी अकेले सफ़र करते डरते थे। दिन दिहाड़े वहां पर कत्ल हो रहे थे। लोगों को जिन्दा जला दिया जाता था; दरख्तों से बांध कर गोली से उड़ाया जाता था। कई हज़ारों के मजमे में से चौधरी रिज़क राम के मुन्शी को पकड़ कर बाहर जाकर मारा गया। जब हालात इस कदर खराब हो गये तो क्या पुलिस कार्यवाही न करती? क्या पुलिस कम्यूनिस्टों की खड़ी की हुई इस conspiracy के सामने घुटने टेक देती? क्या गवर्नमैण्ट अपने सूबे के एक हिस्से में इस तरह के हालात को जारी रहने देती? हमारे कम्यूनिस्ट भाई तो फ़र्ज़ी कहानियां बना कर लोगों को गुमराह करना चाहते थे। वे तो चाहते थे कि रोहतक के इन हिस्सों में एक दूसरा तिलंगाना बनाया जाये और इस प्रकार हकूमत को बदनाम किया जाये। लेकिन मैं स्पीकर साहिब, आप के द्वारा इन भाइयों को वाजेया तौर पर यह बताना चाहता हूं कि जब तक यह हकूमत की बागडोर हमारी इस कांग्रेसी सरकार के हाथ में है, हम उन की इन चालों को कभी भी सफ़ल नहीं होने देंगे। हम कभी भी यह बरदाश्त नहीं कर सकते कि बलवाई लोग कानून को अपने हाथों में लेकर देश में बेचैनी पैदा करें और पंजाब में एक दूसरा तिलंगाना बना दें। (तालियां)।

स्पीकर साहिब, मैं आप के सामने इसी लिये कुछ कहने के लिये खड़ा हुआ हूं कि असली हालात पर रौशनी डालूं। स्पीकर साहिब, मेरे मोहतरिम भाई और बुज़ुर्ग नेता पंडित श्री राम शर्मा ने चैलेंज (challenge) किया है। मैं ने तो, प्रधान जी उन के चैंलिजं को सन् 1951-52 में ही कबूल कर लिया था। लेकिन अब मैं आप के द्वारा उन नेता को अपना यह चैलेंज पहुंचाना चाहता हूं कि मैंने तो उस वक्त उन का चैलेंज मंज़ूर किया था। अब वह मेरा चैलैंजं मंज़ूर करें कि अब जबकि मनिस्ट्री में न रहने के कारण वह अप्पोज़ीशन में चले गये हैं और कांग्रेस से भी निकल गये हैं, अपनी असैम्बली की सीट से भी अस्तीफा दे कर दोबारा इलैकशन के मैदान में आएं। मैं चैलैंजं करता हूं कि उन सारे के सारे आठों भाइयों को, जो कि कांग्रेस के नाम पर इस असैम्बली में चुने गये थे, कि वे अपनी सीटों से अस्तीफा दे कर दोबारा चुनाव लड़ें। मुझे यकीन है कि उन्हें अच्छी तरह से आटे दाल का भाव मालूम हो जायगा। (तालियां)।

स्पीकर साहिब, मैं आप को बताना चाहता हूं कि मैं खुद राबड़ा और जागसी गांव में गया। मेरे भाई श्री माम चन्द ने भी इस बात को कबूल किया था कि वहां पर हालात इतने

[श्री नानहू राम]
नाजुक हो गये थे--डाकुओं की कार्यवाहियों के कारण--कि वे खुद भी कई महीने उस गांव में नहीं गये क्योंकि उन्हें खुद अपनी जान का खतरा था। इसी तरह दूसरे भाइयों ने भी कहा। खैर, मैं आप को बता रहा था, स्पीकर साहिब, कि मैं खुद उस गांव में गया। सारे हालात मालूम किये। यह भी पता किया कि किस ढंग से वे लोग अपने कार्य में मसरूफ़ थे। स्पीकर साहिब, आप सुनकर हैरान होंगे कि इन भाइयों ने सच्चाई पर किस ढंग से पर्दा डाल कर गवर्नमैण्ट और पुलिस को जिस ने वहां अमन कायम करने के लिये हर मुमकिन कदम उठाये--बदनाम किया। स्पीकर साहिब, मुझे पता लगा कि किस चालाकी से हमारे कम्यूनिस्ट भाईयों ने वहां जाटों को भड़काया। उन्हों ने उन्हें कहा कि ऐ हमारे जाट भाईयो! इस कांग्रेस की हकूमत में तुम्हारी बहु-बेटियों की इज्जत महफ़ूज़ नहीं रह सकती। कांग्रेस के राज में तुम्हारी बहु-बेटियों की बेइज्जती की जाती है, इस लिये तुम पुलिस का मुकाबला करो। यही कारण था कि जागसी के अन्दर जाटों ने गुमराह किये जाने पर पुलिस का मुकाबला किया। यही वजह है कि कुछेक गिरफ्तारियां भी हुई।

पुलिस को बदनाम करने के लिये क्या क्या और किस प्रकार के ज़लील तरीके अपनाये गये, उन का भी मैं थोड़े लफ़ज़ों में ज़िक्र करना चाहता हूं। प्रधान जी, हमारे हां गांव में एक खास किस्म का पौदा होता है जिसे कौंच के नाम से पुकारते हैं। इन कम्यूनिस्ट भाईयों ने और मुखालिफ़ लोगों ने उस इलाके की कुछ औरतों से कहा कि तुम उस पौदे को अपने बदन पर रगड़ लो और जब तहकीकात हो रही हो तो कहना कि पुलिस ने तुम्हारे चुटकियां भरी थीं। और मारा था.............।

श्री बाबू दयाल : On a point of order, Sir. अर्ज़ यह है कि General Administration पर बहस हो रही है। इस लिये यह बिल्कुल irrelevant बात कर रहे हैं।..........(विघ्न)

Mr. Speaker : He is quite relevant. I am not to be guided by your Judgment. Please take your seat.

मैं अर्ज़ करना चाहता हूं कि जब गवर्नमैण्ट इस हद तक आ जाये तो ज़ाहिरा नज़र आता है कि उनकी गवर्नमैण्ट कैसे चल रही है और ऐसी गवर्नमैण्ट का हशर वह होता है जो मुल्क में और बाहर हम देखते हैं। मैं ज़ोर से कहना चाहता हूं कि जहां ऐडमनिंस्ट्रेशन (Administration) की यह हालत हो वहां अफ़सर अपने आप को secure नहीं समझते। वज़ीर तो बहुत बड़े आदमी हैं और वज़ीरों को मिलने के लिये भी बड़े बड़े लोग आते हैं लेकिन 99 प्रतिशत नीचे से बड़े अफ़सर ने समझ लिया है कि उसे हर जायज़ वा नाजायज़ चीज़ बड़ों के इशारे पर करनी होगी।

हमारे वज़ीर खज़ाना ने फरमाया था कि day-to-day administration में कोई भी वज़ीर या ऐम. ऐल. एज़ मुदाखलत नहीं करते हैं। मैं समझता हूं कि उनका यह बयान बिल्कुल ग़लत है। अगर सूबे की हालत यहां तक बिगड़ चुकी है और अगर मेरे दोस्त इन तरीकों से हकूमत को मज़बूत करना चाहते हैं और गवर्नमैण्ट को चलाना चाहते हैं तो वे अच्छी तरह समझ लें कि लोगोंने भी तरीके अज़मा लिये हैं। वे उन तरीकों से गरोहबन्दी को खत्म कर देंगे।

एक बात इन्हों ने यह कही है कि Judiciary को Executive से अलग कर रहे हैं। यह इस Spirit से किया जा रहा है कि वज़ीर साहिबान हरेक पर dominate कर सकें। हकूमत में इस तरीके से काम हो कि मजिस्ट्रेसी (Magistracy) और जज (Judges) यह सोचें कि वह पार्टी एजन्ट (Party Agent) के तौर पर काम कर रहे हैं। अगर यही Spirit है Judiciary को अलग करने की, तो इस से कुछ फ़ायदा न होगा।

वज़ीर साहिब का कहना है कि सूबे में Law and Order improve कर गया है। रोहतक की हालत के बारे में मैंने वज़ीर ख़ज़ाना की तकरीर सुनी है कि फलां जगह इतने अफसर भेजे गये। जब हालत कुछ ठीक हुई तो वह अफसर वापिस बुला लिये गये और काम बन गया। जब फिर हालत ज़रा बिगड़ी तो और अफसर और पुलिस भेज दी गई और हालात पर काबू पा लिया गया। लेकिन यह अमरेवाक्या है कि इतने ख़तरनाक, ख़ौफनाक और शर्मनाक डाकुओं के सरगुने को अभी तक नहीं पकड़ा गया। इस के बीच के आदमियों को पकड़ लिया गया है या मार दिया गया है। लेकिन गवर्नमैण्ट को पता होना चाहिये कि इस का क्या असर हुआ क्या नतीजा निकला। वहां की तमाम पोलीटीकल पार्टियों ने शिकायतें की हैं। रोहतक की Bar Association की तरफ से, आर्य समाज की तरफ से, Congress workers और कांग्रेसी देवियों की तरफ से, रोहतक में रूनुमा हुए हालात के बारे में शिकायत की गई है। यह शिकायत उन लोगों की तरफ से की गई जो वहां के मेम्बर हैं और दूसरे लोगों की तरफ से भी की गई। लेकिन गवर्नमैण्ट कहती है कि कुछ हुआ ही नहीं। मैं अर्ज़ करना चाहता हूं कि औरतों पर बलात्कार और असमतदरी से लेकर सब कुछ वहां हुआ। लेकिन वज़ीर खज़ाना ने ही नहीं बल्कि वहां के तीन चार मेम्बर कहते हैं कि कुछ नहीं हुआ।

सिंचाई मंत्री: तीन चार नहीं बल्कि सात आठ ऐसा कहते हैं। खैर 8-9 कहते हैं कि हालात ठीक थे। माना कि वहां हालात ठीक थे तो क्या जिस के मुतल्लिक Bar Association ने कहा है वह बात नहीं थी। अगर यह बात है तो मुझे अंग्रेज़ों का ज़माना याद आता है। जब अंग्रेज़ का राज्य था तो हिंदोस्तानियों पर ज़ुल्म ढाये जाते थे। जब लोग कहते हैं कि ज़ुल्म हुआ है तो गवर्नमैण्ट कहती है कि नहीं हुआ। Home Secretary कहता कि ऐसा नहीं हुआ। इस की एक खास वजह थी, वह यह कि जब वह देखते थे कि उन के कहने न कहने के बावजूद भी ज़ुल्म हो रहा है और उन के 'नहीं नहीं' कहने का असर लोगों पर नहीं होता तो वह इस बात को अपने मुफ़ाद में समझते थे कि एक Enquiry Committee मुकर्रर कर दें। इसी तरह वज़ीर खज़ाना और गवर्नमैण्ट की तरफ से "नहीं नहीं" कहने के बावजूद अगर लोग शिकायत कर रहे हैं तो यह गवर्नमैण्ट के मुफ़ाद में है कि वह यह मामला का किसी Judicial या बेज्युडीशियल कमेटी को enquiry के लिये दे दें। और यह ऐसी बाडी हो जिस को लोगों का एतमाद हासिल हो। "नहीं नहीं" कहने से कुछ नहीं बन सकता।

कांग्रेस गवर्नमैण्ट कहती है कुछ नहीं हुआ। वज़ीर खज़ाना कहते हैं कुछ नहीं हुआ, कोई चीज़ नहीं हुई। न औरतों की असम्मतदरी की गई न उन पर बलात्कार किया गया है

[पंडित श्री राम शर्मा]
तो क्या यह ठीक नहीं होगा कि जो कुछ Bar Association कहती है या आर्य समाज की देवियां कहती हैं या सवा सौ आदमी कहते हैं ? मैं कहता हूं कि उनको बेलाग Judiciary का verdict ले कर ग़लत बताया जाये। अगर ऐसा नहीं किया जाता तो उन लोगों के बताये हुए वाक्यात ठीक साबत होते हैं। लेकिन ऐसी कार्यवाही नहीं की जा रही क्योंकि गवर्नमैण्ट और वज़ीर साहिबान को डर है कि बेलाग Enquiry करने से उनके राज़ फ़ाश हो जायेंगे। Enquiry की रोशनी में सब चीज़ नुमायां हो जाएगी।

फिर ला ऐंड आडर (Law and order) के बारे में कहा गया है कि पुलिस और Magistracy आज़ाद हैं। मगर पुलिस देखती रहती है कि उनको ऊपर से क्या इशारा होता है। General Administration की यह हालत है और इस का नक्शा नहीं बदला गया। अगर इस नकशे को न बदला गया तो मैं कहता हूं कि इस से कोई profit नहीं होगा और मैं अपने सामने बैठे दोस्तों से कहूंगा कि जो कुछ East Bengal में हुआ है उन्हें उस को नहीं भूलना चाहिये।

श्री बाबू दयाल (सोहना) : स्पीकर साहिब! मैं एक personal explanation देना चाहता हूं। परसों Irrigation Minister साहिब ने मुझ पर तीन इलज़ाम लगाये थे। पहला यह कि मैं inquiry के मौके पर पहुंचा ही नहीं। यह इलज़ाम ग़लत है। मैं उस मौका पर पहुंचा था और लोगों ने मुझे बताया कि Superintending Engineer कहता है कि मैं inquiry के लिये नहीं आया और कोई ....

अध्यक्ष महोदय : आप सिर्फ explanation दें तकरीर न करें।

श्री बाबू दयाल : बहुत अच्छा जनाब ! दूसरा इलज़ाम यह था कि मैं उस अफ़सर से मिल गया था। अगर मैं मिल गया होता तो आप के पास वह file ले कर क्यों आता जो आप ने उठा कर फैंक दी थी। तीसरा इलज़ाम था कि किसी कांग्रेसी कारकुन का मकान requisition कराया गया था उस को de-requisition कराने के लिये मैंने ऐसा किया। यह भी बिल्कुल ग़लत बात है।

श्री गोरख नाथ (नरोट जैमल सिंह) : स्पीकर साहिब ! 18 तारीख को General Administration के बारे में Opposition की तरफ से जो कुछ कहा गया और जो नुकताचीनी की गई उस का ताल्लुक इस बात से भी था कि वज़ीरों को बाहर बहुत कम जाना चाहिये और दफ़तर में बैठ कर काम करना चाहिये। इस का जवाब जो कि बहुत मुनासिब था प्रिंसिपल रला राम जी दे चुके हैं। मैं उस को दोहराना नहीं चाहता, मगर उस की ताईद करता हूं। लेकिन दूसरी तरफ़ मैं यह भी कहना चाहता हूं कि हम इस बात की ख़ाहिश रखते हैं कि हमारा Administration बेहतर हो और इस ख़ाहिश को अमली जामा पहनाने में हमें कुछ कामयाबी भी हुई है लेकिन हमारा फ़र्ज़ है कि जो चीज़ें इस में चल रही हैं और जो खतरात हैं उन से आंखें न मूंद लें। General Administration के सिलसिले में एक बात जो साधारण समझी

जाती है मैं उसे खतरनाक समझता हूं। वह यह है कि मेरे ज़िले में development का काम होता रहा। खुद मेरे इलाके में Community Project के काम होते रहे हैं। वहां एक बड़ा बंद भी बनाया गया जिस की काफ़ी publicity हुई। लोग हज़ारों की तादाद में वहां काम करने गये। इस के लिये 50,000 रुपये के खर्च का अंदाज़ा था और कहा गया था कि लोग खुद बाकी काम करें। मगर वह अंदाज़ा ग़लत साबित हुआ और 50,000 की donations हासिल करनी पड़ीं। वह donations हमारे Administration ने हासिल कीं। लेकिन अब अगर उन के बारे में सब बातों का analysis किया जाये तो मैं कहूंगा कि ऐसी donations हरगिज़ नहीं ली जानी चाहियें। हमारे Deputy Commissioner के इखलाक, ईमानदारी और मेहनत पर फख़र किया जा सकता है। लेकिन ऐसी मिसालें मौजूद हैं कि जब donations ली गई तो अफ़सरों ने donations देने वालों के कई नाजायज़ काम किये। यह कुदरती बात है कि जो अफ़सरों को रुपया देते हैं वे अपने काम पीछे मुख्य रख लेते हैं और गरीबों से बेइनसाफ़ी हो जाती है। मैं अर्ज़ करता हूं कि लाखों की donations हासिल करने में अगर एक गरीब को भी नुकसान पहुंचता है तो ऐसी donations नहीं ली जानी चाहियें। Administration का हर एक अफ़सर Deputy Commissioner जैसा नहीं हो सकता, इस लिये इस बारे में बहुत इहतियात करनी चाहिये।

फिर मैं सरकार का मशकूर हूं कि उसने हमारी एक बहुत बड़ी ज़रूरत को महसूस किया है। यह हमारे इलाके में कालिज की ज़रूरत का सवाल था और अब के बजट में इस का ख्याल किया गया है। मगर इस के लिये भी कहा गया कि सवा लाख रुपये की donations हासिल कर ली जायें तो कोई हरज नहीं। मगर हमारे लोग गरीब हैं पैसा पैसा कर के तो जमा नहीं हो सकता।

अध्यक्ष महोदय : सिर्फ दो मिनट और।

श्री गोरख नाथ : मगर स्पीकर साहिब मैं तो............

अध्यक्ष महोदय : मैं बेबस हूं, अभी और भी बहुत से मेम्बर साहिबान ने तकरीरें करनी हैं।

श्री गोरख नाथ : खैर वह सवा लाख रुपया जमा कर लिया गया मगर उसी तरह जैसे अंग्रेज़ के वक्त में होता था या Unionist सरकार किया करती थी। Sub-Inspector और दूसरे अफ़सरों की मारफ़त यह रुपया जमा कराया गया। कौन नहीं जानता कि जब Sub-Inspector रुपया जमा करते हैं तो क्या हुआ करता है। मेरी अर्ज़ यह है कि यह ज़रूरी खर्च था तो सरकार यह रुपया खुद देती। इस के लिये tax लगाया जा सकता था। अमीर लोग tax दे सकते हैं। अगर टैक्स देने के बाद इन के पास कुछ पैसा कम हो जाये तो कुछ न बिगड़ जायेगा।

एक और ज़रूरी बात मैं अपने लीडर साहिब से कहना चाहता हूं। अगरचे रिशवत अब पहले से कम हो गई है। इस की वजह खाह यह हो कि अफ़सर डरने लगे हैं या उन का अखलाक़ बुलन्द हो गया है। फिर भी एक और खतरनाक चीज़ पैदा हो रही है। इस बारे में मैं अपने ज़िले की बात कहता हूं। हर जगह हर चौक में ऐसे लोग नज़र आते हैं जिन्होंने खद्दर

[श्री गोरख नाथ]
पहन रखा होता है। और वे लोगों को धोके से लूट रहे हैं। कोई मेरा नाम ले देता है। कोई कह देता है कि मैं कैरों साहिब या सच्चर साहिब का आदमी हूं और उन से हर काम करा सकता हूं वह इस तरह से अफ़सरों पर दबाव डालते हैं। यह अलग बात है कि बड़े अफ़सर अब दबाव में नहीं आते लेकिन छोटे अफ़सर बहुत दफ़ा दबाव में आ जाते हैं और इस तरह गरीबों से बेइनसाफी हो जाती है। मैं अपने लीडर से अब कहूंगा कि वह C.I.D. की ओर से पता लगायें कि ऐसे कौन कौन आदमी हैं जो लगातार कई सालों से सवेरे सात बजे शहरों के चौकों और होटलों के सामने आ बैठते हैं और शाम के सात बजे घरों को जाते हैं कोई काम नहीं करते और उनका कोई ज़रिया गुज़ारे का नहीं लेकिन इन का रहन सहन काम करने वालों से अच्छा है यह साधारण लोगों से रुपया ठगते हैं। इसके बारे में बड़े छोटे अफ़सरों से भी पता लगाया जाना चाहिये कि वह कौन लोग हैं जो अफसरों के लिये रिश्वत से भी बढ़ कर खतरनाक हैं और गवर्नमैण्ट के लिये बदनामी का कारण है। इन दलालों के खिलाफ कार्यवाही से रिश्वत बहुत हद्द तक बन्द हो जायेगी।

ਸਰਦਾਰ ਖੇਮ ਸਿੰਘ (ਅੰਮ੍ਰਿਤਸਰ) : ਸਪੀਕਰ ਸਾਹਿਬ, ਸਾਡੀ ਸਰਕਾਰ General Administration ਉਤੇ 1,45,51,800 ਰੁਪਿਆ ਖਰਚ ਕਰ ਰਹੀ ਹੈ। ਪਰ ਇਹ ਰੁਪਿਆ ਸਹੀ ਮਹਿਨਿਆਂ ਵਿਚ ਖਰਚ ਨਹੀਂ ਹੋ ਰਿਹਾ। ਫੇਰ ਵੀ ਮੈਂ Finance Minister ਸਾਹਿਬ ਨੂੰ ਇਸ ਬਜਟ ਦੇ ਪੇਸ਼ ਕਰਨ ਉਤੇ ਵਧਾਈ ਦਿੰਦਾ ਹਾਂ। ਗਵਰਨਰ ਸਾਹਿਬ ਨੇ ਆਪਣੇ 8 March ਵਾਲੇ address ਵਿਚ ਹਰੀਜਨਾਂ ਦੀ ਤੇ ਮੁਲਕ ਦੀ ਬੇਹਤਰੀ ਬਾਰੇ ਜੋ ਕੁਝ ਦਸਿਆ ਹੈ ਮੈਂ ਉਸ ਪੁਰ ਬਹੁਤ ਹੀ ਖੁਸ਼ ਹੋਇਆ ਹਾਂ। ਉਨ੍ਹਾਂ ਨੇ ਇਸ ਸਾਲ ਹਰੀਜਨਾਂ ਲਈ 19 ਫੀ ਸਦੀ ਤੋਂ ਹੁਣ 21 ਫੀ ਸਦੀ ਨੌਕਰੀਆਂ ਰੀਜ਼ਰਵ ਕਰ ਦਿਤੀਆਂ ਹਨ। ਇਸ ਲਈ ਮੈਂ ਗਵਰਨਰ ਸਾਹਿਬ ਨੂੰ ਪੂਰਨ ਵਧਾਈਆਂ ਪੇਸ਼ ਕਰਦਾ ਹਾਂ। Finance Minister ਸਾਹਿਬ ਨੇ ਆਪਣੀ ਤਕਰੀਰ ਵਿਚ ਕਿਹਾ ਹੈ ਕਿ ਹਰੀਜਨਾਂ ਨੂੰ ਬੜੀਆਂ ਰਿਆਇਤਾਂ ਦਿਤੀਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਤਾਲੀਮ ਦੇ ਸਬੰਧ ਵਿਚ ਵਜ਼ੀਫਿਆਂ ਤੇ industry ਬਾਰੇ ਕਈ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਇਥੇ ਹੀ ਬਸ ਨਹੀਂ ਉਨ੍ਹਾਂ ਦੀ ਮਦਦ ਲਈ ਬੜਾ ਰੁਪਿਆ ਰਖਿਆ ਗਿਆ ਹੈ। ਮੇਰੀ ਗੁਜ਼ਾਰਿਸ਼ ਹੈ ਕਿ 4 ਹਰੀਜਨਾਂ ਨੇ cottage industries ਦੇ ਕੰਮ ਕਰਨ ਲਈ apply ਕੀਤਾ ਸੀ ਪਰ ਉਨ੍ਹਾਂ ਨੂੰ ਇਕ ਪੈਸੇ ਦੀ ਮਦਦ ਵੀ ਨਹੀਂ ਦਿਤੀ ਗਈ। Finance Minister ਸਾਹਿਬ ਦਾ ਇਹ ਕਹਿਣਾ ਕਿ ਹਰ ਮੀਟਿੰਗ ਵਿਚ 20 ਹਰੀਜਨਾਂ ਨੂੰ ਰੁਪਿਆ ਦਿਤਾ ਗਿਆ ਹੈ ਬਿਲਕੁਲ ਗਲਤ ਹੈ ਕਿਉਂਕਿ Finance Minister ਸਾਹਿਬ ਖੁਦ ਤਾਂ ਦੇਖ ਭਾਲ ਨਹੀਂ ਕਰਦੇ ਬਲਕਿ ਅਫ਼ਸਰਾਂ ਦੀ ਰਪੋਰਟ ਪੁਰ ਹੀ ਦਸਤਖਤ ਕਰ ਦਿੰਦੇ ਹਨ। ਮੈਨੂੰ ਇਉਂ ਭਾਸਦਾ ਹੈ ਕਿ ਇਹ ਕੇਵਲ ਸਾਈਨਿੰਗ ਮਸ਼ੀਨ ਹਨ। ਮੈਂ ਕਹਾਂਗਾ ਕਿ ਜਿਨ੍ਹਾਂ ਲੋਕਾਂ ਨੇ apply ਕੀਤਾ ਹੋਇਆ ਹੈ ਤੇ ਉਨ੍ਹਾਂ ਦੇ cases pending ਹਨ ਉਨ੍ਹਾਂ ਨੂੰ approval ਦਿਤੀ ਜਾਏ।

ਸਾਡੀ ਸਰਕਾਰ ਪੁਲਿਸ ਤੇ ਬਹੁਤ ਖਰਚ ਕਰ ਰਹੀ ਹੈ ਲੇਕਿਨ ਪੁਲਸ ਇਸ ਖਰਚ ਦਾ ਬਹੁਤ ਨਾਜਾਇਜ਼ ਫਾਇਦਾ ਉਠਾ ਰਹੀ ਹੈ। ਸਰਕਾਰ ਦੀ ਪਾਲਿਸੀ ਇਹ ਹੈ ਕਿ ਹਰੀਜਨਾਂ ਦੀ ਮਦਦ ਕੀਤੀ ਜਾਏ ਪਰ ਪੁਲਿਸ ਉਨ੍ਹਾਂ ਨਾਲ ਧੱਕਾ ਕਰਦੀ ਹੈ। ਸਰਮਾਏਦਾਰਾਂ ਨਾਲ ਮਿਲਕੇ ਗਰੀਬ ਹਰੀਜਨਾਂ ਨੂੰ Section 109 ਹੇਠ ਫੜ ਲਿਆ ਜਾਂਦਾ ਹੈ ਤੇ ਦਸ ਦਸ ਬਾਰਾਂ ਬਾਰਾਂ ਦਿਨ

ਉਨ੍ਹਾਂ ਨੂੰ ਥਾਣੇ ਵਿਚ ਰੱਖਿਆ ਜਾਂਦਾ ਹੈ । ਇਸ ਗਲ ਬਾਰੇ ਮੈਂ ਸਰਕਾਰ ਨੂੰ ਕਈ ਵੇਰੀ ਲਿਖ ਚੁਕਾ ਹਾਂ ਕਿ ਥਾਣਿਆਂ ਵਿਚ ਕਿਤਾਬਾਂ ਰਖੀਆਂ ਜਾਣ ਜਿਨ੍ਹਾਂ ਵਿਚ ਉਨ੍ਹਾਂ ਲੋਕਾਂ ਦੀ ਹਾਜ਼ਰੀ ਲਗੇ ਜਿਹੜੇ section 109 ਹੇਠ ਫੜੇ ਜਾਂਦੇ ਹਨ ਤਾਕਿ ਇਹ ਪਤਾ ਲਗ ਸਕੇ ਕਿ ਹਰੀਜਨਾਂ ਨਾਲ ਵਾਕਿਆ ਹੀ ਧਕਾ ਹੋ ਰਿਹਾ ਹੈ ਤੇ ਅਗੇ ਤੋਂ ਅਜਿਹਾ ਧੱਕਾ ਹੋਣੋ ਬੰਦ ਹੋ ਸਕੇ ।

ਫੇਰ ਸ੍ਰੀ ਮਾਨ ਜੀ, ਜਦੋਂ ਹਰੀਜਨ ਲੜਕੀਆਂ ਦੇ ਮੁਕੱਦਮੇ under section 376, 363, 498, 454, ਤੇ ਹੋਰ sections ਦੇ ਹੇਠ ਅਦਾਲਤਾਂ ਵਿਚ ਜਾਂਦੇ ਹਨ ਤਾਂ ਪੁਲਿਸ ਅਵਲ ਤਾਂ ਉਨ੍ਹਾ ਬਾਰੇ ਕਾਰਵਾਈ ਅਮਲ ਵਿਚ ਹੀ ਨਹੀਂ ਲਿਆਉਂਦੀ। ਜੇ ਕਦੇ ਭੁਲ ਚੁਕ ਕੇ ਲੈ ਵੀ ਆਵੇ ਤਾਂ ਉਸ ਪਰ ਪੂਰੀ ਤਰ੍ਹਾਂ ਕਾਰਵਾਈ ਨਹੀਂ ਕਰਦੀ। ਜੇ ਪੁਲਿਸ ਚਾਲਾਨ ਕਰ ਵੀ ਦੇਵੇ ਤਾਂ ਅਦਾਲਤ ਉਨ੍ਹਾਂ ਪੁਰ ਸਹੀ ਇਨਸਾਫ ਨਹੀਂ ਕਰਦੀਆਂ ਕਿਉਂਕਿ ਉਹ ਅਦਾਲਤਾਂ ਜਾਣਦੀਆਂ ਹੁੰਦੀਆਂ ਹਨ ਕਿ ਹਰੀਜਨਾਂ ਦੇ ਹੀ ਕੇਸ ਹਨ ਇਸ ਕਾਰਨ ਉਹ ਕੇਸ dismiss ਕਰ ਦਿੰਦੀਆਂ ਹਨ । ਮੈਂ minister in charge ਪਾਸ ਪੁਰਜ਼ੋਰ ਅਪੀਲ ਕਰਾਂਗਾ ਕਿ ਉਹ ਇਸ ਪਾਸੇ ਪੂਰਾ ਧਿਆਨ ਦੇਣ ਅਤੇ ਉਨ੍ਹਾਂ ਨੂੰ ਐਸੀ ਹਦਾਇਤਾਂ ਜਾਰੀ ਕਰਨ ਤਾਕਿ ਹਰੀਜਨਾਂ ਦੀਆਂ ਲੜਕੀਆਂ ਦੀ ਹੋ ਰਹੀ ਬੇਇਜ਼ਤੀ ਨੂੰ ਕਾਨੂੰਨ ਨਾਲ ਬਚਾਇਆ ਜਾ ਸਕੇ ।

ਮੈਂ ਆਪਣੀ ਸਰਕਾਰ ਨੂੰ ਪਿੰਡਾਂ ਵਿਚ ਪੰਚਾਇਤਾਂ ਬਣਾ ਕੇ ਲੋਕ ਰਾਜ ਕਾਇਮ ਕਰਨ ਲਈ ਮੁਬਾਰਿਕਬਾਦ ਦਿੰਦਾ ਹਾਂ । ਇਹ ਬੜਾ ਚੰਗਾ ਕਦਮ ਹੈ । ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਇਹ ਸਰਕਾਰ ਤੇ Ministry ਬਣਾਈ ਹੈ ਆਪਣੇ ਕੰਮ ਆਪ ਕਰਨ ਲਈ ਤਾਕਤ ਦਿਤੀ ਗਈ ਹੈ । ਕਿਹੀ ਚੰਗੀ ਗਲ ਹੋਵੇ ਜੇ ਇਹ ਪੰਚਾਇਤਾਂ ਵੀ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੀਆਂ ਪੰਚਾਇਤਾਂ ਵਾਂਗੂੰ ਕੰਮ ਕਰਨ ਤੇ ਪੂਰਾ ਪੂਰਾ ਇਨਸਾਫ ਕਰਨ । ਪਰ ਅਫਸੋਸ ਹੈ ਕਿ ਇਨ੍ਹਾਂ ਪੰਚਾਇਤਾਂ ਵਿਚ ਹਾਲੇ ਠੀਕ ਤਰ੍ਹਾਂ ਕੰਮ ਨਹੀਂ ਹੋ ਰਿਹਾ । ਪਿਛੇ 11 ਪਿੰਡਾਂ ਦੀਆਂ ਪੰਚਾਇਤਾਂ ਵਿਚ 11 ਹਰੀਜਨ ਸਰਪੰਚ ਬਣੇ ਪਰ ਦੂਜੇ ਮੈਂਬਰ ਉਨ੍ਹਾਂ ਨਾਲ ਮਿਲਵਰਤਣ ਨਹੀਂ ਕਰਦੇ । ਜੋ ਵੀ ਫੈਸਲਾ ਪੰਚਾਇਤ ਵਿਚ ਹੁੰਦਾ ਹੈ ਉਸ ਉਤੇ ਅਮਲ ਨਹੀਂ ਹੁੰਦਾ ।

ਸ੍ਰੀਮਾਨ ਜੀ, ਜ਼ਿਲਾ ਅੰਮ੍ਰਿਤਸਰ ਦੇ ਇਕ ਪਿੰਡ ਰਾਮ ਦੀਵਾਲੀ P.S. Kathu Nangal, Amritsar ਦੀ ਪੰਚਾਇਤ ਦਾ ਸਰਪੰਚ ਇਕ ਹਰੀਜਨ ਸੀ ਉਸਦੀ ਹਦ ਮੈਂਬਰਾਂ ਦੀ ਪਾਰਟੀ ਦੇ ਨਾਲ ਕੁਝ ਇਸ ਗਲ ਤੋਂ friction ਹੋ ਗਈ ਕਿ ਸਰਪੰਚ ਹਰੀਜਨ ਹੈ । ਇਸ ਲਈ ਮੁਖਾਲਿਫ ਪਾਰਟੀ ਨੇ ਸਮਝਿਆ ਕਿ ਇਕ scheduled caste ਦਾ ਆਦਮੀ ਕਿਉਂ ਹਕੂਮਤ ਕਰੇ । ਉਨ੍ਹਾਂ ਉਸ ਉਤੇ under Section 454 ਹੇਠ ਝੂਠੀਆਂ ਗਵਾਹੀਆਂ ਦਿਲਾਕੇ ਉਸ ਉਤੇ ਮੁਕਦਮਾ ਕਰਾ ਦਿਤਾ । ਉਹ ਆਦਮੀ ਬਿਲਕੁਲ ਬੇਕਸੂਰ ਸੀ । ਉਸਨੂੰ ਇਨ੍ਹਾਂ ਗਲਾਂ ਦਾ ਕੁਝ ਪਤਾ ਹੀ ਨਹੀਂ ਸੀ ਪਰ ਮੈਜਿਸਟਰੇਟ ਨੇ ਫੈਸਲਾ ਸੁਣਾਂਦਿਆਂ ਹੋਇਆਂ ਉਸ ਦੇ ਬਾਰੇ dog ਦਾ ਲਫ਼ਜ਼ ਲਿਖਿਆ ਹੈ । ਕੀ ਇਹ ਗਲ ਠੀਕ ਹੈ ਕਿ ਉਸ ਆਦਮੀ ਨੂੰ ਜਿਸ ਨੂੰ ਸਰਕਾਰ ਨੇ ਅਦਾਲਤ ਦੀਆਂ ਤਾਕਤਾਂ ਦਿਤੀਆਂ ਹੋਈਆਂ ਹਨ ਇਕ magistrate ਕੁਤੇ ਦੀ ਤਰ੍ਹਾਂ ਸਮਝੇ । ਇਸ ਤੋਂ ਬਾਅਦ ਸਪੀਕਰ ਸਾਹਿਬ ! appeal ਹੋਈ ਤਾਂ Sessions Judge ਨੇ magistrate ਦਾ ਫੈਸਲਾ ਬਹਾਲ ਰਖਿਆ ਇਹ ਹੀ ਨਹੀਂ, Sessions Judge ਖੁਦ ਬਹਿਸ ਕਰਤਾ ਰਿਹਾ ਅਤੇ ਉਸਨੇ ਵਕੀਲ ਦੀ ਇਕ ਨਾ ਸੁਣੀ । ਮੈਂ ਪੁਛਦਾ ਹਾਂ ਕਿ ਹਰੀਜਨਾਂ ਨਾਲ ਚੰਗਿਆਈ ਕੀਤੀ ਜਾ ਰਹੀ ਹੈ । ਅਸੀਂ ਇਹ ਗਲ ਚੰਗੀ ਤਰ੍ਹਾਂ ਸਮਝਦੇ ਹਾਂ । ਪਿਛੇ ਕੁਝ ਚਿਰ ਹੋਇਆ ਅਕਾਲੀ ਲੀਡਰਾਂ ਨੇ ਵੀ ਮੋਰਚੇ ਲਾਣ ਦੀ ਕੋਸ਼ਿਸ਼ ਕੀਤੀ ਸੀ ਤੇ ਕਹਿੰਦੇ ਸਨ ਕਿ ਉਹ ਸਾਡੇ ਮਦਦਗਾਰ ਹਨ ਪਰ ਅਸੀਂ ਸਾਰੀ ਗਲ ਸਮਝ ਗਏ ਸੀ । ਸਪੀਕਰ ਸਾਹਿਬ, ਮੈਂ ਹੋਰ ਜ਼ਿਆਦਾ ਵਕਤ ਨਹੀਂ ਲਵਾਂਗਾ । ਮੈਂ

[ਸਰਦਾਰ ਖੇਮ ਸਿੰਘ]

ਸਿਰਫ਼ ਇਤਨਾ ਹੀ ਕਹਾਂਗਾ ਕਿ ਹਰੀਜਨਾਂ ਦੀ ਭਲਾਈ ਲਈ ਜਿਹੜੀ policy declare ਹੋ ਚੁਕੀ ਹੈ ਉਸ ਤੇ ਅਮਲ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅਸੀਂ ਮਹਾਤਮਾ ਗਾਂਧੀ ਨੂੰ ਅਵਤਾਰ ਸਮਝਦੇ ਹਾਂ ਤੇ ਕਾਂਗਰਸ ਨਾਲ ਪੂਰਾ ਮਿਲਵਰਤਣ ਕਰਨ ਲਈ ਤਿਆਰ ਹਾਂ ਅਤੇ ਕਾਂਗਰਸ ਦੇ ਵਕਾਰ ਨੂੰ ਕਾਇਮ ਰਖਣ ਲਈ ਹਰ ਸਮੇਂ ਜਾਨ ਬਾਰਨ ਲਈ ਤਿਆਰ ਹਾਂ। ਅਸੀਂ ਕਿਸਾਨਾਂ ਤੇ ਜ਼ਿਮੀਦਾਰਾਂ (ਜੱਟਾਂ) ਨਾਲ ਵੀ ਪੂਰਾ ਤਆਵਨ ਕਰਨ ਲਈ ਤਿਆਰ ਹਾਂ। ਸਾਨੂੰ ਉਨ੍ਹਾਂ ਨਾਲ ਵੀ ਪੂਰੀ ਹਮਦਰਦੀ ਹੈ। ਇਸ ਲਈ ਅਸੀਂ ਇਹ ਉਮੀਦ ਰਖਦੇ ਹਾਂ ਕਿ ਸਰਕਾਰ ਤੇ ਆਮ ਲੋਕ ਸਾਡੇ ਨਾਲ ਵੀ co-operate ਕਰਨਗੇ। ਅਖੀਰ ਵਿਚ ਮੈਂ ਆਪਣੀ ਸਰਕਾਰ ਪਾਸ ਪੁਰ ਜ਼ੋਰ ਅਪੀਲ ਕਰਦਾ ਹਾਂ ਕਿ ਉਹ ਹਰੀਜਨਾਂ ਨੂੰ ਜ਼ਮੀਨ ਦੇ ਕੇ ਤਰੱਕੀ ਕਰਨ ਦਾ ਮੌਕਾ ਦੇਵੇ ਜੋ ਸਾਡੇ ਪੰਜਾਬ ਵਿਚ ੭ ਲਖ ਏਕੜ ਜ਼ਮੀਨ ਸਰਕਾਰ ਪਾਸ ਫ਼ਾਲਤੂ ਪਈ ਹੋਈ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸਰਕਾਰ ਮੇਰੀ ਅਪੀਲ ਨੂੰ ਪਰਵਾਨ ਕਰੇਗੀ।

ਸਰਦਾਰ ਦਰਸ਼ਨ ਸਿੰਘ (ਤਰਨ ਤਾਰਨ) : ਪ੍ਰਧਾਨ ਜੀ ! ਜਨਰਲ ਐਡਮਨਿਸਟ੍ਰੇਸ਼ਨ (General Administration) ਤੇ ਜਿਹੜੀ ਬਹਿਸ ਹੋਈ ਹੈ ਉਸ ਨੂੰ ਮੈਂ ਚੰਗੀ ਤਰ੍ਹਾਂ ਸੁਣਿਆ ਹੈ ਤੇ ਮੈਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਮੇਰੇ ਮਿਤਰ ਜਿਹੜੇ ਸਰਕਾਰੀ ਬੈਂਚਾਂ ਤੇ ਬੈਠੇ ਹੋਏ ਹਨ ਇਹ ਕਹਿੰਦੇ ਹਨ ਕਿ ਇਸ ਸੂਬੇ ਦੀ ਐਡਮਨਿਸਟਰੇਸ਼ਨ ਬੜੀ ਚੰਗੀ ਹੈ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕੇਵਲ ਕਹਿ ਦੇਣ ਨਾਲ ਹੀ ਐਡਮਨਿਸਟਰੇਸ਼ਨ ਚੰਗੀ ਨਹੀਂ ਹੋ ਸਕਦੀ। ਸਾਨੂੰ ਚੰਗੀ ਤਰ੍ਹਾਂ ਵਿਚਾਰ ਕਰਨਾ ਚਾਹੀਦਾ ਹੈ ਤੇ ਇਹ ਵੇਖਣਾ ਚਾਹੀਦਾ ਹੈ ਕਿ ਕੀ ਇਹ ਐਡਮਨਿਸਟਰੇਸ਼ਨ ਸਚੀ ਮੁਚੀ ਠੀਕ ਤਰ੍ਹਾਂ ਚਲ ਰਹੀ ਹੈ ਜੇ ਠੀਕ ਨਹੀਂ ਚਲ ਰਹੀ ਤਾਂ ਇਸ ਦਾ ਕੀ ਕਾਰਨ ਹੈ ? ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਇਹ ਹੈ ਕਿ ਸਾਡੇ ਅਫ਼ਸਰ ਉਹ ਹੀ ਹਨ ਜਿਹੜੇ ਅੰਗਰੇਜ਼ ਦੇ ਵੇਲੇ ਕੰਮ ਕਰਦੇ ਸਨ। ਕੌਣ ਨਹੀਂ ਜਾਣਦਾ ਕਿ ਇਹ ਅਫ਼ਸਰ ਜਨਤਾ ਦੀ ਭਲਾਈ ਲਈ ਕੋਈ ਕੰਮ ਨਹੀਂ ਕਰਦੇ। ਇਸ ਦਾ ਸਬੂਤ ਸ਼ਰਨਾਰਥੀ ਦੇ ਸਕਦੇ ਹਨ ਕਿ ਪਟਵਾਰੀ ਤੋਂ ਲੈਕੇ ਡਾਇਰੈਕਟਰ ਤਕ ਹਰ ਅਫ਼ਸਰ ਨੇ ਉਨ੍ਹਾਂ ਕੋਲੋਂ ਰਿਸ਼ਵਤ ਲਈ ਹੈ। ਪਰੰਤੂ ਇਥੇ ਇਹ ਹੀ ਕਿਹਾ ਜਾਂਦਾ ਹੈ ਕਿ ਰਿਸ਼ਵਤ ਖਤਮ ਹੋ ਚੁਕੀ ਹੈ ਤੇ ਕੋਈ ਅਫ਼ਸਰ ਹੁਣ ਰਿਸ਼ਵਤ ਨਹੀਂ ਲੈਂਦਾ। ਮੈਂ ਸਮਝਦਾ ਹਾਂ ਕਿ ਅਫ਼ਸਰ ਰਿਸ਼ਵਤ ਲੈਣ ਤੋਂ ਬਾਜ਼ ਇਸ ਲਈ ਨਹੀਂ ਆਉਂਦੇ ਕਿਉਂਕਿ ਉਹ ਸਮਝਦੇ ਹਨ ਕਿ ਕਾਂਗਰਸੀ ਵਜ਼ੀਰਾਂ ਨੇ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਨੀ। ਮੈ ਉਨ੍ਹਾਂ ਨੂੰ ਪੁਛਣ ਵਾਲਾ ਕੋਈ ਨਹੀਂ। ਮੈਂ ਸਮਝਦਾ ਹਾਂ ਕਿ ਸਾਡੀ ਐਡਮਨਿਸਟਰੇਸ਼ਨ ਤਦ ਹੀ ਚੰਗੀ ਹੋ ਸਕਦੀ ਹੈ ਜੇਕਰ ਸਰਕਾਰੀ ਅਫ਼ਸਰਾਂ ਦਾ ਤੇ ਪਬਲਕ ਦਾ ਆਪਸ ਵਿਚ ਤਾਲ ਮੇਲ ਹੋਵੇ। ਪ੍ਰਧਾਨ ਜੀ ! ਇਹ ਤਾਲ ਮੇਲ ਕਿਉਂ ਨਹੀਂ ਹੋ ਰਿਹਾ ? ਇਸ ਦਾ ਕਾਰਨ ਇਹ ਹੈ ਕਿ ਸਰਕਾਰੀ ਅਫ਼ਸਰ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨ ਵਿਚ ਸਫਲ ਨਹੀਂ ਹੋਏ। ਜੇ ਸਰਕਾਰੀ ਅਫਸਰ ਦੁਖੀ ਜਨਤਾ ਦੀਆਂ ਕਠਨਾਈਆਂ ਨੂੰ ਦੂਰ ਕਰਨ ਲਈ ਪੂਰਾ ਪੂਰਾ ਜਤਨ ਕਰਦੇ ਤਾਂ ਇਹ ਉਨ੍ਹਾਂ ਦਾ ਮਿਲਵਰਤਣ ਹਾਸਲ ਕਰ ਸਕਦੇ ਸਨ। ਜੇ ਸਰਕਾਰ ਜਨਤਾ ਦੀ ਬੇਚੈਨੀ ਨੂੰ ਦੂਰ ਕਰਨਾ ਚਾਹੁੰਦੀ ਹੈ ਤਾਂ ਇਸ ਨੂੰ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਤੇ ਕਿਸਾਨਾਂ ਦਾ ਮਾਲੀਆ ਤੇ ਦੂਜੇ ਟੈਕਸਾਂ ਨੂੰ ਘਟਾਉਣ ਦਾ ਪੂਰਾ ਪੂਰਾ ਜਤਨ ਕਰਨਾ ਚਾਹੀਦਾ ਹੈ। ਜੇ ਪਿਛੜੀਆਂ ਹੋਈਆਂ ਜਾਤੀਆਂ ਦਿਆਂ ਲੋਕਾਂ ਨੂੰ ਤਰੱਕੀ ਦੇ ਪਾਸੇ ਚਲਾਇਆ ਜਾਂਦਾ, ਤਾਂ ਉਨ੍ਹਾਂ ਵਿਚ ਬੇਚੈਨੀ ਤੇ ਅਸੰਤੋਸ਼ ਦੂਰ ਹੋ ਸਕਦਾ ਸੀ। ਪਰੰਤੂ, ਇਹ ਸਰਕਾਰ

ਅੰਗਰੇਜ਼ਾਂ ਵਾਂਗੂ ਲੋਕਾਂ ਨੂੰ ਦਬਾ ਕੇ ਰਾਜ ਕਰਨਾ ਚਾਹੁੰਦੀ ਹੈ। ਪ੍ਰੰਤੂ 144, ਜ਼ਾਬਤਾ ਫੌਜਦਾਰੀ ਲਾ ਕੇ ਪਬਲਿਕ ਸੇਫਟੀ ਐਕਟ (Public Safty Act) ਲਾਗੂ ਕਰ ਕੇ ਲੋਕਾਂ ਤੇ ਰਾਜ ਕਰਨਾ ਚਾਹੁੰਦੀ ਹੈ। ਇਸ ਨੂੰ ਲੋਕਾਂ ਦੀ ਬਿਹਤਰੀ ਤੇ ਸੁਧਾਰ ਦਾ ਕੋਈ ਖਿਆਲ ਨਹੀਂ ਤੇ ਜਿਸ ਤਰ੍ਹਾਂ ਮੇਰੇ ਮਾਨਯੋਗ ਮਿਤਰ ਸਰਦਾਰ ਖੇਮ ਸਿੰਘ ਨੇ ਕਿਹਾ ਹੈ ਕਿ ਗ਼ਰੀਬ ਤੇ ਪਿਛੜੀਆਂ ਹੋਈਆਂ ਲੋਕਾਂ ਦਾ ਸਰਕਾਰ ਕੋਈ ਖ਼ਿਆਲ ਨਹੀਂ ਕਰਦੀ ਤੇ ਇਸ ਰਾਜ ਵਿਚ ਉਨ੍ਹਾਂ ਨੂੰ ਇਨਸਾਨ ਵੀ ਨਹੀਂ ਸਮਝਿਆ ਜਾਂਦਾ। ਉਨ੍ਹਾਂ ਕੋਲੋਂ ਵਿਗਾਰ ਲਈ ਜਾਂਦੀ ਹੈ। ਪ੍ਰਧਾਨ ਜੀ ! ਸਰਕਾਰੀ ਅਫਸਰ ਗਰੀਬ ਲੋਕਾਂ ਤੇ ਜ਼ੁਲਮ ਕਰਦੇ ਹਨ ਤੇ ਉਨ੍ਹਾਂ ਨੂੰ ਕੋਈ ਪੁਛਣ ਵਾਲਾ ਨਹੀਂ ਹੁੰਦਾ। ਮੇਰੇ ਮਾਨਯੋਗ ਮਿਤਰ ਸਰਦਾਰ ਖੇਮ ਸਿੰਘ ਨੂੰ ਭੁਲੇਖਾ ਲਗਾ ਹੋਇਆ ਹੈ ਕਿ ਸਰਕਾਰ ਸਭ ਕੁਝ ਸਮਝਦੀ ਹੈ ਮੈਂ ਤਾਂ ਸਮਝਦਾ ਹਾਂ ਕਿ ਸਰਕਾਰੀ ਕਾਰਦਾਰ ਬਿਲਕੁਲ ਪਰਵਾਹ ਨਹੀਂ ਕਰਦੇ ਤੇ ਜੋ ਕੁਝ ਪਟਵਾਰੀ ਲਿਖ ਦੇਵੇ ਉਸੇ ਨੂੰ ਵਿਕਾਸ ਮੰਤਰੀ ਮੰਨ ਲੈਂਦੇ ਹਨ। ਮੈਂ ਇਸ ਸਬੰਧ ਵਿਚ ਸਰਕਾਰ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਂ ਕੁਝ ਚਿਰ ਹੋਇਆ ਹੈ ਕਿ ਆਪਣੇ ਹਲਕੇ ਦਿਆਂ ਕੁਝ ਆਦਮੀਆਂ ਨੂੰ ਲੈ ਕੇ ਕਿਸੇ ਖਾਸ ਕੰਮ ਦੇ ਸਬੰਧ ਵਿਚ ਇਕ deputation ਲੈ ਕੇ ਡਿਪਟੀ ਕਮਿਸ਼ਨਰ ਨੂੰ ਮਿਲਣ ਲਈ ਗਿਆ। ਉਨ੍ਹਾਂ ਨੂੰ ਚਿਟ ਭੇਜੀ ਪਰੰਤੂ ਉਨ੍ਹਾਂ ਨੇ ਕਹਿਲਾਵਾ ਭੇਜਿਆ ਕਿ ਮੇਰੇ ਪਾਸ ਮਿਲਣ ਲਈ ਵਕਤ ਨਹੀਂ। ਪ੍ਰਧਾਨ ਜੀ ! ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਡਿਪਟੀ ਕਮਿਸ਼ਨਰ ਉਸੇ ਵੇਲੇ ਡਾਕਟਰ ਅਨੂਪ ਸਿੰਘ ਜਿਹੜੇ ਕੌਂਸਲ ਆਫ ਸਟੇਟ (Council of State) ਦੇ ਮੈਂਬਰ ਹਨ, ਨੂੰ ਮਿਲੇ ਪਰੰਤੂ ਮੈਨੂੰ ਕਿਹਾ ਕਿ ਉਨ੍ਹਾਂ ਕੋਲ ਮੈਨੂੰ ਮਿਲਣ ਦਾ ਸਮਾਂ ਨਹੀਂ। ਮੇਰੇ ਸਾਥੀ ਇਹ ਸੁਣ ਕੇ ਬਹੁਤ ਨਿਰਾਸ਼ ਹੋਏ ਤੇ ਕਹਿਣ ਲਗੇ ਕਿ ਜੇਕਰ ਡਿਪਟੀ ਕਮਿਸ਼ਨਰ ਮੇਰੀ ਗਲ ਸੁਣਨ ਲਈ ਤਿਆਰ ਨਹੀਂ ਤਾਂ ਉਨ੍ਹਾਂ ਨੂੰ ਆਪ ਮਿਲਕੇ ਆਪਣੀਆਂ ਤਕਲੀਫਾਂ ਦੂਰ ਕਰਾਣ ਦੀ ਕੀ ਆਸ ਹੋ ਸਕਦੀ ਹੈ। ਪ੍ਰਧਾਨ ਜੀ ! ਇਸ ਸਬੰਧ ਵਿਚ ਮੈਂ ਇਕ ਸ਼ਿਕਾਇਤ ਤੁਹਾਡੇ ਕੋਲ ਵੀ ਭੇਜੀ ਸੀ ਤੇ ਮੈਨੂੰ ਆਪ ਦਾ ਜਵਾਬ ਮਿਲਣ ਤੇ ਮੇਰੇ ਮਨ ਨੂੰ ਬੜੀ ਪਰਸੰਨਤਾ ਹੋਈ ਜਦੋਂ ਆਪ ਜੀ ਨੇ ਲਿਖਿਆ ਕਿ ਆਪ ਇਸ ਮਾਮਲੇ ਤੇ ਚੰਗੀ ਤਰ੍ਹਾਂ ਵਿਚਾਰ ਕਰਕੇ ਮੁਨਾਸਿਬ ਕਾਰਵਾਈ ਕਰੋਗੇ। ਮੈਂ ਇਸ ਸਬੰਧ ਵਿਚ ਹੋਮ ਸੈਕਰੇਟਰੀ ਨੂੰ ਵੀ ਲਿਖਿਆ ਪਰੰਤੂ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦਾ ਵੀ ਕੋਈ ਜਵਾਬ ਨ ਆਇਆ। ਮਾਨਯੋਗ ਮੁਖ ਮੰਤਰੀ ਜੀ ਨੇ ਵੀ ਇਸ ਸਬੰਧ ਵਿਚ ਤਹਿਕੀਕਾਤ ਕੀਤੀ ਸੀ ਤੇ ਉਨ੍ਹਾਂ ਨੇ ਮੈਨੂੰ ਦਸਿਆ ਕਿ ਡਿਪਟੀ ਕਮਿਸ਼ਨਰ ਨੇ ਜਵਾਬ ਦਿਤਾ ਹੈ ਕਿ ਮੈਂ ਉਨ੍ਹਾਂ ਨੂੰ 11 ਵਜੇ ਮਿਲਣ ਗਿਆ ਸੀ ਤੇ ਉਹ ਮੈਨੂੰ ਉਸ ਵੇਲੇ ਨਹੀਂ ਸਨ ਮਿਲ ਸਕਦੇ ਅਤੇ ਜਿਥੋਂ ਤਕ ਸਰਦਾਰ ਅਨੂਪ ਸਿੰਘ ਦੇ ਮਿਲਣ ਦਾ ਸਬੰਧ ਹੈ ਉਹ ਡਿਪਟੀ ਕਮਿਸ਼ਨਰ ਨੂੰ ਮੋਟਰ ਕਾਰ ਵਿਚ ਜਾਂਦੇ ਥੋੜੇ ਸਮੇਂ ਲਈ ਮਿਲ ਪਏ ਸਨ। ਮੈਂ ਸਮਝਦਾ ਹਾਂ ਕਿ ਡਿਪਟੀ ਕਮਿਸ਼ਨਰ ਦੇ ਇਸ ਰਵੱਈਏ ਨਾਲ ਇਕ ਜਨਤਾ ਦੇ ਪ੍ਰਤੀਨਿਧੀ ਦੀ ਨਹੀਂ ਬਲਕਿ ਇਸ ਹਾਊਸ ਦੀ ਹੱਤਕ ਹੋਈ ਹੈ। ਹੁਣ ਵੇਖੀਏ ਕਿ ਮਾਨਯੋਗ ਮੁਖ ਮੰਤਰੀ ਇਸ ਸਬੰਧ ਵਿਚ ਕੀ ਕਾਰਵਾਈ ਕਰਦੇ ਹਨ। ਇਸ ਹਾਊਸ ਵਿਚ ਕਈ ਵਾਰ ਪਿਛੜੀਆਂ ਜਾਤੀਆਂ ਦੇ ਸੁਧਾਰ ਦਾ ਜ਼ਿਕਰ ਕੀਤਾ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ Scheduled Caste Fedration ਬਣਾਈ ਗਈ ਹੈ। ਪਰੰਤੂ ਮੈਂ ਦਸਣਾ ਚਾਹੁੰਦਾ ਹਾਂ ਕਿ Vtilization of Waste Lands Act ਦੇ ਸੰਬੰਧ ਵਿਚ ਦਸਿਆ ਗਿਆ ਹੈ ਕਿ ਜ਼ਮੀਨ ਮੁਜ਼ਾਰਿਆਂ ਨੂੰ ਤੇ ਪਿਛੜੀ ਹੋਈ ਜਾਤੀਆਂ ਦਿਆਂ ਲੋਕਾਂ ਨੂੰ ਦਿਤੀ ਜਾਏਗੀ। ਪਰੰਤੂ ਕਿਸੇ ਮੁਜ਼ਾਰੇ ਨੂੰ ਜ਼ਮੀਨ ਨਹੀਂ ਮਿਲੀ। ਮੈਂ ਇਸ ਸਬੰਧ ਵਿਚ ਕਰਨਾਲ ਦੀ ਮਿਸਾਲ ਦੇਣਾ ਚਾਹੁੰਦਾ ਹਾਂ। ਤਨਾਵਾਂ ਇਲਾਕੇ

[ਸਰਦਾਰ ਦਰਸ਼ਨ ਸਿੰਘ]

ਵਿਚ ਭੋਵਾ ਪਿੰਡ ਵਿਚ ਪੂਰਨ ਸਿੰਘ, ਮਿਹਰ ਸਿੰਘ, ਤੇ ਦਰਨਾਮ ਸਿੰਘ ਨੇ ਕੋਆਪਰੇਟਿਵ ਸੋਸਾਇਟੀ ਬਨਾਈ ਤੇ lease ਤੇ ਜ਼ਮੀਨ ਲਈ ਪਰ ਉਹ ਜ਼ਮੀਨ ਕਿਸੇ ਮੁਜ਼ਾਰੇ ਨੂੰ ਨਹੀਂ ਦਿਤੀ ਗਈ ਤੇ ਨਾ ਹੀ ਜ਼ਮੀਨ ਕਿਸੇ scheduled caste ਦੇ ਵਿਅਕਤੀ ਨੂੰ ਦਿਤੀ ਗਈ ਹੈ । ਤੇ ਉਸ ਇਲਾਕੇ ਵਿਚ ਸ਼ਰਨਾਰਥੀ ਮੁਜ਼ਾਰਿਆਂ ਨੂੰ ਕਢ ਦਿਤਾ ਗਿਆ ਹੈ ਲੋਕ ਪਗੜੀ ਦੇ ਕੇ ਜ਼ਮੀਨਾਂ ਲੈ ਰਹੇ ਹਨ ਤੇ ਇਸ ਵਿਚ ਸਾਡੇ ਵਜ਼ੀਰ ਦਾ ਹੱਥ ਹੈ । ਮੈਨੂੰ ਅਫ਼ਸੋਸ ਹੈ ਕਿ ਮਾਨਯੋਗ ਵਿਕਾਸ ਮੰਤਰੀ—ਸਰਦਾਰ ਪਰਤਾਪ ਸਿੰਘ ਤੇ ਜਿਹੜੇ ਸਰਕਾਰੀ ਬੈਂਚਾਂ ਤੇ ਬੈਠ ਕੇ ਸਭ ਕੁਝ ਕਰਦਾ ਰਹੇ ਹਨ । ਸਮਾਂ ਆਏਗਾ ਜਦੋਂ ਉਹਨਾਂ ਨੂੰ ਇਨ੍ਹਾਂ ਕਾਰਵਾਈਆਂ ਦਾ ਫਲ ਭੁਗਤਨਾ ਪਏਗਾ ਤੇ ਜਨਤਾ ਕਦੀ ਵੀ ਇਨ੍ਹਾਂ ਦੀਆਂ ਗਲਤੀਆਂ ਨੂੰ ਮੁਆਫ ਨਹੀਂ ਕਰਨ ਲਗੀ ।

श्री जगत राम भारद्वाज (होशियारपुर) : स्पीकर साहिब, पेश्तर इस के कि मैं कुछ और बात कहूं मेरा ख्याल था कि इस democratic set-up में जो मुखालिफ पार्टी है वह अपने आप को कतई तौर पर मुखालिफ पार्टी समझती है और उस का सिवाए गवर्नमेंट पार्टी की मुखालिफत करने के और कोई काम ही नहीं । इस लिये मैं समझता हूं कि वह अपने आप को एक गलत रास्ते पर ले जा रही है । यह Opposition Party महिज़ Opposition के लिये नहीं बल्कि यह एक Supplementary Party है जिस का काम यह है कि जो खराबी हकूमत में हो उसे उस को सामने रखे और अपना फर्ज यह न समझे कि उस ने कतई तौर पर गवर्नमेंट पार्टी की मुखालिफत करना है । स्पीकर साहिब ! मैं गुज़ारिश करूंगा कि इस हाउस में पुलिस के बारे में बहुत कुछ कहा गया है । हम ५० वर्ष से आज़ादी कि जद्दो जहिद में पुलिस का मुकाबला करते आये हैं । हमारा कतई तौर पर जज़बा पुलिस अफ़सरों के खिलाफ रहा है क्योंकि वह हमें हथकड़ियां लगाते थे और तंग करते थे । ऐसा जज़बा होना कुदरती बात है । जिस तरह हम ने bureaucratic जज़बे को दूर करने की कोशिश की है इसी तरह हमें पुलिस के खिलाफ जो हमारे दिल में जज़बा है उसे दूर करने की कोशिश करनी चाहिये । पुलिस अफ़सरों के मन से भी यह भाव दूर हो जाने चाहियें कि वह हमारे हाकिम हैं बल्कि उन्हें अपने आप को लोगों का खादिम समझना चाहिये । इसी तरह हमने भी यही देखना है कि हम पुराने जज़बे के तहित तो काम नहीं कर रहे । पुलिस के या दूसरे जहां भी अफ़सर हैं उन के दिल में पुराना जज़बा कुदरती है । बदले हुए हालात में हमारे अन्दर ऐसा जज़बा उन के खिलाफ नहीं रहना चाहिये । इस लिये अगर हम लोग अच्छी तरह से देखें तो सही रास्ते पर आ सकते हैं और हम दोनों में कोई मतभेद नहीं हो सकता ।

दूसरी बात जो मैं अर्ज़ करना चाहता हूं वह यह है कि रिश्वतखोरी इतनी ज्यादा नहीं है जितनी कि लोगों को सरकारी अफ़सरों के सलूक से शिकायत है । सलूक इस किस्म का मिलता है कि लोगों का दिल दुखी हो जाता है । इस सलूक की वजह से लोग यह समझने लग जाते हैं कि अफ़सर रिश्वत चाहते हैं । एक तरफ सलूक और दूसरी तरफ बाकी सारी खराबी है । सलूक अगर ठीक हो जाये तो सब कुछ ठीक हो सकता है । यह मेरी जाती राए है ।

दूसरी चीज़ मैं यह कहना चाहता हूं कि administration वज़ीरों के सामने ज़िम्मेदार है । वह आगे Legislature के सामने ज़िम्मेदार है और Legislature

Public के सामने जिम्मेदार है। मगर ultimately sovereignity लोगों के अपने हाथ में है। पब्लिक की राए को हमें सर पर रखना चाहिये। Administration हकूमत के ज़ेर है और वुज़रा Legislature के आगे जिम्मेदार हैं। इस तरह से एक दूसरे पर ज़िम्मेदारी आयद होती है।

फिर हम देखते हैं कि मुल्क के अंदर administration ने क्या किया है। अगर हम ४७ के बाद law and order को देखें तो हमें पता लगता है कि जरायिम कम हुए हैं। Irrigation के बारे में लाखों एकड़ ज़मीन को पानी दिया गया है, बिजली की पैदावार बढ़ाई गई है, ज़मीनों का इस्तेमाल जारी है। Co-operative Societies के बारे में हम देखते हैं कि उन का काम बढ़ गया है; Community Projects का बहुत ज्यादा काम हो रहा है। Industries का विकास हो रहा है और Labour की बेहतरी की स्कीमें बनाई जा रही हैं। सड़कें बन रही हैं पंचायतें बनाई गई हैं। मुलाज़मों की तनखाहें बढ़ाई गई हैं। ग़र्ज़ेकि मुल्क के अंदर सब कुछ हो रहा है।

यहां फरमाया गया है कि वुज़रा साहिबान दौरे करते हैं। मेरे जिले का एक हिस्सा कंडी का इलाका है। अगर वज़ीर वह इलाका देखते तो उन का जिगर फट जाता। एक वज़ीर साहिब पिछले दिनों वहां गए थे। उन्हें यह जान कर हैरानी हुई कि ७०० मुरब्बा मील के इलाके में काने ही काने है और जंगली जानवरों के डर से लोग जाग कर रातें काटते हैं। वह जंगली जानवर कोई फसल नहीं छोड़ते। परन्तु licences की यह हालत है कि कुछ शौकीन लोग पिस्तौल पहने फिरते हैं। यह वह केवल शौक पूरा करने की गर्ज़ से पहनते हैं। कुछ लोगों ने हिफाज़त के लिये बन्दूकें रखी हुई हैं। मगर शिकारी बिल्कुल खत्म हो रहे हैं। इस की कुछ वजह यह है कि शिकार के licence की सालाना फ़ीस १५ या १८ रुपये है और गोलियों की कीमत ५०. रुपये सैंकड़ा है। शिकारियों के खत्म हो जाने की वजह से जानवर सब फसलें खाए जा रहे हैं। हम मशकूर हैं कि सरकार ने चोओं की तरफ ध्यान दिया है। मगर अब यह जंगली जानवरों का मसला हमारे लिये एक जटिल समस्या बन गई है। मैं चाहता हूं कि वहां पर फौज या पी. ए. पी. को भेज कर जंगली जानवरों का सफ़ाया कराया जाये। अगर ऐसा किया जाये तो मुल्क बस सकता है वरना नहीं।

खान अब्दुल ग़फ्फार खां (अम्बाला शहर) : जनाबे सद्र ! जिस वक्त मैं यहां मौजूद होता हूं, मैं दोनों तरफ की तकरीरें यानी इस तरफ वाले साहिबान की और Opposition वाले साहिबान की भी ग़ौर से सुनता हूं। मगर अफसोस यह है कि हम में जो खामियां हैं वह हम कहना नहीं चाहते और जो Opposition है उन्होंने कसम खा रखी है कि हमारी वज़ारत चाहे कितना अच्छा काम क्यों न करे उन्होंने भूले भटके से भी उस की तारीफ़ नहीं करनी है।

सरदार सरूप सिंह—ऐसा तो नहीं है, खां साहिब।

खान अब्दुल ग़फ्फार खां : उन की यह आदत है। लुध्याने के एक मैम्बर ने फरमाया कि अफसरों को काम करने नहीं दिया जाता और हमारे कांग्रेस के मैम्बर उन पर बेजा रोअब डालते हैं और उन को intimidate करते है। मुझ को और ज़िलों का पता नहीं। मैं अपने

[खान अब्दुल गफ्फार खां]
ज़िले अंबाले के बारे में दावे से कह सकता हूं कि वहां पर कोई कांग्रेसी डिप्टी कमिशनर या Superintendent of Police को मरऊब करने के लिये नहीं जाता है। मैं challenge करता हूं कि Opposition का कोई मैम्बर आए और मुझे दिखाये कि कब कोई कांग्रेसी अफ़सरों के पास गया है। लेकिन अगर यह बात है कि कहना ही है कि रोटी खाते हुए दाढ़ी हिलती है तो उस का हमारे पास कोई इलाज नहीं।

फिर मोगा के एक मैम्बर ने कहा कि कांग्रेस वरकर रिशवत लेते हैं। मैं समझता हूं कि चूंकि यह बात इस House के floor पर कही गई है इस लिये वह अपने आप को immune समझते हैं। लेकिन अगर यह बात बाहर कही जाती तो मैं समझता हूं कि वह immune न होते।

Mr. Speaker : Please do not say that.

श्री वधावा राम : जो लिखा है वह ज़रूर पढ़ेंगे।

खान अब्दुल गफ्फार खां : मैं बग़ैर लिखे के पढ़ सकता हूं। मैं कोई मौकूफ़ शुदा पटवारी नहीं हूं।

Mr. Speaker : Order, please.

खान अब्दुल गफ्फार खां : यह बात गलत है कि कांग्रेस का कोई मैम्बर ऐसा काम करता है। बल्कि मैं बता सकता हूं कि Opposition पार्टियों के कई मैम्बर ऐसा करते हैं। मैं उन के नाम भी बाहर जाकर बता सकता हूं। (*Cheers*)

फिर सामने बैठे दोस्तों ने यह भी कहा है कि वज़ीर साहिबान तन्खाहें तो पंजाब के खज़ाने से लेते रहे और काम Pepsu में electioneering का करते रहे। यह भी कहा गया है कि उन्होंने पार्टी की अग्राज़ के लिये सरकारी मोटरकारों और पैट्रोल का इस्तेमाल किया। मैं उन से पूछता हूं कि क्या कांग्रेसी होने के नाते यह उन का फर्ज़ नहीं था और अगर वह पेप्सू में न जाते तो अपने फर्ज़ से कोताही न करते। (तालियां)।

फिर उन्होंने यह कहा कि पैप्सू में कांग्रेस राजाओं और महाराजाओं की हो गई है। अपने तौर पर उन्हों ने यह कह कर एक बड़ा तीर मारा है। मैं उन से यह कहूंगा, "कल तक आप लोग जिन के दरबार में जाते थे, हम ने उन को ला कर आप के दरबार में खड़ा कर दिया है।" आप कहते हैं कि वे खतरनाक सांप हैं।

अध्यक्ष महोदय : आप को किसी शख्स को सांप से तशबीह नहीं देनी चाहिये।

खान अब्दुल गफ्फार खां : जनाबे वाला ! उन्हों ने ही यह इर्शाद फरमाया है। मैं पूछता हूं कि अगर कोई ग़लती कर के, मुआफ़ी मांग ले और सीधे रास्ते पर आ जाये, तो इस में क्या हर्ज है ? दरे तोबाह तो किसी पर बन्द नहीं है ?

इस में शक नहीं कि इस हुकूमत के राज्य में बहुत कुछ हो रहा है लेकिन इतना नहीं जितना public चाहती है ? हम चाहते हैं और जितना हम और वज़ीर साहिबान खुद चाहते हैं। मिसाल के तौर पर पुलिस के कर्मचारियों को लीजिये। वज़ीरों के सामने तो कप्तान साहिब और दूसरे बड़े २ अफ़सरान आते हैं। लोगों को तो, Constables, Head Constables

और Sub-Inspectors से ही वास्ता पड़ता है। इसी तरह माल के महकमे में public का छोटे कर्मचारियों से वास्ता पड़ता है। वज़ीर साहिबान के सामने तो डिप्टी कमिश्नर और माल अफसरान वगैरा ही आते हैं। मगर छोटे कर्मचारियों में ईमानदारी नहीं है, तो लोग कुदरती तौर पर बड़े अफसरों और वज़ीर साहिबान की ईमानदारी पर भी शक करने लगते हैं। इस लिये मैं वज़ीर साहिबान की खिदमत में अर्ज़ करता हूं कि वे छोटे मुलाज़िमों की ईमानदारी की तरफ ज़्यादा ध्यान दें।

Mr. Speaker : Please finish your speech now.

खान अबदुल ग़फ्फार खां : बस जनाब, मैं एक बात और कह कर बैठ जाता हूं। जनाबे वाला, मुझे बड़े अफसोस के साथ कहना पड़ता है कि हर सूबा में, हर महकमा में अम्बाला डिवीज़न को कतअन ignore किया जा रहा है और फिर इस डिवीज़न में से जिला अम्बाला को सब से ज़्यादा नज़र अंदाज़ किया जा रहा है। मुझे बड़े दुःख के साथ अपने वज़ीर साहिबान से कहना पड़ता है कि उन में रहम करने की ताकत भी नहीं रही अम्बाला शहर में लोगों को पानी तक नहीं मिलता। रोज़ सर फुटव्वल होती है। पुलिस के पर्चे बढ़ जाते हैं और झगड़े में बर्तन फट जाते हैं। पानी की बड़ी किल्लत है। कई बार इस मामले की तरफ सरकार का ध्यान दिलाया गया है मगर अभी तक कोई प्रबन्ध नहीं किया गया। मैं सरकार को यह चेतावनी देना चाहता हूं कि जिस तरह अंग्रेज़ों के वक्त में United Punjab की हकूमत के East Punjab को ignore करने की वजह से आज हम रो रहे हैं, इसी तरह अगर अम्बाला डिवीज़न को ignore किया जाता रहा, तो हमको एक न एक दिन फिर रोना पड़ेगा। "अगर इस डिवीज़न की हालत खराब ही रही तो यह प्रांत की तरक्की की स्कीमों और आप की नेक ख्वाहिशात की तकमील के रास्ते में रोड़ा बन जाएगा। हम तो कुछ डूबेंगे ही, साथ वालों को भी ले डूबेंगे।

ਵਿਕਾਸ ਮੰਤ੍ਰੀ (ਸਰਦਾਰ ਪਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਖਾਨ ਸਾਹਿਬ ਨੇ ਇਹ ਪਿਛਲੇ ਲਫਜ਼ Rhetorically use ਕੀਤੇ ਹਨ। He never meant what he has said.

Sardar Sarup Singh : On a point of order, Sir. It is a reflection on the hon. Member concerned.

Mr Speaker : No. I would have no objection to being called a rhetorician.

Minister for Development : Sir, it was just a tribute to the hon. Member.

ਸਪੀਕਰ ਸਾਹਿਬ, ਮੇਰੇ ਦੋਸਤਾਂ ਵਲੋਂ ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਹਨ। ਸਰਦਾਰ ਦਰਸ਼ਨ ਸਿੰਘ ਨੇ ਕੁਝ ਗੱਲਾਂ Utilization of Waste Lands Act ਬਾਰੇ ਵੀ ਕਹੀਆਂ ਹਨ। ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਆਦਮੀ ਜਿਨ੍ਹਾਂ ਨੂੰ ਇਸ ਐਕਟ ਹੇਠ ਜ਼ਮੀਨਾਂ ਦਿਤੀਆਂ ਗਈਆਂ ਸਨ ਪਿਛਲੇ ਸਾਲ ਬਾਰਸ਼ਾਂ ਨ ਹੋਣ ਕਰਕੇ ਆਪਣੀਆਂ ਜ਼ਮੀਨਾਂ ਨੂੰ ਪੂਰੀ ਤਰ੍ਹਾਂ ਕਾਸ਼ਤ ਨਹੀਂ ਸਨ ਕਰ ਸਕੇ। ਜਦੋਂ ਬਾਰਸ਼ਾਂ ਹੀ ਨਾ ਹੋਇਆਂ ਹੋਣ, ਤਾਂ ਉਹ ਦਰਖਤਾਂ ਨੂੰ ਕਿਵੇਂ ਉਖਾੜਦੇ, ਤੇ ਜ਼ਮੀਨ ਨੂੰ ਕਿਸ ਤਰ੍ਹਾਂ ਪੁਟ ਕੇ ਖੇਤੀ

[ਵਿਕਾਸ ਮੰਤਰੀ]

ਯੋਗ ਬਣਾਉਂਦੇ, ਅਤੇ ਵਾਹੀ ਕਿਸ ਤਰਾਂ ਕਰਦੇ । ਕਿਸੇ ਨੇ ਤਿੰਨ-ਚੁਥਾਈ ਜ਼ਮੀਨ ਨੂੰ reclaim ਕੀਤਾ ਹੈ ਤੇ ਕਿਸੇ ਨੇ ਅੱਧੀ ਨੂੰ। ਉਨ੍ਹਾਂ ਦੀਆਂ ਔਕੜਾਂ ਨੂੰ ਵੇਖਦਿਆਂ ਹੋਇਆਂ ਸਰਕਾਰ ਨੇ ਉਨ੍ਹਾਂ ਸਭਨਾ ਨੂੰ ਇਕ ਸਾਲ ਦੀ ਹੋਰ ਇਜਾਜ਼ਤ ਦਿਤੀ ਹੈ ਕਿਉਂਕਿ ਜੋ ਉਨ੍ਹਾਂ ਨਾਲ agreement ਕਰਕੇ ਉਨ੍ਹਾਂ ਨੂੰ ਉਜਾੜਨਾਂ ਤਾਂ ਮਕਸਦ ਨਹੀਂ ਸੀ ਅਸੀਂ ਇਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੀ ਮਿਹਨਤ ਅਤੇ ਪੈਸੇ ਉਪਰ ਜੋ ਉਨ੍ਹਾਂ ਜ਼ਮੀਨ ਦੀ reclamation ਤੇ ਖਰਚ ਕੀਤਾ ਸੀ ਪਾਣੀ ਫੇਰ ਦਈਏ । ਉਨ੍ਹਾਂ ਨੂੰ ਇਕ ਸਾਲ ਦੀ ਹੋਰ ਮੋਹਲਤ ਦਿਤੀ ਗਈ ਹੈ ਤਾਂ ਜੋ ਉਹ ਵਾਹੀ ਕਰ ਕੇ agreement ਦੀਆਂ ਸ਼ਰਤਾਂ ਪੂਰੀਆਂ ਕਰ ਸਕਣ । ਇਸ ਤੋਂ ਪਿਛੋਂ ਉਨ੍ਹਾਂ ਦਾ ਲਿਹਾਜ਼ ਨਹੀਂ ਕੀਤਾ ਜਾਏਗਾ (ਤਾਲੀਆਂ) ਜਿਹੜੇ ਆਦਮੀ lease ਉਪਰ ਜ਼ਮੀਨ ਲੈ ਕੇ ਖੇਤੀ ਦਾ ਕੰਮ ਕਰਨਾ ਜਾਣਦੇ ਹਨ, ਉਹ ਇਸ ਗਲ ਦੀ ਜ਼ਰੂਰ ਦਾਦ ਦੇਣਗੇ ।

ਪ੍ਰਧਾਨ ਜੀ, ਦੂਸਰੀ ਬਾਤ ਮੁਰੱਬਾ ਬੰਦੀ ਦੀ ਹੈ। ਮੁਰੱਬਾ ਬੰਦੀ ਦੇ ਸੰਬੰਧ ਵਿਚ ਦੋ ਸੱਜਣ ਬੋਲੇ ਹਨ, ਇਕ ਸਰਦਾਰ ਅਜਮੇਰ ਸਿੰਘ ਅਤੇ ਦੂਜੇ ਪ੍ਰਿੰਸੀਪਲ ਇਕਬਾਲ ਸਿੰਘ। ਸਪੀਕਰ ਸਾਹਿਬ, ਜਿਤਨੀ ਦੇਰ ਤਕ ਮੈਂ ਉਨ੍ਹਾਂ specific ਚੀਜ਼ਾਂ ਨੂੰ ਖੋਲ੍ਹ ਕੇ ਬਿਆਨ ਨਹੀਂ ਕਰਦਾ ਉਤਨੀ ਦੇਰ ਤਕ ਜਵਾਬ complete ਨਹੀਂ ਹੋ ਸਕੇਗਾ ਇਸ ਕਰਕੇ ਮੈਂ ਉਨ੍ਹਾਂ ਚੀਜ਼ਾਂ ਨੂੰ ਖੋਲ੍ਹ ਕੇ ਦਸਨ ਦੀ ਕੋਸ਼ਿਸ਼ ਕਰਾਂਗਾ।

ਸਰਦਾਰ ਅਜਮੇਰ ਸਿੰਘ ਹੋਰਾਂ ਨੇ ਚੌਥੇ ਦਿਨ ਜਦੋਂ ਹਾਊਸ adjourn ਹੋਇਆ ਸੀ, ਜਿਹੜੀਆਂ ਗਲਾਂ ਕੀਤੀਆਂ ਹਨ, ਮੈਂ ਉਨ੍ਹਾਂ ਬਾਰੇ ਦਸਣਾ ਚਾਹੁੰਦਾ ਹਾਂ ਕਿ ਉਹ ਕਿਨੀਆਂ ਕੁ ਵਜ਼ਨਦਾਰ ਹਨ । ਉਨ੍ਹਾਂ ਨੇ ਕਿਹਾ ਸੀ ਕਿ ਤਿੰਨ ਪਿੰਡ ਲਖਣ ਪੁਰ, ਗਹਿਲੇਵਾਲ ਅਤੇ ਭੂਮਤੀ ਦੀ ਮੁਰੱਬੇ ਬੰਦੀ ਤੋੜ ਦਿਤੀ ਗਈ ਹੈ । ਉਨ੍ਹਾਂ ਨੇ ਕਿਹਾ ਹੈ ਕਿ ਇਕ ਕਾਂਗ੍ਰਸੀ ਦੇ ਰਿਸ਼ਤੇਦਾਰ ਨੂੰ ਜਿਹੜਾ ਕਿ ਖੰਨੇ ਦਾ ਰਹਿਣ ਵਾਲਾ ਹੈ ਇਕ ਮਾਲ ਅਫਸਰ ਨੇ ਜ਼ਮੀਨ ਦੂਸਰੇ ਆਦਮੀ ਕੋਲੋਂ ਲੈ ਕੇ ਦੇ ਦਿਤੀ ਹੈ। ਮੇਰੀ ਅਰਜ਼ ਹੈ ਕਿ ਇਸ ਗਲ ਨਾਲੋਂ ਵਧ ਕੇ ਗ਼ਲਤ ਬਿਆਨੀ ਨਹੀਂ ਹੋ ਸਕਦੀ । ਮੈਨੂੰ ਸਮਝ ਨਹੀਂ ਆਉਂਦੀ ਕਿ ਮੇਰੇ ਮਿਤ੍ਰ ਸਰਦਾਰ ਅਜਮੇਰ ਸਿੰਘ Opposition ਵਲੋਂ ਖੜੇ ਹੋ ਕੇ ਇਹੋ ਜਿਹੀਆਂ ਗੱਲਾਂ ਕਹਿ ਕੇ ਕਿਵੇਂ ਆਪਣਾ ਫਰਜ਼ ਨਭਾਉਂਦੇ ਹਨ? ਸਪੀਕਰ ਸਾਹਿਬ, ਲਖਣਪੁਰ ਵਿਚ ਕਾਕਾ ਸਿੰਘ ਦੀ ਰਿਸ਼ਤੇਦਾਰੀ ਦੇ ਬਾਰੇ ਵਿਚ ਅਸਾਂ ਪੜਤਾਲ ਕੀਤੀ ਹੈ ਖਾਮੀਆਂ ਗਲਾਂ ਤੇ ਪਤਾ ਪਿਆ ਹੈ ਉਥੇ ਫਿਰਨੀ ਸਕੀਮ ਮਨਜ਼ੂਰ ਹੋਏ ਸੀ। ਫਿਰਨੀ ਸਾਰੇ ਪਿੰਡ ਦੇ ਆਲੇ ਦੁਆਲੇ ਫਿਰਦੀ ਹੈ ਅਤੇ ਜਿਥੇ ਸਫੈਦ ਪੋਸ਼ ਦੀ ਜ਼ਮੀਨ ਆਉਂਦੀ ਹੈ ਉਥੇ ਖਤਮ ਹੋ ਜਾਂਦੀ ਹੈ। ਜਿਥੇ ਹਰੀਜਨ ਆਬਾਦ ਹਨ ਉਥੇ ਫਿਰਨੀ ਦੀ ਸਕੀਮ ਲਾਗੂ ਨਹੀਂ ਹੁੰਦੀ । ਬਲਕਿ ਉਨ੍ਹਾਂ ਸਭਨਾ ਵਿਚੋਂ ਹਰ ਇਕ ਨੂੰ ਜਿਸ ਨੂੰ ਕਿ ਇਕ ਏਕੜ ਜ਼ਮੀਨ ਦਾ ਵੀ ਹਕ ਨਹੀਂ ਹੁੰਦਾ ਪੰਜ ੨ ਏਕੜ ਜ਼ਮੀਨ ਮਿਲ ਜਾਂਦੀ ਹੈ। ਕੋਈ ਸਬੂਤ ਨਹੀਂ ਮੰਗਿਆ ਜਾਂਦਾ ਕਿ ਉਨ੍ਹਾਂ ਦਾ ਵਾਕਿਆ ਹੀ ਪੰਜਾਂ ਏਕੜਾਂ ਦਾ ਹੱਕ ਸੀ । ਹੁਣ ਇਹ ਫਿਰਨੀ ਸਾਰੇ ਪਿੰਡ ਵਿਚ ਤਾਂ ਆਈ ਜਿਸ ਜਗਾਹ ਉਸ ਦੀ ਜ਼ਮੀਨ ਸੀ ਉਥੇ ਬੰਦ ਹੋ ਗਈ। ਉਸ ਸਜਨ ਦਾ ਨਾਮ ਸਰਦਾਰ ਗੋਪਾਲ ਸਿੰਘ ਸੀ ਉਹ ਲੰਬਰਦਾਰ ਅਤੇ ਸੁਫੈਦਪੋਸ਼ ਵੀ ਸੀ। ਉਸ ਨੇ ਇਹ ਗਲ ਕਰਕੇ ਨਾਜਾਇਜ਼ ਫਾਇਦਾ ਉਠਾਇਆ ਹੈ। ਦੋ ਤਿੰਨ ਆਦਮੀ ਹੋਰ ਹਨ ਜਿਹੜੇ ਕਿ ਉਥੇ ਹੀ ਵਿਆਹੇ ਹਨ ਜਿਥੇ ਕਿ Settle-ment Officer ਵਿਆਹਿਆ ਹੋਇਆ ਹੈ ਅਤੇ ਹੋਰ ਰਿਸ਼ਤੇਦਾਰੀਆਂ ਹਨ ਉਨ੍ਹਾਂ ਦੀ ਨਾਜਾਇਜ਼ ਮਦਦ ਹੋਈ ਹੈ । ਇਹ ਗਲਾਂ ਹਨ ਜਿਸ ਕਰ ਕੇ ਡਾਇਰੈਕਟਰ ਸਾਹਿਬ ਨੇ ਉਨ੍ਹਾਂ

ਪਿੰਡਾਂ ਦੀ ਮੁਰੱਬੇ ਬੰਦੀ ਨੂੰ ਤੋੜ ਦਿਤਾ ਹੈ। ਲੇਕਿਨ ਜਿਹੜੀ ਗੱਲ ਉਨ੍ਹਾਂ ਇਹ ਕਹੀ ਹੈ ਕਿ ਉਹ ਆਦਮੀ ਕਿਸੇ ਕਾਂਗਰਸੀ ਦਾ ਭਲੇਵਾਂ ਹੈ, ਯਾ ਕੋਈ ਹੋਰ ਰਿਸ਼ਤੇਦਾਰ ਹੈ—ਉਨ੍ਹਾਂ ਨੇ ਭਣਵੇਈਆ ਕਿਹਾ ਹੈ ਪਰ ਅਸਲ ਵਿਚ ਉਹ ਸਾਲਾ ਹੈ—ਲੇਕਿਨ ਸਪੀਕਰ ਸਾਹਿਬ, ਮੈਂ ਆਪ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਨੂੰ ਇਸ ਗਲ ਦਾ ਬਿਲਕੁਲ ਪਤਾ ਨਹੀਂ ਸੀ ਬਲਕਿ ਖ਼ਾਬ ਵਿਚ ਵੀ ਇਹ ਗਲ ਨਹੀਂ ਸੀ ਆਈ ਕਿ ਉਹ ਫਲਾਣੇ ਆਦਮੀ ਦਾ ਰਿਸ਼ਤੇਦਾਰ ਹੈ। ਮੇਰੇ ਪਾਸ ਕਾਗਜ਼ਾਤ ਆਇ ਹਨ ਅਤੇ ਮੈਂ ਉਨ੍ਹਾਂ ਦਾ ਤੱਤ ਹਾਉਸ ਦੇ ਸਾਹਮਣੇ ਰਖਦਾ ਹਾਂ। ਜੇਕਰ ਉਹ ਗਲਤ ਹੋਣ ਤਾਂ ਮੈਂ ਫਿਰ ਦਸਨ ਨੂੰ ਤਿਆਰ ਹਾਂ ਅਤੇ ਜੇਕਰ ਉਹ ਠੀਕ ਹੋਣ ਤਾਂ ਉਨ੍ਹਾਂ ਨੂੰ ਅਪਣੀ ਗਲਤੀ ਮੰਨ ਲੈਣੀ ਚਾਹੀਦੀ ਹੈ। ਕਾਗਜ਼ ਉਨ੍ਹਾਂ ਆਦਮੀਆਂ ਦੇ ਆਏ ਹਨ ਜਿਨ੍ਹਾਂ ਨੇ ਸਰਦਾਰ ਅਜਮੇਰ ਸਿੰਘ ਨੂੰ ਵਕੀਲ ਖੜਾ ਕੀਤੀ ਸੀ। ਉਹ ਲੋਕ ਚਾਹੁੰਦੇ ਸਨ ਕਿ ਮਾਲ ਅਫਸਰ ਪਿੰਡਾਂ ਦੀ ਮੁਰੱਬਾ ਬੰਦੀ ਤੋੜ ਦੇਵੇ। ਉਨ੍ਹਾਂ ਕੋਲੋਂ ਫੀਸ ਲੈਕੇ ਸਰਦਾਰ ਸਾਹਿਬ ਨੇ ਕੋਰਟ ਵਿਚ argue ਕੀਤਾ ਕਿ ਪਿੰਡਾਂ ਦੀ ਮੁਰੱਬਾ ਬੰਦੀ ਟੁਟਨੀ ਚਾਹੀਦੀ ਹੈ। ਉਨ੍ਹਾਂ ਦੇ ਮਾਲ ਅਫਸਰ ਉਪਰ ਜ਼ੋਰ ਪਾਇਆ ਕਿ ਫੁਲਾਣੇ ਆਦਮੀ ਨੂੰ ਦੋ ਕਿਲੇ ਜ਼ਮੀਨ, ਜਿਨ੍ਹਾਂ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਦੇ ਦਿਤੀ ਜਾਵੇ। ਨਹੀਂ ਤੇ ਪਿੰਡਾਂ ਵਾਲੇ ਉਸ ਦੇ ਬਰ-ਖਲਾਫ petition ਕਰਨਗੇ। ਇਨ੍ਹਾਂ ਨੇ ਉਨ੍ਹਾਂ ਪਿੰਡਾਂ ਦੀ ਮੁਰੱਬਾ ਬੰਦੀ ਤੋੜਨ ਵਾਸਤੇ ਪਲੀਡ (plead) ਕੀਤਾ। ਮਾਲ ਅਫਸਰ ਨੇ ਪਿੰਡ ਤਾਂ ਨਾਂ ਤੋੜਿਆ ਲੇਕਿਨ ਉਨ੍ਹਾਂ ਦੇ ਦਬਾਉ ਹੇਠ ਆਕੇ ਦੂਸਰੀ ਚੀਜ਼ ਕਰ ਦਿਤੀ। ਸਪੀਕਰ ਸਾਹਿਬ, ਮੈਨੂੰ ਹੈਰਾਨੀ ਤਾਂ ਇਸ ਗਲ ਦੀ ਹੈ ਕਿ ਹੁਣ ਉਹੋ ਸਰਦਾਰ ਸਾਹਿਬ ਕਹਿੰਦੇ ਹਨ ਕਿ ਪਿੰਡ ਡਾਇਰੈਕਟਰ ਨੇ ਤੋੜੇ ਹਨ। ਡਾਇਰੈਕਟਰ ਨੇ ਤਾਂ ਇਕੋ ਚੀਜ਼ ਦੇਖੀ ਕਿ ਫਿਰਨੀ ਸਕੀਮ ਦੇ ਮੁਤਾਬਿਕ ਨਹੀਂ ਰਖੀ ਗਈ ਅਤੇ ਉਸ ਆਦਮੀ ਦਾ ਹਕ ਨਹੀਂ ਬਨਦਾ। ਇਸ ਲਈ ਉਸ ਨੇ ਉਨ੍ਹਾਂ ਪਿੰਡਾਂ ਦੀ ਮੁਰੱਬੇ ਬੰਦੀ ਤੋੜ ਦਿਤੀ। ਹੁਣ ਮੈਨੂੰ ਤਾਂ ਇਹ ਮਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਸਰਦਾਰ ਗੋਪਾਲ ਸਿੰਘ ਹੋਰਾਂ ਫਿਰ ਕਿਹਾ ਹੈ ਕਿ ਪਿੰਡ ਦੋਬਾਰਾ ਬਹਾਲ ਕਰਵਾਓ, ਉਨ੍ਹਾਂ ਨੂੰ ਨਾਂ ਟੁਟਣ ਦਿਓ ਇਸ ਕਰਕੇ ਹੁਣ ਸਰਦਾਰ ਅਜਮੇਰ ਸਿੰਘ ਦੂਸਰੀ ਤਰਫੋਂ ਵਕਾਲਤ ਕਰ ਰਿਹਾ ਹੈ। ਪ੍ਰਧਾਨ ਜੀ, ਇਹੋ ਵਜਹ ਸੀ ਕਿ ਮੈਂ ਸ਼ੁਰੂ ਵਿਚ ਆਖਿਆ ਸੀ ਕਿ ਸਾਨੂੰ consolidation ਦੇ mutation ਵਿਚ ਵਕੀਲ ਕਰਨ ਦੀ ਅਜਾਜ਼ਤ ਨਹੀਂ ਦੇਣੀ ਚਾਹੀਦੀ। ਅਤੇ ਜੇਕਰ ਹੁਣ ਦੇ ਹੀ ਦਿਤੀ ਹੈ ਤਾਂ ਮੈਂ ਅਰਜ਼ ਕਰਾਂਗਾ ਕਿ ਸਾਡੇ ਹਾਊਸ ਦੇ ਵਕੀਲ ਮੈਂਬਰ ਸਾਹਿਬਾਨ ਨੂੰ ਸਾਡੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਵਕਾਲਤ ਦੂਸਰੇ ਵਕੀਲਾਂ ਨੂੰ ਕਰਨ ਦੇਣ। ਲੋਕ ਸਮਝਦੇ ਹਨ ਕਿ ਫਲਾਣਾ ਆਦਮੀ ਅਸੈਂਬਲੀ ਦਾ ਮੈਂਬਰ ਹੈ ਉਸ ਨੂੰ ਵਕੀਲ ਕਰ ਲੋ ਉਹ ਅਪਣੇ ਰਸੂਖ ਨਾਲ ਕੰਮ ਕਰਵਾ ਦੇਵੇਗਾ। ਉਨ੍ਹਾਂ ਲਈ ਬੰਦਸ਼ ਕੋਈ ਨਹੀਂ ਹੈ ਉਹ ਆਪਣੀ ਮਰਜ਼ੀ ਦੇ ਮਾਲਕ ਹਨ ਲੇਕਿਨ ਮੈਂ ਉਨ੍ਹਾਂ ਨੂੰ ਦਰਖਾਸਤ ਕਰਾਂਗਾ ਬੜੀ ਨਿਮਰਤਾ ਅਤੇ ਅਧੀਨਗੀ ਨਾਲ ਕਿ ਉਹ ਅਜਿਹੇ ਕੇਸ (cases) ਨਾ ਲਿਆ ਕਰਨ। ਮੈਂ ਅਰਜ਼ ਕਰਦਾ ਹਾਂ ਕਿ ਅਜਿਹਾ ਕਰਨ ਲਈ ਉਨ੍ਹਾਂ ਉਪਰ legal binding ਕੋਈ ਨਹੀਂ ਹੈ ਪਰੰਤੂ ਉਨ੍ਹਾਂ ਲਈ ਜਵਾਬ ਇਹੀ ਹੈ ਕਿ ਉਹ consolidation ਦੇ mutation ਦੇ cases ਵਿਚ ਦੂਸਰੇ ਵਕੀਲ ਭਾਈਆਂ ਨੂੰ ਭੁਗਤਨ ਦਿਆ ਕਰਨ। ਪਹਿਲੇ ਤਾਂ ਮੇਰੇ ਮਿਤ੍ਰ ਕੋਸ਼ਸ਼ ਕਰਦੇ ਰਹੇ ਹਨ ਪਿੰਡਾਂ ਨੂੰ ਤੁੜਵਾਣ ਦੀ, ਅਤੇ ਜੇ ਮਾਲ ਅਫਸਰ ਨੇ ਨਹੀਂ ਤੋੜਿਆ ਤਾਂ ਜਦੋਂ ਡਾਇਰੈਕਟਰ ਨੇ ਵੇਖਿਆ ਕਿ ਸਕੀਮ ਦੇ ਮੁਤਾਬਿਕ ਕੰਮ ਨਹੀਂ ਹੋਇਆ ਤਾਂ ਉਸ ਨੇ ਮਿੰਟ ਨਹੀਂ ਲਾਇਆ ਅਤੇ ਪਿੰਡਾਂ ਨੂੰ ਤੋੜ ਦਿਤਾ ਤਾਂ ਹੁਣ ਮੇਰੇ ਵੀਰ ਦੂਜੇ ਪਾਸੇ ਵਲ ਲਗ ਤੁਰੇ ਹਨ। ਪ੍ਰਧਾਨ ਜੀ,

[ਵਿਕਾਸ ਮੰਤ੍ਰੀ]

ਅਗੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੇਕਰ consolidation ਦੇ mutation ਵਿਚ Assistant Consolidation Officer ਅਪਣੇ ਇਖਤਿਆਰਾਤ ਦੀ ਵਰਤੋਂ ਇਸ ਤਰਾਂ ਕਰਨ ਤਾਂ ਕੰਮ ਨਹੀਂ ਚਲ ਸਕਦਾ। ਕਿਉਂਕਿ ਇਹ ਜਾਇਜ਼ ਨਹੀਂ। ਉਸ ਆਦਮੀ ਦੇ ਬਰਖਲਾਫ ਹੋਰ ਵੀ ਕਈ ਸ਼ਿਕਾਇਤਾਂ ਹਨ ਅਤੇ ਦੂਸਰੇ A. C. O. ਦੇ ਬਰਖਲਾਫ ਵੀ ਸ਼ਿਕਾਇਤਾਂ ਹਨ। ਤੁਸੀਂ ਪੁਛੋਗੇ ਕਿ ਪਿੰਡਾਂ ਨੂੰ ਬਚਾਉਣ ਵਾਸਤੇ ਅਸਾਂ ਉਨ੍ਹਾਂ ਨੂੰ ਕੀ ਸਜ਼ਾ ਦਿਤੀ ਹੈ ? ਤਾਂ ਮੈਂ ਇਸ ਹਾਊਸ ਦੇ ਮੈਂਬਰ ਸਾਹਿਬਾਨ ਅਤੇ opposition ਵਾਲਿਆਂ ਨੂੰ ਖਾਸ ਕਰਕੇ ਇਹ ਕਹਿਨਾ ਚਾਹੁੰਦਾ ਹਾਂ ਕਿਉਂਕਿ ਆਮ ਤੌਰ ਤੇ ਉਹ ਕਹਿੰਦੇ ਹਨ ਕਿ ਅਸੀਂ ਨੇਕ ਅਫਸਰਾਂ ਨੂੰ ਤਾਂ degrade ਕਰਦੇ ਹਾਂ ਅਤੇ ਬੇਈਮਾਨ ਅਫਸਰਾਂ ਨੂੰ ਉਚਾ ਚੁਕਦੇ ਹਾਂ, ਕਿ ਉਨ੍ਹਾਂ ਦੋਹਾਂ ਅਫਸਰਾਂ ਨੂੰ degrade ਕਰਕੇ ਗਿਰਦਾਵਰ ਕਰ ਦਿਤਾ ਹੈ (ਤਾਲੀਆਂ)। ਇਹ ਕਾਰਵਾਈ ਹੁਣੇ ਨਹੀਂ ਕੀਤੀ ਬਲਕਿ ਇਸ ਹਾਊਸ ਦੇ meet ਕਰਨ ਤੋਂ ਇਕ ਮਹੀਨਾ ਪਹਿਲੇ ਕੀਤੀ ਸੀ। ਸਪੀਕਰ ਸਾਹਿਬ, ਫੇਰ ਸਰਦਾਰ ਅਜਮੇਰ ਸਿੰਘ ਨੇ ਤਕਰੀਰ ਕਰਨ ਲਈ ਉਠਦਿਆਂ ਹੀ ਇਹ ਗਲ ਇਕੋ ਸਾਹ ਵਿਚ ਕਰ ਛੱਡੀ ਕਿ ਅਸੀਂ ਅਫਸਰਾਂ ਦੀ transfer ਬਹੁਤੇ ਜਲਦੀ ਜਲਦੀ ਕਰਦੇ ਹਾਂ। ਮੈਂ ਉਨ੍ਹਾਂ ਵਲ ਤਕਿਆ ਤਾਂ ਉਨ੍ਹਾਂ ਨੇ ਫਟਾਫਟ ਦੂਸਰਾ ਫਿਕਰਾ quote ਕਰ ਦਿਤਾ ਕਿ ਅਫਸਰ ਚੰਦੇ ਇਕੱਠੇ ਕਰਦੇ ਹਨ। ਜਿਸ ਪਹਿਲੇ ਆਦਮੀ ਦੇ ਬਾਰੇ ਵਿਚ ਉਨ੍ਹਾਂ ਨੇ ਕਿਹਾ ਸੀ ਉਸ ਦੇ ਬਾਰੇ ਵਿਚ, ਸਪੀਕਰ ਸਾਹਿਬ, ਮੈਂ ਕੀ ਅਰਜ਼ ਕਰਾਂ, ਲੇਕਿਨ ਦੂਸਰੇ ਦੇ ਬਾਰੇ ਵਿਚ ਮੈਂ ਅਰਜ਼ ਕਰਾਂਗਾ ਕਿ ਮੇਰੇ ਪਾਸ ਇਕ ਰਿਪੋਰਟ ਆਈ ਹੈ। ਇਕ ਵਕੀਲ ਸਾਹਿਬ ਉਸ ਦੇ ਬਰਖਲਾਫ ਹਨ ਅਤੇ ਇਕ ਉਨ੍ਹਾਂ ਦੇ ਹਕ ਵਿਚ। ਦਰਅਸਲ ਲੜਾਈ ਉਨ੍ਹਾਂ ਦੋਵਾਂ ਵਕੀਲਾਂ ਦੀ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਮੈਨੂੰ ਉਹ ਕੀ ਕਹਿੰਦੇ ਹਨ। ਸਪੀਕਰ ਸਾਹਿਬ, ਮੇਰੀ ਜ਼ੱਦ ਵਿਚ ਤੇ ਜਿਹੜਾ ਆ ਗਿਆ ਉਸ ਨੂੰ ਰਗੜਾ ਜ਼ਰੂਰ ਲਗ ਜਾਵੇਗਾ। ਅਸਾਂ ਇਸ ਗਲ ਦੀ ਪੜਤਾਲ ਕੀਤੀ ਕਿ ਕੌਣ ਅਫਸਰ ਸਕੂਲਾਂ ਦੇ ਚੰਦੇ ਇਕੱਠੇ ਕਰਦੇ ਹਨ। ਕਾਪੀਆਂ ਵੀ ਸਾਡੇ ਹੱਥ ਆ ਗਈਆਂ। ਲੋਕਾਂ ਕੋਲੋਂ ਤਫ਼ਤੀਸ਼ ਕੀਤੀ। ਉਨ੍ਹਾਂ ਨੇ ਸਾਨੂੰ ਦਸਿਆ ਕਿ ਫਲਾਣੀਆਂ ੨ ਰਸੀਦਾਂ ਕਟੀਆਂ ਹਨ।

ਸਪੀਕਰ ਸਾਹਿਬ, ਮੈਂ ਆਪਨੂੰ ਇਹ ਵਿਸ਼ਵਾਸ ਦਿਲਾਉਂਦਾ ਹਾਂ ਕਿ ਜਿਥੇ ਲੋਕਾਂ ਨੇ ਇਹ ਕਿਹਾ ਕਿ ਅਸੀਂ ਚੰਦੇ ਦਿਤੇ ਹਨ ਪਰ ਉਨ੍ਹਾਂ ਦੀਆਂ ਰਸੀਦਾਂ ਹੈ ਨਹੀਂ, ਉਨ੍ਹਾਂ ਦੇ ਖਿਲਾਫ ਵੀ ਅਸੀਂ ਪੂਰੀ ਕਾਰਵਾਈ ਕਰਾਂਗੇ। ਪਰ ਉਹ ਕੇਸ ਅਲੇਹਦਾ ਚਲਣਗੇ। ਮੈਂ ਛਡਾਂਗਾ ਨਹੀਂ, ਇਹ ਤੁਸੀਂ ਯਕੀਨ ਰਖੋ। ਪਰ ਗਲ ਸਾਰੀ ਇਹ ਹੈ ਕਿ ਹਾਊਸ ਦੇ ਉਸ ਪਾਸਿਉਂ (ਅੱਪੋਜ਼ੀਸ਼ਨ ਵੱਲੋਂ) ਜਿਹੜੇ ਮੈਂਬਰ ਬੋਲਦੇ ਹਨ ਉਨ੍ਹਾਂ ਵਿਚ ਸਚਾਈ ਬਹੁਤ ਘੱਟ ਹੁੰਦੀ ਹੈ। ਉਨ੍ਹਾਂ ਨੂੰ ਇਹ ਧਿਆਨ ਜ਼ਰੂਰ ਦੇਣਾ ਚਾਹੀਦਾ ਹੈ ਕਿ ਅਸੀਂ ਇਸ ਸਿਲਸਿਲੇ ਵਿਚ ਕਿਤਨੀ ਸਖਤੀ ਨਾਲ ਕਾਰਵਾਈ ਕਰ ਰਹੇ ਹਾਂ। ਇਸ ਵਿਚ ਇਹ ਨਹੀਂ ਹੋਵੇਗਾ ਕਿ ਕਿਸੇ ਖਾਸ ਆਦਮੀ ਦਾ ਲਿਹਾਜ਼ ਕੀਤਾ ਜਾਵੇਗਾ। ਕਿਉਂਕਿ ਉਹ ਕਾਂਗਰਸੀ ਹੈ। ਯਾ ਸਰਕਾਰ ਦਾ ਆਪਣਾ ਆਦਮੀ ਹੈ। ਮੈਂ ਉਨ੍ਹਾਂ ਅਗੇ ਬੇਨਤੀ ਕਰਾਂਗਾ ਕਿ ਬੇਸ਼ਕ ਉਹ ਸਾਨੂੰ ਇਨ੍ਹਾਂ ਚੀਜ਼ਾਂ ਦੀਆਂ ਸੂਚਨਾਵਾਂ ਦਿੰਦੇ ਰਿਹਾ ਕਰਨ। ਜਿਥੇ ਵੀ ਅਸੀ ਸਮਝਾਂਗੇ ਕਿ ਇਹ ਠੀਕ ਹਨ ਅਸੀਂ ਉਸ ਪੁਰ ਪੂਰੀ ਤਰ੍ਹਾਂ ਨਾਲ ਕਾਰਵਾਈ ਕਰਾਂਗੇ।

ਇਕ ਆਨਰੇਬਲ ਮੈਂਬਰ ਨੇ ਕਿਹਾ ਕਿ ਕਈ ਚੰਗਿਆਂ ਆਦਮੀਆਂ ਨੂੰ ਵੀ revert ਕੀਤਾ ਗਿਆ ਹੈ। ਨਾਉਂ ਤਾਂ ਉਨ੍ਹਾਂ ਦੇ ਨਹੀਂ ਦਸੇ। ਨਾ ਹੀ ਮੈਨੂੰ ਪਤਾ ਹੈ। ਪਰ

ਮਿਸਾਲ ਦੇ ਤੌਰ ਤੇ ਮੈਂ ਉਨ੍ਹਾਂ ਨੂੰ ਇਕ ਗਲ ਚੰਗੀ ਤਰ੍ਹਾਂ ਨਾਲ ਸਮਝਾ ਦੇਣੀ ਚਾਹੁੰਦਾ ਹਾਂ। ਇਨ੍ਹਾਂ ਵਿਚੋਂ ਜਿਨ੍ਹਾਂ ਨੂੰ ਇਹ ਚੰਗੇ ਅਤੇ ਈਮਾਨਦਾਰ ਅਫਸਰ ਸਮਝਦੇ ਹਨ । ਇਕ ਏ0 ਸੀ0 ਓ. (Assistant Consolidation Officer) ਨੂੰ ਮੈਂ revert ਕੀਤਾ ਹੈ । ਤੁਸੀਂ ਪੁਛੋਗੇ, ਕਿਉਂ ? ਉਸ ਦਾ ਕਾਰਣ ਇਹ ਸੀ ਕਿ ਉਸ ਨੇ ਦੋ ਯਾ ਤਿੰਨ mutations ਆਪਣੇ ਇਖਤਿਆਰਾਤ ਤੋਂ ਬਾਹਰ ਜਾਕੇ ਕੀਤੇ ਕਿਉਂਕਿ ਇਸ ਵਿਚ ਉਹ ਕਿਸੇ ਨੂੰ ਜ਼ਮੀਨ ਦੇ ਮਾਮਲੇ ਵਿਚ ਫ਼ਾਇਦਾ ਪਹੁੰਚਾਨਾ ਚਾਹੁੰਦਾ ਸੀ । ਉਹ ਪੱਖ ਉਸ ਨੇ ਕਿਸੇ ਕੋਲੋਂ ਪੈਸਾ ਲੈ ਕੇ ਨਹੀ ਕਿਤਾ । ਸਿਰਫ ਕਿਸੇ ਦੀ ਸਿਫਾਰਿਸ਼ ਉਤੇ ਕੀਤਾ ਸੀ । ਸੋ, ਸਪੀਕਰ ਸਾਹਿਬ, ਉਸ ਏ0 ਸੀ0 ਓ. ਨੂੰ ਜਿਸ ਨੂੰ ਪੂਰਾ ਈਮਾਨਦਾਰ ਸਮਝਿਆਂ ਜਾਂਦਾ ਸੀ ਪਿੰਡ ਵਿਚ ਖੜਾ ਕਰਕੇ ਪੁਛਿਆ ਅਤੇ ਮਨਾਇਆ ਕਿ ਆਇਆਂ ਉਸ ਨੇ ਇਸ ਮਾਮਲੇ ਵਿਚ ਆਪਣੇ ਇਖਤਿਆਰਾਤ ਦਾ ਗ਼ਲਤ ਇਸਤੇਮਾਲ ਕੀਤਾ ਸੀ ਕਿ ਨਹੀਂ ? ਚਾਹੇ ਉਹ ਈਮਾਨਦਾਰ ਹੀ ਸੀ, ਪਰ ਇਹੋ ਜਿਹੀ ਚੀਜ਼ ਉਸਨੇ ਕਿਓਂ ਕੀਤੀ ? ਇਸੇ ਕਾਰਨ ਮੈਂ ਉਸਨੂੰ revert ਕਰ ਦਿੱਤਾ । ਮੇਰੇ ਇਸ ਤਰ੍ਹਾਂ ਦੇ action ਲੈਣ ਤੋਂ ਬਾਅਦ ਉਹ ਮੇਰੇ ਕੋਲ ਆਇਆ । ਉਸ ਨੇ ਕਿਹਾ ਕਿ ਮੈਂ ਕਹਿੰਦਾ ਹਾਂ ਕਿ ਸਾਰੀ ਉਮਰ ਵਿਚ ਇਕ ਪੈਸੇ ਦੀ ਰਿਸ਼ਵਤ ਵੀ ਨਹੀਂ ਲਈ । ਸਿਰਫ ਇਹ ਪਹਿਲੀ ਵਾਰੀ ਇਕ ਸਿਫਾਰਿਸ਼ ਮੰਨ ਕੇ ਕੰਮ ਕੀਤਾ ਸੀ । ਪਰ ਪਹਿਲੀ ਵਾਰੀ ਹੀ ਉਹ ਪਕੜਿਆ ਗਿਆ । ਉਸ ਨੇ ਬੜੀਆਂ ਮਿਨਤਾਂ ਤਰਲੇ ਕੀਤੇ ਕਿ ਇਸ ਵਾਰੀ ਮੁਆਫ਼ ਕਰ ਦਿਉ । ਪਰ ਜਵਾਬ ਵਿਚ ਫਿਰ ਵੀ ਮੈ ਓਨ੍ਹਾਂ ਆਖਿਆ ਕਿ ਨਹੀਂ ਛੇ ਮਹੀਨੇ ਮੈਂ ਤੇਰੇ ਕੰਮ ਨੂੰ ਵੇਖਾਂਗਾ ਤੇ ਉਸ ਤੋਂ ਬਾਅਦ ਜੋ ਕੁਝ ਕਰਨਾ ਹੋਇਆ ਤਾਂ ਕਰਾਂਗਾ । ਇਸ ਲਈ, ਸਪੀਕਰ ਸਾਹਿਬ, ਮੈਂ ਆਪ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਹਾਡੀ ਵਜ਼ਾਰਤ ਇਸ ਤਰ੍ਹਾਂ ਨਾਲ ਕੰਮ ਕਰ ਰਹੀ ਹੈ ਕਿ ਆਮ ਜਨਤਾ ਤਰੱਕੀ ਦੇ ਰਸਤੇ ਉਤੇ ਅੱਗੇ ਵੱਧੇ ਅਤੇ ਖੁਸ਼ੀ ਦਾ ਅਨੁਭਵ ਕਰੇ । ਮੈਂ ਇਹ ਮੰਨਦਾ ਹਾਂ ਕਿ ਸਾਡੇ ਵਿਚ ਅਜੇ ਵੀ ਖਾਮੀਆਂ ਹਨ । ਆਖਿਰ ਇਨਸਾਨ ਹੀ ਹਾਂ । ਕੋਈ ਖੁਦਾ ਤਾਂ ਨਹੀਂ । ਮੈਂ ਸਰਦਾਰ ਅਜਮੇਰ ਸਿੰਘ ਜੀ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਅਪਣੀ ਤਕਰੀਰ ਵਿਚ ਅਗੇ-ਪਿਛੇ ਜਿਹੜੀਆਂ ਗੱਲਾਂ ਕੀਤੀਆਂ ਸਨ ਉਨ੍ਹਾਂ ਸੰਬੰਧੀ ਮੈਂ ਮੁਤਅਲਕਾ ਕਾਗਜ਼ਾਂ ਨੂੰ ਵੇਖ ਕੇ ਇਸ ਹਾਊਸ ਵਿਚ ਹਕੀਕੀ ਪੋਜੀਸ਼ਨ ਫੇਰ ਦੱਸਾਂਗਾ । ਪਰ ਫਿਰ ਵੀ ਮੈਂ ਇਹ ਜ਼ਰੂਰ ਕਹਿਨਾ ਚਾਹੁੰਦਾ ਹਾਂ ਕਿ ਜੋ ਕੁਝ ਉਨ੍ਹਾਂ ਕਿਹਾ ਉਹ ਹਾਉਸ ਵਿਚ ਕਹਿਣਾ ਠੀਕ ਨਹੀਂ ਸੀ । ਸਪੀਕਰ ਸਾਹਿਬ, ਮੇਰਾ ਯਕੀਨ ਹੈ ਕਿ ਇਸ ਹਾਊਸ ਦੇ ਮੈਂਬਰ, ਤੁਹਾਡੀ ਵਜ਼ਾਰਤ ਅਤੇ ਜਨਤਾ ਦਾ ਕੋਈ ਵੀ ਸੱਚਾ ਸੇਵਕ ਇਹ ਨਹੀਂ ਚਾਹੁੰਦਾ ਕਿ ਸਾਡੇ ਅਫਸਰਾਂ ਵਿਚੋਂ ਯਾ ਸਰਕਾਰੀ ਕਰਮਚਾਰੀਆਂ ਵਿਚੋਂ ਕੋਈ ਵੀ ਰਿਸ਼ਵਤ ਲਵੇ । ਮੈਂ ਕਿਵੇਂ ਤੁਹਾਨੂੰ ਯਕੀਨ ਦਿਵਾਵਾਂ, ਸਪੀਕਰ ਸਾਹਿਬ, ਕਿ ਮੈਂ ਇਹ ਫੈਸਲਾ ਕਰ ਲਿਆ ਹੈ ਕਿ ਹਰ ਪਿੰਡ ਵਿਚ ਜਾਵਾਂਗਾ ਤੇ ਉਥੇ ਹਰ ਇਕ ਆਦਮੀ ਦੀ ਸ਼ਿਕਾਇਤ ਸੁਣਾਂਗਾ । ਜਿਨ੍ਹਾਂ ਜਿਨ੍ਹਾਂ ਪਿੰਡਾਂ ਜਾਂ ਤਹਿਸੀਲਾਂ ਵਿਚ ਮੈਂ ਅਜੇ ਤਿਕਨ ਨਹੀਂ ਜਾ ਸਕਿਆ ਉਨ੍ਹਾਂ ਸਾਰੀਆਂ ਥਾਵਾਂ ਤੇ ਮੈਂ ਸੈਸ਼ਨ ਖਤਮ ਹੋਣ ਤੇ ਜਾਵਾਂਗਾ ਤੇ ੧੫,੧੫ ਯਾ ੨੦,੨੦ ਆਦਮੀ ਨਾਲ ਲੈਕੇ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਨੂੰ ਜਿਨ੍ਹਾਂ ਦੇ ਖਿਲਾਫ਼ ਰਿਸ਼ਵਤ ਦੀ ਯਾ ਕੋਈ ਹੋਰ ਸ਼ਿਕਾਇਤ ਹੋਵੇਗੀ ਚੰਗੀ ਤਰ੍ਹਾਂ ਨਾਲ ਸੁਆਦ ਦਸਾਂਗਾਂ ।

ਕੁਝ ਆਨਰੇਬਲ ਮੈਂਬਰਾਂ ਨੇ ਪੁਛਿਆ ਕਿ ਤੁਸੀ ਦੌਰੇ ਕਿਉਂ ਕਰਦੇ ਹੋ ? ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਉਨ੍ਹਾਂ ਨੂੰ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਜ਼ਾਤੀ ਲੋੜਾਂ ਪੂਰੀਆਂ ਕਰਨ ਲਈ ਤਾਂ ਦੌਰੇ ਨਹੀਂ ਕਰਦੇ । ਦੌਰੇ ਵਿਚ ਇਕ ਨਹੀਂ, ਦਰਅਸਲ

[ਵਿਕਾਸ ਮੰਤੀ]

ਬਲਕਿ ਸੈਂਕੜੇ ਆਦਮੀ ਸਾਨੂੰ ਮਿਲਣ ਆਉਂਦੇ ਹਨ। ਉਨ੍ਹਾਂ ਮੁਲਾਕਾਤਾਂ ਦਾ ਫਾਇਦਾ ਇਹ ਹੁੰਦਾ ਹੈ ਕਿ ਅਸੀਂ ਲੋਕਾਂ ਦੀ ਹਰ ਇਕ ਗਲ ਦੀ ਤੱਸਲੀ ਕਰਾ ਦਿੰਦੇ ਹਾਂ। ਮੈਂ ਤਾਂ ਜਿਥੋਂ ਤਿਕਨ ਕਹਾਂਗਾ ਕਿ ਇਨ੍ਹਾਂ ਦੌਰਿਆਂ ਨੇ ਹੀ ਤਾਂ ਸਾਡੇ ਪੰਜਾਬ ਦਾ ਨਾਓ ਉੱਚਾ ਕੀਤਾ ਹੈ। ਕਿਓਂ ਜੋ ਇਨ੍ਹਾਂ ਦੌਰਿਆਂ ਤੇ ਜਾ ਕੇ ਹੀ ਤਾਂ ਸਾਨੂੰ ਆਪਣੇ ਸੂਬੇ ਦੀ ਅਸਲੀ ਹਾਲਤ ਦਾ ਪਤਾ ਲੱਗਾ ਸੀ ਜਿਸ ਨੂੰ ਸਧਾਰਨ ਲਈ ਅਸੀਂ ਹੁਣ ਸਿਰ ਤੋੜ ਕੋਸ਼ਿਸ਼ ਕਰ ਰਹੇ ਹਾਂ।

ਮੈਂ ਅਪਣੇ ਸਾਥੀ ਪੰਡਿਤ ਸ਼੍ਰੀ ਰਾਮ ਸ਼ਰਮਾ ਜੀ ਦੀ ਇਕ ਗਲ ਸੁਣਕੇ ਬੜਾ ਖੁਸ਼ ਹੋਇਆ ਹਾਂ। ਜਦੋਂ ਉਨ੍ਹਾਂ ਇਹ ਆਖਿਆ ਕਿ ਅਸੀਂ ਇਸ ਹਾਊਸ ਵਿਚ ਨੀਵਿਆਂ ਨੀਵਿਆਂ ਗੱਲਾਂ ਨਹੀ ਕਰਾਂਗੇ। ਮੈਂ ਚਾਹੁੰਦਾ ਸਾਂ ਕਿ ਇਹ ਗਲ ਉਨ੍ਹਾਂ ਦੀ ਬਜਾਏ ਸਰਦਾਰ ਗੋਪਾਲ ਸਿੰਘ ਵਲੋਂ ਕਹੀ ਜਾਂਦੀ ਜਿਹੜੇ ਕੇ ਅਪੋਜ਼ੀਸ਼ਨ (Opposition) ਦੇ ਲੀਡਰ ਹਨ। ਪਰ ਜਦੋਂ ਉਨ੍ਹਾਂ ਦੇ ਅਪੋਜ਼ੀਸ਼ਨ ਵਲੋਂ ਬੜੇ ਨਿਓਂ ਕੇ ਇਹ ਗਲ ਕਹੀ ਤਾਂ ਇਸ ਤੋਂ ਵਧ ਹੋਰ ਚੰਗੀ ਚੀਜ਼ ਕੀ ਹੋ ਸਕਦੀ ਹੈ। ਸ਼ਪੀਕਰ ਸਾਹਿਬ, ਸਚਮੁਚ ਇਸ ਹਾਊਸ ਦਾ ਸਿਰ ਬੜਾ ਉੱਚਾ ਹੋਵੇਗਾ ਜੇ ਕੋਈ ਵੀ ਇਹੋ ਜਿਹੀ ਗੱਲ ਇਥੇ ਕੀਤੀ ਨ ਜਾਵੇ ਜਿਹੜੀ ਬੇ ਬੁਨਿਆਦ ਅਤੇ ਨੀਵੇਂ ਦਰਜੇ ਦੀ ਹੋਵੇ।

ਮੈਂ ਇਕ ਗਲ ਹੋਰ ਕਹਿਨੀ ਚਾਹੁੰਦਾ ਹਾਂ। ਪੰਡਿਤ ਸ਼੍ਰੀ ਰਾਮ ਜੀ ਨੇ ਇਹ ਕਿਹਾ ਕਿ ਉਨ੍ਹਾਂ ਨੇ ਅਜੇ ਤਿਕਨ ਲੋਕਾਂ ਵਿਚ ਓਹ ਜੋਸ਼ ਨਹੀਂ ਵੇਖਿਆ ਜਿਹੜਾ ਕਿ self-help ਦੇ ਖੇਤਰ ਵਿਚ ਪੈਦਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਦੋ ਤਿੰਨ ਲਫ਼ਜ਼ ਬੋਲੇ ਅਤੇ ਕਿਹਾ ਕਿ ਲੋਕਾਂ ਨੂੰ ਡਰਾ ਕੇ, ਲਾਲਚ ਦੇ ਕੇ, ਜਬਰਦਸਤੀ ਅਤੇ ਵਰਗਲਾ ਕੇ ਉਨ੍ਹਾਂ ਕੋਲੋਂ ਕੱਮ ਲਿਆ ਜਾਂਦਾ ਹੈ, ਇਹ ਗਲ, ਸਪੀਕਰ ਸਾਹਿਬ, ਉਨ੍ਹਾਂ ਨੂੰ ਕਹਿਣੀ ਸ਼ੋਭਾ ਨਹੀਂ ਦਿੰਦੀ ਇਸ ਪੁਰ ਮੈਂ ਬਹੁਤ ਕੁਝ ਨਹੀਂ ਕਹਿਣਾ ਚਾਹੁੰਦਾ। ਹਜ਼ਾਰਾਂ ਮੀਲ ਸੜਕ ਲੋਕਾਂ ਨੇ ਸਰਕਾਰ ਦੇ ਪੈਸੇ ਅਤੇ self-help ਨਾਲ ਬਨਾਈਆਂ ਹਨ। ਕੀ ਇਹ ਮੰਨਨਯੋਗ ਗਲ ਹੈ ਕਿ ਉਨ੍ਹਾਂ ਲੋਕਾਂ ਨੂੰ ਲਾਲਚ ਦਿੱਤਾ ਗਿਆ ਸੀ ਬਾਕੀ ਉਨ੍ਹਾਂ ਨੇ ਕਿਹਾ ਕਿ ਵਰਗਲਾ ਕੇ ਕੀਤਾ। ਵਰਗਲਾ ਕੇ ਨਾ ਕਰਦੇ ਤਾਂ ਹੋਰ ਕਿਵੇ ਕਰਦੇਂ ? ਆਖਿਰ, ਸਪੀਕਰ ਸਾਹਿਬ, ਲਫ਼ਜ "ਵਰਗਲਾ" ਦਾ ਉਹੀ ਮੈਨਾ ਹੈ ਜਿਸਨੂੰ ਕਿ ਅੰਗਰੇਜ਼ੀ ਵਿਚ "persuasion" ਕਹਿੰਦੇ ਹਨ। ਤਾਂ, ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਲੋਕਾਂ ਨੂੰ ਉਨ੍ਹਾਂ ਦੀ ਅਪਣੀ ਜਾਗਰਿਤੀ ਲਈ ਕਿਉਂ ਨਾ persuade ਕੀਤਾ ਜਾਵੇ ਉਨ੍ਹਾਂ ਨੂੰ ਕਿਉਂ ਨਾ incentive ਆਪਣੀ ਤਰੱਕੀ ਲਈ ਕੰਮ ਕਰਨ ਵਾਸਤੇ ਦਿਤਾ ਜਾਵੇ ? ਕੀਹ ਉਨ੍ਹਾਂ ਨੂੰ competitions ਵਿਚ ਲਿਆਉਨ ਲਈ ਇਨਾਮਾਂ ਦਾ ਫੈਸਲਾ ਕਰਨਾ ਮਾੜੀ ਗਲ ਹੈ ? ਇਸ ਲਈ, ਸਪੀਕਰ ਸਾਹਿਬ, ਇਨ੍ਹਾਂ ਦੇ ਤਿੰਨਾਂ ਲਫਜਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਕੁਝ ਹੋਰ ਈ ਚੀਜ਼ ਹੈ ਜਿਸਨੂੰ ਉਹ ਅਸਲ ਵਿਚ ਬਾਹਰ ਨਿਕਲਨ ਤੋਂ ਰੋਕਨਾ ਚਾਹੁੰਦੇ ਸਨ ਪਰ ਇਹ ਕੁਦਰਤੀ ਗਲ ਹੈ ਕਿ ਸਚਾਈ ਨੂੰ ਛੁਪਾਇਆ ਨਹੀ ਜਾ ਸਕਦਾ। ਫੇਰ, ਸਪੀਕਰ ਸਾਹਿਬ, ਇਕ ਮਿੰਟ ਲਈ ਇਹ ਮੰਨ ਵੀ ਲਿਆ ਜਾਵੇ ਕਿ ਸਰਕਾਰ ਲੋਕਾਂ ਨੂੰ ਲਾਲਚ ਦੇ ਕੇ ਹੀ ਕੰਮ ਕਰਾ ਰਹੀ ਹੈ। ਪਰ ਇਹ ਤਾਂ ਕੋਈ ਨਹੀ ਕਹਿ ਸਕਦਾ ਕਿ ਸਰਕਾਰ ਕੋਈ ਕੰਮ ਹੀ ਨਹੀਂ ਕਰ ਰਹੀ ? ਸਰਕਾਰ ਬੜੇ ਪਿਆਰ ਨਾਲ ਲੋਕਾਂ ਨੂੰ ਕੰਮ ਵਿਚ ਲਗਾ ਰਹੀ ਹੈ ਬੇਗਾਰ ਦੇ ਤਰੀਕਿਆਂ ਨਾਲ ਨਹੀਂ। ਮੈਂ ਪੁਛਦਾ ਹਾਂ ਕਿ ਕੀ ਲੋਕਾਂ ਨੂੰ ਤਰੱਕੀ ਵਲ ਲੇ ਜਾਣਾ ਕੋਈ ਔਗਣ ਹੈ ?

ਸਪੀਕਰ ਸਾਹਿਬ, ਅਸੀਂ ਇਹ ਚਾਹੁੰਦੇ ਹਾਂ ਕਿ ਭਾਵੇਂ ਇਕ ਦੋ ਸਾਲ ਜ਼ਿਆਦਾ ਲਗ ਜਾਣ, ਪਰ ਸਾਡੀ ਇਹ ਇਛਿਆ ਹੈ ਕਿ ਸਾਡੇ ਸੂਬੇ ਦੀਆਂ ਨੀਹਾਂ ਬੜੀਆਂ ਮਜ਼ਬੂਤ ਤੇ ਪੱਕੀਆਂ ਹੋਣ। ਇਹ ਠੀਕ ਹੈ ਕਿ ਅਜਕਲ ਵੀ ਕਈ ਲੋਕਾਂ ਨੂੰ ਵਿਦੇਸ਼ੀ ਰਾਜ ਦੀ ਤਰ੍ਹਾਂ ਸਰਕਾਰ ਦੀ ਬਿਲਾਵਜਾਹ ਨੁਕਤਾਚੀਨੀ ਕਰਣ ਦੀ ਆਦਤ ਹੈ, ਪਰ ਇਹ ਖੁਸ਼ੀ ਦੀ ਗਲ ਹੈ ਕਿ ਲੋਕੀਂ ਹੁਣ ਨੁਕਤਾਚੀਨੀ ਦੀ ਅਹਿਮੀਅਤ ਨੂੰ ਸਮਝਕੇ constructive criticism ਵਲ ਧਿਆਨ ਦੇਣ ਲਗ ਪਏ ਹਨ। ਮੇਰੇ ਭਰਾਵਾਂ ਨੂੰ ਵੀ ਇਸ ਗੱਲ ਦਾ ਧਿਆਨ ਕਰ ਲੈਣਾ ਚਾਹੀਦਾ ਹੈ ਕਿ ਕੇਵਲ ਉਸਾਰੂ ਅਤੇ ਨਿੱਗਰ ਨੁਕਤਾਚੀਨੀ ਹੀ ਮੁਲਕ ਦਾ ਫ਼ਾਇਦਾ ਕਰ ਸਕਦੀ ਹੈ। ਜਨਤਾ ਦੀ ਵੀ ਅਸਲੀ ਭਲਾਈ ਇਸੇ ਚੀਜ਼ ਵਿਚ ਹੈ। ਇਸ ਲਈ ਜੇ ਸਾਡੇ ਅਪੋਜ਼ੀਸ਼ਨ ਦੇ ਵੀਰ ਇਸ ਨੁਕਤਾ ਨਿਗਾਹ ਨਾਲ ਸਰਕਾਰ ਦੇ actions ਤੇ ਟੀਕਾ-ਟਿੱਪਣੀ ਕਰਨਗੇ ਤਾਂ ਉਹ ਪੰਜਾਬ ਲਈ ਸਚਮੁਚ ਇਹ ਮਿਸਾਲ ਕਾਇਮ ਕਰਨਗੇ।

ਹਾਂ, ਪਰਧਾਨ ਜੀ, ਮੈਂ self-help ਬਾਰੇ ਗੱਲ ਕਰ ਰਿਹਾ ਸੀ। ਮੇਰੇ ਪਾਸ facts and figures ਨਹੀ ਵਰਨਾ ਮੈਂ ਆਪਣੇ ਇਸ ਵੀਰ ਨੂੰ ਦਸਦਾ ਕਿ Community Projects ਵਿਚ ਲੋਕਾਂ ਨੇ self-help ਰਾਹੀਂ ਕੀ ਕੁਝ ਕੀਤਾ ਹੈ। ਫਿਰ ਵੀ National Extension Scheme ਬਾਰੇ ਜਿਹੜੇ facts and figures ਸਾਡੇ ਫਾਈਨੈਂਸ ਮਨਿਸਟਰ ਸਾਹਿਬ (Finance Minister) ਨੇ ਦਿਤੇ ਹਨ ਉਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ 80 ਲਖ ਰੁਪਿਆ ਲੋਕਾਂ ਨੇ ਇਨ੍ਹਾਂ ਪਿੰਡਾਂ ਵਿਚ ਆਪਣੇ ਕੋਲੋਂ ਦਿਤਾ ਹੈ (*cheers*) ਸਪੀਕਰ ਸਾਹਿਬ, ਉਸ ਵੇਲੇ ਦੇ ਗੋਰੇ ਵੀ ਬੈਠੇ ਸੁਣ ਰਹੇ ਸਨ। ਉਹ ਵੀ ਇਹ ਗਲ ਸੁਣਕੇ ਬੜੇ ਹੈਰਾਨ ਹੋਏ ਕਿ 80 ਲਖ ਰੁਪਿਆ ਉਸ ਦੇਸ ਦੇ ਲੋਕਾਂ ਨੇ ਆਪਣੇ ਕੋਲੋਂ ਦਿਤਾ ਜਿਸ ਵਿਚ ਇਸ ਵੇਲੇ ਭੁਖ ਨੰਗ ਅਤੇ ਗ਼ਰੀਬੀ ਹੈ।

ਸਪੀਕਰ ਸਾਹਿਬ, ਮੈਂ ਬੜੇ ਫ਼ਖ਼ਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਹਕੂਮਤ ਦੀ ਬਾਗ਼ ਡੋਰ ਇਸ ਵੇਲੇ ਸਾਡੇ ਸਾਥੀ ਸ਼੍ਰੀ ਭੀਮ ਸੈਨ ਸੱਚਰ ਦੇ ਹੱਥ ਵਿਚ ਹੈ। ਸਾਡਾ ਪੰਜਾਬ ਇਸ ਹਕੂਮਤ ਦੇ ਰਾਜ ਵਿਚ ਯਕੀਨਨ ਤਰੱਕੀ ਵਲ ਜਾ ਰਿਹਾ ਹੈ। ਪਰ ਜੋ ਕੁਝ ਸਰਦਾਰ ਅਜਮੇਰ ਸਿੰਘ ਨੇ ਕਿਹਾ ਹੈ ਉਸ ਵਿਚ ਕੋਈ ਸਚਾਈ ਨਹੀਂ ਫਿਰ ਵੀ ਜਿਹੜੇ ਅਫ਼ਸਰ ਕੁਝ ਆਨਰੇਬਲ ਮਨਿਸਟਰਾਂ ਨਾਲ ਰਲਕੇ ਗੜਬੜ ਕਰਦੇ ਹਨ........।

ਸ਼੍ਰੀ ਵਧਾਵਾ ਰਾਮ : 'ਆਨਰੇਬਲ ਮਨਿਸਟਰ' ਨਾਲ ਰਲਕੇ ?

ਵਿਕਾਸ ਮੰਤ੍ਰੀ : ਨਹੀਂ ਨਹੀਂ, ਮੇਰਾ ਮਤਲਬ ਹੈ ਕਿ ਜਿਹੜੇ ਕੁਝ ਆਨਰੇਬਲ ਮੈਂਬਰਾਂ ਨਾਲ ਮਿਲਕੇ ਗੜਬੜ ਕਰਦੇ ਹਨ, ਉਨ੍ਹਾਂ ਨੂੰ ਆਪਣੀ duty ਤੋਂ ਅਨਗਹਿਲੀ ਕਰਨ ਦੀ ਪੂਰੀ ਸਜ਼ਾ ਦਿਤੀ ਜਾਵੇਗੀ ਅਤੇ ਕੋਈ irregularity ਮੈਂ ਆਪਣੇ ਇਸ ਮਹਿਕਮੇ ਵਿਚ ਨਹੀਂ ਹੋਣ ਦਿਆਂਗਾ। ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ ਕੋਈ ਵੀ ਇਸ ਤਰਾਂ ਕੰਮ ਨ ਹੋਵੇ ਜਿਹੜਾ ਕਿ ਸਾਡੇ ਪੰਜਾਬ ਦੀ ਤਰੱਕੀ ਵਿਚ ਰੋੜਾ ਅਟਕਾਏ।

ਸਰਦਾਰ ਅੱਛਰ ਸਿੰਘ ਛੀਨਾ (ਅਜਨਾਲਾ) : ਪ੍ਰਧਾਨ ਜੀ, ਸਰਕਾਰੀ ਬੈਂਚਾਂ ਦੇ ਮੈਂਬਰਾਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਅਪੋਜ਼ੀਸ਼ਨ ਦੇ ਮੈਂਬਰ ਕੇਵਲ opposition ਦੀ ਖ਼ਾਤਰ opposition ਕਰਦੇ ਹਨ। ਉਹ ਜਦੋਂ ਸਰਕਾਰ ਦੀ ਪਰਸੰਸਾ ਕਰਦੇ ਹਨ ਤਾਂ ਕਹਿੰਦੇ ਹਨ ਕਿ ਇਸ ਸਰਕਾਰ ਨੇ ਉਹ ਕੰਮ ਕੀਤਾ ਜਿਹੜਾ ਸਾਰੇ ਹਿੰਦੁਸਤਾਨ ਵਿਚ ਕਿਸੇ ਨਾ ਕੀਤਾ ਹੋਵੇ। ਪਰ ਜਦੋਂ ਪਰਧਾਨ ਜੀ ਟੱਲੀ ਮਾਰਦੇ ਹਨ ਤਾਂ ਉਦੋਂ ਇਹ ਕਹਿੰਦੇ ਹਨ ਕਿ

[ਸਰਦਾਰ ਅੱਛਰ ਸਿੰਘ ਛੀਨਾ]

ਸਾਡੇ ਜ਼ਿਲੇ ਲਈ ਕੋਈ ਵੀ ਚੰਗੀ ਗਲ ਨਹੀਂ ਕੀਤੀ ਗਈ । ਜਦੋਂ ਅੰਬਾਲਾ ਡਿਵੀਯਨ ਦੇ ਮੈਂਬਰ ਬੋਲਦੇ ਹਨ ਤਾਂ ਕਹਿੰਦੇ ਹਨ ਕਿ ਜਲੰਧਰ ਡਿਵੀਯਨ ਵਲ ਹੀ ਸਭ ਕੁਝ ਕੀਤਾ ਗਿਆ ਹੈ; ਅੰਬਾਲੇ ਲਈ ਕੁਝ ਨਹੀਂ ਅਤੇ ਜਦੋਂ ਜਲੰਧਰ ਵਾਲੇ ਬੋਲਦੇ ਹਨ ਤਾਂ ਇਸਤੋਂ ਉਲਟ ਹੀ ਕਹਿੰਦੇ ਹਨ । ਇਸੇ ਤਰ੍ਹਾਂ ਸ਼੍ਰੀ ਰਾਮ ਕਿਸ਼ਨ ਜੀ ਨੇ ਪਹਿਲਾਂ ਤਾਂ ਖੂਬ ਚੰਗੀ ਤਰ੍ਹਾਂ ਸਰਕਾਰ ਦੀ ਪਰਸੰਸਾ ਕੀਤੀ ਪਰ ਜਦੋਂ ਆਪਣੇ ਜ਼ਿਲੇ ਦੀ ਗਲ ਕਰਨੀ ਸ਼ੁਰੂ ਕੀਤੀ ਤਾਂ ਕਹਿਣ ਲਗੇ ਕਿ ਜਲੰਧਰ ਸ਼ਹਿਰ ਨੂੰ ਤਾਂ ਕੋਈ ਹਿੱਸਾ ਇਸ ਬਜਟ ਵਿਚੋਂ ਨਹੀਂ ਮਿਲਿਆ । ਇਸੇ ਤਰ੍ਹਾਂ ਜਿਸ ਨੇ ਵੀ ਸਰਕਾਰ ਦੀ ਤਾਰੀਫ਼ ਕੀਤੀ ਹੈ ਆਪਣੀ ਤਕਰੀਰ ਖਤਮ ਹੋਣ ਵੇਲੇ ਸਰਕਾਰ ਦੀ ਪਾਲਿਸੀ ਤੇ ਰੋਸ ਹੀ ਪਰਗਟ ਕੀਤਾ ਹੈ ।

ਫਿਰ, ਪਰਧਾਨ ਜੀ, ਸੂਬੇ ਦੀ ਨਜ਼ਮੋਨਸਕ ਵਲ ਤਾਂ ਕੋਈ ਖਿਆਲ ਹੀ ਨਹੀਂ । ਉਸ ਨੂੰ ਤਾਂ ਦੂਜੇ ਦਰਜੇ ਪੁਰ ਰਖਿਆ ਗਿਆ ਹੈ । ਕਹਿੰਦੇ ਹਨ ਕਿ ਜ਼ਿਆਦਾਤਰ ਅਸੀਂ ਆਪਣਾ ਧਿਆਨ ਸੂਬੇ ਦੀ ਤਰੱਕੀ ਅਤੇ development ਪੁਰ ਲਗਾ ਰਹੇ ਹਾਂ । ਸਪੀਕਰ ਸਾਹਿਬ, law and order ਦੀ ਕੀ ਹਾਲਤ ਹੈ ? ਇਸ ਬਾਰੇ ਵੀ ਮੈਂ ਆਪ ਦੇ ਸਾਹਮਣੇ ਕੁਝ ਗੱਲਾਂ ਰਖਣਾ ਚਾਹੁੰਦਾ ਹਾਂ । ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਕੁਝ ਐਮ. ਐਲ. ਏ. ਤੇ ਅਸੀਂ ਇਕ ਬਸ ਤੇ ਚੜ੍ਹ ਕੇ ਜਾ ਰਹੇ ਸਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਉਥੇ ਜਾ ਕੇ ਵੇਖਣ ਕਿ ਕਿਸ ਤਰ੍ਹਾਂ ਨਾਲ ਮੁਜ਼ਾਰੇ ਮੁਜ਼ਾਹਿਰਾ ਕਰ ਰਹੇ ਹਨ । ਉਸ ਮੁਜ਼ਾਹਰੇ ਵਿਚ ਘਟੋ ਘਟ 5 ਹਜ਼ਾਰ ਮੁਜ਼ਾਰਾ ਸ਼ਾਮਿਲ ਸੀ । ਜੇਕਰ ਉਹ ਇਸ ਮੁਜ਼ਾਹਰੇ ਨੂੰ ਵੇਖਦੇ ਤਾਂ ਉਨ੍ਹਾਂ ਨੂੰ ਆਪਣੇ ਆਪ ਹਾਲਾਤ ਦਾ ਪਤਾ ਲਗ ਜਾਂਦਾ ਕਿ ਕਿਸ ਤਰ੍ਹਾਂ ਨਾਲ law and order ਉਥੇ ਚਲ ਰਿਹਾ ਹੈ ਅਤੇ ਕਿਸ ਤਰ੍ਹਾਂ ਨਾਲ ਉਨ੍ਹਾਂ ਦੀ ਤਰੱਕੀ ਕੀਤੀ ਜਾ ਰਹੀ ਹੈ । ਮਈ ਤੇ ਜੂਨ ਦੇ ਮਹੀਨਿਆਂ ਵਿਚ ਉਨ੍ਹਾਂ ਦੀਆਂ ਬੇਦਖ਼ਲੀਆਂ ਹੋ ਜਾਣਗੀਆਂ । ਉਨ੍ਹਾਂ ਉਤੇ ਤਿੰਨਾਂ ਪਾਸਿਓਂ ਜ਼ੋਰ ਪਾਇਆ ਜਾ ਰਿਹਾ ਹੈ । ਇਕ ਡਿਪਟੀ ਕਮਿਸ਼ਨਰ ਵਲੋਂ ਦੂਜੇ ਮਾਲ ਅਫਸਰ ਵਲੋਂ ਅਤੇ ਤੀਜੇ ਪੁਲਿਸ ਵਾਲਿਆਂ ਵਲੋਂ । ਮੈਂ ਦੇਖਿਆ ਹੈ ਕਿ ਪੁਲਿਸ ਸਟੇਸ਼ਨ ਨਰੋਟ ਜੈਮਲ ਸਿੰਘ ਦਾ ਥਾਨੇਦਾਰ ਜਗਦੇਵ ਸਿੰਘ ਇਕ ਇਕ ਮੁਜ਼ਾਰੇ ਨੂੰ ਬੁਲਾ ਲੈਂਦਾ ਹੈ ਅਤੇ ਤੰਗ ਕਰਕੇ ਮਜਬੂਰ ਕਰਦਾ ਹੈ ਕਿ ਉਹ ਜਾਗੀਰਦਾਰਾਂ ਨਾਲ ਸਮਝੌਤਾ ਕਰ ਲੈਣ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਨਾਲ ਮਾਲਕਾਂ ਤੇ ਮੁਜ਼ਾਰਿਆਂ ਵਿਚ ਸਮਝੌਤੇ ਕਰਾਏ ਜਾ ਰਹੇ ਹਨ । ਜਿਸ ਤਰ੍ਹਾਂ ਨਰੋਟ ਜੈਮਲ ਸਿੰਘ ਦਾ ਥਾਨੇਦਾਰ ਕਰਾ ਰਿਹਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਮਾਨਯੋਗ ਵਜ਼ੀਰ ਜਿਹੜੇ ਪਿੰਡਾਂ ਦੇ ਰਹਿਣ ਵਾਲੇ ਹਨ ਇਹ ਸਭ ਕੁਝ ਜਾਣਦੇ ਹੋਇਆਂ ਵੀ ਕਹਿੰਦੇ ਨੇ ਕਿ ਉਨ੍ਹਾਂ ਦੇ ਆਪਸ ਵਿਚ ਸਮਝੌਤੇ ਕਰਾ ਰਹੇ ਹਾਂ । ਇਸ ਤਰ੍ਹਾਂ ਨਾਲ ਮੈਂ ਵੇਖਦਾ ਹਾਂ ਕਿ ਮਾੜੇ ਧੜੇ ਨੂੰ ਹੋਰ ਪਾਮਾਲ ਕਰਣ ਲਈ ਪੁਲਿਸ ਵਰਤੀ ਜਾ ਰਹੀ ਹੈ । ਇਸ ਦੇ ਉਪਰਾਂਤ ਜਿਥੇ ਮੁਜ਼ਾਹਰੇ ਹੋ ਰਹੇ ਧੱਕੇ ਦੇ ਵਿਰੁਧ ਮੁਜ਼ਾਹਿਰੇ ਕਰਨ ਤਾਂ ਉਥੇ ਡਿਪਟੀ ਕਮਿਸ਼ਨਰ ਅਤੇ ਮਾਲ ਅਫਸਰ ਦਫ਼ਾ 107 ਲਾ ਦਿੰਦੇ ਹਨ । ਇਥੇ ਹੀ ਬਸ ਨਹੀਂ ਸਗੋਂ ਉਥੇ Special Magistrate ਭੇਜ ਕੇ ਉਨ੍ਹਾਂ ਲੋਕਾਂ ਨੂੰ ਦਬਾਇਆ ਜਾਂਦਾ ਹੈ । ਮਾਨਯੋਗ ਸਪੀਕਰ ਸਾਹਿਬ, ਅਸੀਂ ਪਹਿਲਾਂ ਕਈ ਵਾਰੀ ਸਰਕਾਰ ਕੋਲੋਂ ਇਹ ਮੰਗ ਕਰ ਚੁਕੇ ਹਾਂ ਕਿ ਉਹ Executive ਤੇ Judiciary ਨੂੰ ਅਲੱਗ ਅਲੱਗ ਕਰ ਦੇਵੇ ਤਾਕਿ ਇਨ੍ਹਾਂ ਲੋਕਾਂ ਨਾਲ ਇਨਸਾਫ਼ ਤਾਂ ਹੋਵੇ । ਮੈਂ ਇਹ ਵੀ ਮੰਗ ਕਰਦਾ ਹਾਂ ਕਿ Security of Land Tenures Act ਵਿਚ ਬੜੀਆਂ ਖ਼ਾਮੀਆਂ ਨੇ ਫਿਰ ਵੀ Executive ਤੇ Judiciary ਨੂੰ ਅਲੱਗ ਅਲੱਗ ਕਰਕੇ ਇਸ

ਨੂੰ ਠੀਕ ਤਰ੍ਹਾਂ ਨਾਲ ਲਾਗੂ ਕੀਤਾ ਜਾਵੇ। ਇਸ ਵੇਲੇ Deputy Commissioners ਅਤੇ ਮਾਲ ਅਫਸਰ ਮਿਲਕੇ Law and Order ਦੀ ਮਿਟੀ ਪਲੀਦ ਕਰ ਰਹੇ ਹਨ।

ਪ੍ਰਧਾਨ ਜੀ, ਮੈਂ ਨਾਲ ਹੀ ਹਾਉਸ ਨੂੰ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਸਾਡੇ ਕਈ ਵਾਰੀ ਕਹਿਣ ਦੇ ਪਿਛੋਂ ਕਿ Executive ਅਤੇ Judiciary ਨੂੰ ਅਲਗ ਅਲਗ ਕਰ ਦਿਤਾ ਜਾਵੇ ਇਸ ਸਾਲ ਸਾਡੇ ਵਡੇ ਮੰਤਰੀ ਨੇ ਇਹ ਕਹਿ ਦਿਤਾ ਹੈ ਕਿ ਉਹ ਇਨ੍ਹਾਂ ਨੂੰ ਅੱਡ ਅੱਡ ਕਰਨ ਦਾ ਤਜਰਬਾ ਕਰ ਰਹੇ ਹਨ। ਪਰ ਇਹ ਤਜਰਬਾ ਕਿਸ ਤਰ੍ਹਾਂ ਦਾ ਹੋਣ ਲਗਾ ਹੈ ਮੈਂ ਅਰਜ਼ ਕਰਦਾ ਹਾਂ ਕਿ ਤਜਰਬਾ ਕਰਨ ਵੇਲੇ ਪਹਿਲਾਂ ਅੱਡ ਅੱਡ ਚੀਜ਼ਾਂ ਨਿਸ਼ਚਿਤ ਕਰ ਲਈਆਂ ਜਾਂਦੀਆਂ ਹਨ ਪਰ ਇਨ੍ਹਾਂ ਕੁਝ ਨਹੀਂ ਕੀਤਾ। ਇਨ੍ਹਾਂ ਇਹ ਕੀਤਾ ਹੈ ਕਿ ਇਨਸਾਫ ਕਰਨ ਵਾਲੇ ਸਾਰੇ ਮੈਜਿਸਟਰੇਟ Additional District Magistrate ਦੇ ਥਲੇ ਕਰ ਦਿਤੇ ਗਏ ਹਨ ਪਰ Additional District Magistrate Deputy Commissioner ਦੇ ਥੋੜਾ ਜਿਹਾ ਥਲੇ ਹੋਵੇਗਾ ਅਤੇ executive ਦਾ ਵੀ ਅੰਗ ਹੋਵੇਗਾ। ਨਾਲ ਹੀ Posecuting Branch Deputy Commissioner ਦੇ ਮਾਤਹਿਤ ਹੋਵੇਗੀ। ਮੈਂ ਹੈਰਾਨ ਹਾਂ ਕਿ ਇਹ ਸਾਰੀਆਂ ਚੀਜ਼ਾ ਨਾਲ ਮਿਲਾ ਕੇ ਇਹ ਕੰਮ ਕਿਸ ਤਰ੍ਹਾਂ ਰਾਸ ਆਵੇਗਾ ਜਦ ਕਿ ਸਾਰੀਆਂ ਚੀਜ਼ਾਂ ਨੂੰ ਅਲੱਗ ਅਲੱਗ ਤਾਂ ਕੀਤਾ ਹੀ ਨਹੀਂ। ਇਨ੍ਹਾਂ ਨੂੰ ਅਲੱਗ ਅਲੱਗ ਕਰਨ ਲਈ ਜੋ ਕੁਝ ਕਾਰਵਾਈ ਕੀਤੀ ਗਈ ਹੈ ਉਹ ਵੀ ਅਧੂਰੀ ਹੀ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਤਰ੍ਹਾਂ ਅਧੂਰੇ ਤਰੀਕੇ ਨਾਲ Executive ਤੇ Judiciary ਅਲੱਗ ਅਲੱਗ ਕੀਤਾ ਜਾਇਗਾ ਤੇ ਜਦੋਂ ਇਹ ਪ੍ਰਬੰਧ ਠੀਕ ਨਹੀਂ ਚਲ ਸਕੇਗਾ ਤਾਂ ਇਹ ਕਹਿ ਦੇਣਗੇ ਕਿ ਇਹ ਅਲੱਗ ਅਲੱਗ ਚੰਗੀ ਤਰ੍ਹਾਂ ਨਹੀਂ ਚਲ ਸਕਦੇ ਤੇ ਨਤੀਜਾ ਇਹ ਹੋਵੇਗਾ ਕਿ ਫਿਰ ਇਨ੍ਹਾਂ ਨੂੰ ਇਕੱਠਾ ਕਰ ਦਿਤਾ ਜਾਵੇਗਾ। ਸਪੀਕਰ ਸਾਹਿਬ, ਚਾਹੀਦਾ ਤਾਂ ਇਹ ਸੀ ਕਿ ਜਿਥੇ ਜਿਥੇ ਇਹ ਤਜਰਬਾ ਕੀਤਾ ਜਾ ਰਿਹਾ ਹੈ ਉਥੇ ਉਥੇ Executive ਨੂੰ Judiciary ਤੋਂ ਬਿਲਕੁਲ ਅਲਗ ਕੀਤਾ ਜਾਂਦਾ। ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜੀ proposal ਕੀਤੀ ਗਈ ਹੈ ਇਹ ਬਿਲਕੁਲ ਅਧੂਰੀ ਅਤੇ ਨਾਮੁਕੰਮਲ ਹੈ। ਇਸ ਵਾਸਤੇ ਸਾਡਾ ਨਜ਼ਮੋਨਸੱਕ ਉਦੋਂ ਤਕ ਚੰਗੀ ਤਰ੍ਹਾਂ ਨਹੀਂ ਚਲ ਸਕਦਾ ਜਦੋਂ ਤਕ ਇਹ ਦੋਵੇਂ Branches ਅਲੱਗ ਅਲੱਗ ਨਹੀਂ ਹੋ ਜਾਂਦੀਆਂ। ਪ੍ਰਧਾਨ ਜੀ, ਰੋਹਤਕ ਦੇ ਹਾਲਾਤ ਦੇਖ ਕੇ ਤੇ ਪੰਜਾਬ ਦੇ ਮੁਜ਼ਾਰਿਆਂ ਦੀ ਦੁਰਦਸ਼ਾ ਵੇਖ ਕੇ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਨਜ਼ਮੋਨਸਕ ਦੀ ਮਿਟੀ ਪਲੀਦ ਹੋ ਰਹੀ ਹੈ। ਨਾਲ ਹੀ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ Development State ਹੈ ਅਤੇ ਨਜ਼ਮੋਨਸਕ state ਨਹੀਂ। ਜੇਕਰ ਮਾਨਯੋਗ ਮੰਤਰੀ ਇਹ ਚੀਜ਼ਾਂ ਆਪ ਵੇਖਣਾ ਚਾਹੁੰਦੇ ਨੇ ਤਾਂ ਉਹ ਸਾਡੇ ਨਾਲ State ਵਿਚ ਦੌਰਾ ਕਰਨ ਅਤੇ ਅਫਸਰਾਂ ਨੂੰ ਨਾਲ ਨ ਲੈਣ ਤਾਂ ਅਸੀਂ ਉਨ੍ਹਾਂ ਨੂੰ ਵਿਖਾ ਦਿਆਂਗੇ ਕਿ ਨਜ਼ਮੋਨਸਕ ਦੀ ਕਿੰਨੀ ਭੈੜੀ ਹਾਲਤ ਹੈ। ਉਨ੍ਹਾਂ ਨੂੰ ਪਤਾ ਲਗੇਗਾ ਕਿ ਜਿਸ administration ਉਤੇ ਉਹ ਹਜ਼ਾਰਾਂ ਰੁਪਏ ਖਰਚ ਕਰ ਰਹੇ ਹਨ, ਉਸਦਾ ਅਸਲ ਵਿਚ ਕੀ ਹਾਲ ਹੈ ਅਤੇ ਜਿਹੜੇ ਮੈਜਿਸਟਰੇਟ ਤੇ Deputy Commissioners ਹਨ ਉਹ ਆਪਣੀ ਜਮਾਤ ਦੀ ਰਾਖੀ ਕਰ ਰਹੇ ਹਨ। ਪਰੰਤੂ ਪਿਛੜੀ ਹੋਈ ਜਮਾਤ ਮਰ ਰਹੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਇਨ੍ਹਾਂ ਅਗੇ ਫਿਰ ਅਰਜ਼ ਕਰਦਾ ਹਾਂ ਕਿ ਜਿਹੜਾ ਕਾਨੂੰਨ ਮੁਜ਼ਾਰਿਆਂ ਦੀ ਰਾਖੀ ਲਈ ਬਣਿਆ ਹੋਇਆ ਹੈ ਚਾਹੇ ਉਸਦੇ ਵਿਚ ਕਈ ਤਰੁਟੀਆਂ ਹਨ ਫਿਰ ਵੀ ਉਸ ਨੂੰ ਚੰਗੀ ਤਰ੍ਹਾਂ ਲਾਗੂ ਕਰਨ ਦਾ ਪ੍ਰਬੰਧ ਕੀਤਾ ਜਾਵੇ।

